One stop shop for all your taxi needs



The Friendly Group Ltd. Chelsea Taxi Brokers

Address: 287 10 AVE 2nd Floor, New York NY 10001

Ph: 212-947-9833, 212-695-0601

40 ਸਾਲਾਂ ਤੋਂ ਭਾਈਚਾਰੇ ਦੀ ਸੇਵਾ ਵਿਚ

*Ask us about Purchase or new buyer and financing.

We are here at your service to sell and buy or insure medallions and we are in business to help our Punjabi Community since last 40 years.

All types of insurance
* Medallion transfers * Accident claims * Taxi Stand Facility available

ਟੈਕਸੀ ਮਡਾਲੀਅਨ ਖਰੀਦਣ, ਵੇਚਣ ਜਾਂ ਲੀਜ਼ 'ਤੇ ਲੈਣ ਜਾਂ ਦੇਣ ਲਈ ਸਾਡਾ ਸੁਝਵਾਨ ਤੇ ਸੁਹਿਰਦ ਸਟਾਫ਼ ਤੁਹਾਨੂੰ ਵਾਜਬ ਕੀਮਤਾਂ ਦਿਵਾਉਣ ਲਈ ਹਰ ਯਤਨ ਕਰੇਗਾ।



Twenty-Fifth Year of Publication | ਨਿਊਯਾਰਕ ਐਡੀਸ਼ਨ | Price 50¢

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ



Email:punjabtimes1@gmail.com
www.punjabtimesusa.com


# ਪੰਜਾਬ ਟਾਈਮਜ਼


Punjab Times, Vol 26, Issue 18; May 3, 2025 — 20451 N. Plum Grove Rd., Palatine, IL 60074 — Ph:847-359-0746, Fax:847-705-9388


## ਪਹਿਲਗਾਮ ਹਮਲੇ ਦਾ ਬਦਲਾ ਲੈਣ ਲਈ ਮੋਦੀ ਨੇ ਫ਼ੌਜਾਂ ਨੂੰ ਦਿੱਤੀ ਖੁੱਲ੍ਹੀ ਛੁੱਟੀ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਹਿਲਗਾਮ ਅੱਤਵਾਦੀ ਹਮਲੇ ਦੇ ਬਦਲੇ ਲਈ ਦੇਸ਼ ਦੀਆਂ ਤਿੰਨਾਂ ਫ਼ੌਜਾਂ ਨੂੰ ਖੁੱਲ੍ਹੀ ਛੋਟ ਦੇ ਦਿੱਤੀ ਹੈ। ਇਸ ਹਮਲੇ 'ਚ 26 ਬੇਕਸੂਰ ਨਾਗਰਿਕਾਂ ਦੀ ਹੱਤਿਆ ਤੋਂ ਬਾਅਦ ਦੇਸ਼ 'ਚ ਪੈਦਾ ਗੁੱਸੇ ਦਰਮਿਆਨ, ਮੰਗਲਵਾਰ ਨੂੰ ਪ੍ਰਧਾਨ ਮੰਤਰੀ ਨੇ ਰੱਖਿਆ ਮੰਤਰੀ ਰਾਜਨਾਥ ਸਿੰਘ, ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਭਾਲ, ਚੀਫ ਆਫ ਡਿਫੈਂਸ ਸਟਾਫ (ਸੀਡੀਐੱਸ) ਅਨਿਲ ਚੌਹਾਨ



ਤੇ ਤਿੰਨਾਂ ਫ਼ੌਜਾਂ ਦੇ ਮੁਖੀਆਂ ਨਾਲ ਇਕ ਉੱਚ ਪੱਧਰੀ ਬੈਠਕ ਕੀਤੀ। ਇਸ ਵਿਚ ਮੋਦੀ ਨੇ ਫ਼ੌਜੀ ਦਸਤਿਆਂ ਨੂੰ ਕਿਸੇ ਵੀ ਤਰ੍ਹਾਂ ਦੀ ਕਾਰਵਾਈ ਕਰਨ ਦੀ ਹਰੀ ਝੰਡੀ ਦੇ ਦਿੱਤੀ। ਭਾਰਤੀ ਫ਼ੌਜ ਹੁਣ ਕਾਰਵਾਈ ਦਾ ਸਮਾਂ ਤੇ ਟਾਰਗੈਟ ਆਪਣੇ ਹਿਸਾਬ ਨਾਲ ਤੈਅ ਕਰੇਗੀ। ਕੇਂਦਰ ਸਰਕਾਰ ਦੇ ਸੂਤਰਾਂ ਨੇ ਬੈਠਕ ਤੋਂ ਬਾਅਦ ਦੱਸਿਆ ਕਿ ਪ੍ਰਧਾਨ ਮੰਤਰੀ ਨੇ ਇਸ ਉੱਚ ਪੱਧਰੀ ਰਣਨੀਤਿਕ ਬੈਠਕ 'ਚ ਦੇਸ਼ ਦੀਆਂ ਫ਼ੌਜਾਂ ਦੀ ਸਮਰੱਥਾ 'ਚ ਸੰਪੂਰਨ ਭਰੋਸਾ ਪ੍ਰਗਟਾਉਂਦੇ ਹੋਏ ਕਿਹਾ ਕਿ ਅੱਤਵਾਦ ਨੂੰ ਕਰਾਰਾ ਜਵਾਬ ਦੇਣਾ ਸਾਡਾ ਦ੍ਰਿੜ੍ਹ ਰਾਸ਼ਟਰੀ ਸੰਕਲਪ ਹੈ।


*(ਬਾਕੀ ਸਫ਼ਾ 6 'ਤੇ)*


## ਕੈਨੇਡਾ 'ਚ ਚੌਥੀ ਵਾਰ ਲਿਬਰਲ ਸਰਕਾਰ




**ਓਟਾਵਾ:** ਕੈਨੇਡਾ 'ਚ 45ਵੀਆਂ ਫੈਡਰਲ ਚੋਣਾਂ ਦੇ ਨਤੀਜਿਆ 'ਚ ਕੋਈ ਵੀ ਸਿਆਸੀ ਪਾਰਟੀ ਸਪਸ਼ਟ ਬਹੁਮਤ ਹਾਸਲ ਨਹੀਂ ਕਰ ਸਕੀ। ਇਨ੍ਹਾਂ ਚੋਣਾਂ 'ਚ ਲਿਬਰਲ ਪਾਰਟੀ 168 ਸੀਟਾਂ ਜਿੱਤ ਕੇ ਹੁਣ ਤੱਕ ਦੀ ਸਭ ਤੋਂ ਵੱਡੀ ਪਾਰਟੀ ਬਣ ਕੇ ਉਭਰੀ ਹੈ। ਹਾਲਾਂਕਿ ਸਪਸ਼ਟ ਬਹੁਮਤ ਲਈ ਕੁੱਲ 343 ਸੀਟਾਂ 'ਚੋਂ 172 ਸੀਟਾਂ ਚਾਹੀਦੀਆ ਸਨ। ਦੂਜੇ ਪਾਸੇ ਕੰਜ਼ਰਵੇਟਿਵ ਪਾਰਟੀ ਨੇ 144 ਸੀਟਾਂ ਜਿੱਤੀਆਂ ਹਨ। ਹਾਲਾਂਕਿ ਪਾਰਟੀ ਦੇ ਆਗੂ ਪੀਅਰ ਪੋਲੀਏਵ ਹਾਰ ਗਏ ਹਨ। ਇਸੇ ਤਰ੍ਹਾਂ ਬਲੌਕ ਕਿਊਬੈਕ ਨੇ 23, ਐਨਡੀਪੀ ਨੇ 7 ਤੇ ਗਰੀਨ ਪਾਰਟੀ ਨੇ ਸਿਰਫ਼ ਇਕ ਸੀਟ ਹੀ ਹਾਸਲ ਕੀਤੀ। ਇਸ ਸਥਿਤੀ 'ਚ ਸਭ ਤੋਂ ਵੱਡੀ ਪਾਰਟੀ ਬਣ ਰਹੀ ਮਾਰਕ ਕਾਰਨੀ ਦੀ ਅਗਵਾਈ ਵਾਲੀ ਲਿਬਰਲ ਪਾਰਟੀ ਚੌਥੀ ਵਾਰ ਸਰਕਾਰ ਬਣਾਉਣ ਜਾ ਰਹੀ ਹੈ। ਕਾਰਨੀ ਕੈਨੇਡਾ ਦੇ ਨਵੇਂ ਪ੍ਰਧਾਨ ਮੰਤਰੀ ਹੋਣਗੇ। ਹੁਣ ਦੇਖਣਾ ਇਹ ਹੋਵੇਗਾ ਕਿ ਮਾਰਕ ਕਾਰਨੀ ਐਨਡੀਪੀ ਦੀ ਹਮਾਇਤ ਹਾਸਲ ਕਰਦੇ ਹਨ ਜਾਂ ਬਲੌਕ ਕਿਊਬੈਕ ਦੀ। ਇਸ ਦੇ ਨਾਲ ਹੀ ਇਨ੍ਹਾਂ ਚੋਣਾਂ 'ਚ ਕੁਲ 22 ਪੰਜਾਬੀਆਂ ਨੇ ਜਿੱਤ ਹਾਸਲ ਕੀਤੀ ਹੈ। ਹਾਲਾਂਕਿ ਕੈਨੇਡਾ 'ਚ ਖ਼ਾਲਿਸਤਾਨ ਸਮਰਥਕ ਜਗਮੀਤ ਸਿੰਘ ਨੂੰ ਕਰਾਰੀ ਹਾਰ ਮਿਲੀ ਹੈ।

ਕੈਨੇਡਾ ਦੀਆਂ ਇਨ੍ਹਾਂ 45ਵੀਆਂ ਫੈਡਰਲ ਚੋਣਾਂ 'ਚ ਕੈਨੇਡੀਅਨ ਵੋਟਰਾਂ ਨੇ ਅਮਰੀਕੀ ਰਾਸ਼ਟਰਪਤੀ ਟਰੰਪ ਦੀਆਂ ਕੈਨੇਡਾ ਨੂੰ 51ਵੀਂ ਸਟੇਟ ਬਣਾਉਣ ਦੀਆਂ ਧਮਕੀਆ ਦਰਮਿਆਨ ਕੰਜ਼ਰਵੇਟਿਵ ਪਾਰਟੀ ਦੇ ਆਗੂ ਪੀਅਰ ਪੋਲੀਵਰ ਵੱਲੋਂ ਲਿਬਰਲ ਦੀ 10 ਸਾਲਾਂ ਹਕੂਮਤ ਖ਼ਿਲਾਫ ਦਿੱਤੇ ਗਏ ਤਬਦੀਲੀ ਦੇ ਸੱਦੇ ਨੂੰ ਅਣਦੇਖਾ ਕਰਦਿਆਂ ਲਿਬਰਲ ਆਗੂ ਮਾਰਕ ਕਾਰਨੀ 'ਚ ਵਧੇਰੇ ਵਿਸ਼ਵਾਸ ਪ੍ਰਗਟ ਕਰਦਿਆਂ ਉਨ੍ਹਾਂ ਨੂੰ ਮੁਲਕ ਦੀ ਅਗਵਾਈ ਕਰਨ ਦਾ ਮੌਕਾ ਦਿੱਤਾ ਹੈ। ਐਨਡੀਪੀ ਲੀਡਰ ਜਗਮੀਤ ਸਿੰਘ ਆਪਣੀ ਬਰਨਬੀ ਸੀਟ ਤੋਂ ਬੁਰੀ ਤਰ੍ਹਾਂ ਹਾਰ ਗਏ।

ਇਸ ਸੀਟ 'ਤੇ ਸਮੁੱਚੇ ਰੂਪ 'ਚ ਐੱਨਡੀਪੀ ਦੀ ਮਾੜੀ ਕਾਰਗੁਜ਼ਾਰੀ ਕਾਰਨ ਉਨ੍ਹਾਂ ਨੇ ਆਪਣੀ ਪਾਰਟੀ ਦੇ ਲੀਡਰ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ਉਨ੍ਹਾਂ ਦੀ ਥਾਂ 'ਤੇ ਹੁਣ ਪਾਰਟੀ ਵੱਲੋਂ ਐਨਡੀਪੀ ਦਾ ਨਵਾਂ ਲੀਡਰ ਚੁਣਿਆ ਜਾਏਗਾ। ਓਧਰ, ਮਾਰਕ ਕਾਰਨੀ ਓਟਾਵਾ ਦੇ ਨੇਪੀਅਨ ਖੇਤਰ 'ਚ ਵੱਡੇ ਫਰਕ ਨਾਲ ਚੋਣ ਜਿੱਤ ਗਏ ਹਨ। **(ਬਾਕੀ ਸਫ਼ਾ 6 'ਤੇ)**

## ਪੰਜਾਬੀਆਂ ਦੀ ਬੱਲੇ ਬੱਲੇ-22 ਜਿੱਤੇ

**ਜਲੰਧਰ:** ਸੱਤ ਸਮੁੰਦਰੋਂ ਪਾਰ ਕੈਨੇਡਾ ਦੀ ਧਰਤੀ 'ਤੇ ਖੁਸ਼ਹਾਲ ਜੀਵਨ ਬਿਤਾਉਣ ਤੇ ਡਾਲਰ ਕਮਾਉਣ ਲਈ ਗਏ ਪੰਜਾਬੀਆ ਨੇ ਉਥੋਂ ਦੇ ਕਾਰੋਬਾਰ ਤੋਂ ਇਲਾਵਾ ਸਿਆਸਤ 'ਤੇ ਵੀ ਗਲਬਾ ਕਾਇਮ ਕਰ ਲਿਆ ਹੈ। ਪੰਜਾਬੀ ਮੂਲ ਦੇ ਕੈਨੇਡੀਅਨ ਦਿਨੋਂ-ਦਿਨ ਕੈਨੇਡਾ ਦੀ ਸਿਆਸਤ 'ਚ ਵੱਡੇ ਪੱਧਰ 'ਤੇ ਭਾਈਵਾਲ ਬਣਦੇ ਜਾ ਰਹੇ ਹਨ। ਕੈਨੇਡਾ 'ਚ ਹੋਈਆਂ ਫੈਡਰਲ ਚੋਣਾਂ ਦੌਰਾਨ 22 ਪੰਜਾਬੀਆਂ ਨੇ ਐੱਮਪੀ ਦੀ ਚੋਣ ਜਿੱਤੀ ਹੈ ਜਦੋਂਕਿ 65 ਦੇ ਕਰੀਬ ਪੰਜਾਬੀਆਂ ਨੇ ਇਹ ਚੋਣ ਲੜੀ ਸੀ। ਚੋਣ ਨਤੀਜਿਆਂ 'ਤੇ ਝਾਤ ਮਾਰੀ ਜਾਵੇ ਤਾਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਜਿਹੜੀਆਂ ਸੀਟਾਂ 'ਤੇ ਪੰਜਾਬੀਆਂ ਨੇ ਚੋਣ ਜਿੱਤੀ ਹੈ, ਉਨ੍ਹਾਂ ਸੀਟਾਂ ਤੋਂ ਹਾਰਨ ਵਾਲੇ ਵੀ ਬਹੁਤੇ ਪੰਜਾਬੀ ਹੀ ਹਨ। ਇਸ ਲਈ ਬਹੁਤ ਸਾਰੇ ਹਲਕਿਆਂ 'ਚ ਪੰਜਾਬੀਆ ਵਿਚਾਲੇ ਹੀ ਟੱਕਰ ਸੀ। ਪਿਛਲੇ ਕਈ ਦਹਾਕਿਆਂ ਤੋਂ ਕੈਨੇਡਾ ਦੀਆਂ ਫੈਡਰਲ ਚੋਣਾਂ 'ਚ ਪੰਜਾਬੀਆਂ ਦਾ ਦਬਦਬਾ ਲਗਾਤਾਰ ਵਧਦਾ ਜਾ ਰਿਹਾ ਹੈ। 2019 ਦੀਆਂ ਚੋਣਾਂ 'ਚ 20 ਪੰਜਾਬੀਆਂ ਨੇ ਚੋਣ ਜਿੱਤੀ ਸੀ ਜਦੋਂਕਿ 2021 ਦੀਆਂ ਚੋਣਾਂ 'ਚ 18 ਪੰਜਾਬੀ ਐੱਮਪੀ ਬਣੇ ਸਨ, ਜਿਨ੍ਹਾਂ 'ਚੋਂ ਕਈ ਕੈਬਨਿਟ 'ਤੇ ਰਾਜ ਪੱਧਰ ਦੇ ਮੰਤਰੀ ਵੀ ਰਹੇ ਹਨ। ਮੌਜੂਦਾ ਚੋਣਾਂ ਦੌਰਾਨ ਵੀ 16 ਐੱਮਪੀ ਅਜਿਹੇ ਸਨ, ਜਿਨ੍ਹਾਂ ਨੇ ਮੁੜ ਚੋਣ ਜਿੱਤੀ ਹੈ।

ਕੈਨੇਡਾ ਦੀਆ ਦੋਵਾਂ ਪ੍ਰਮੁੱਖ ਪਾਰਟੀਆਂ ਲਿਬਰਲ ਤੇ ਕੰਜ਼ਰਵੇਟਿਵ ਵੱਲੋਂ ਜਿੱਤਾਂ ਦਰਜ ਕਰਨ


*(ਬਾਕੀ ਸਫ਼ਾ 6 'ਤੇ)*



Travelopod
Flights Lower Than Online
Discounted Flights To INDIA

ਇੰਡੀਆ ਜਾਣ ਲਈ ਸਸਤੀਆਂ ਟਿਕਟਾਂ ਲੈਣ ਵਸਤੇ ਅੱਜ ਹੀ ਕਾਲ ਕਰੋ:

SALE: $350 OFF

For Special Sale Fares
Call Now: 1-800-674-3868
5* Ratings & 24x7 Service

EXTRA $50 OFF with Promo Code: FLY50

HURRY! Book Now & Save Big on Your Flights to India!

Corporate NMLS# 68434
AZ License# BK-0945946



Sistar Mortgage
A Nationwide Lender

Balbir (Bill) Grewal
MORTGAGE LOAN OFFICER
NMLS# 353442

Over 2 Decades of experience providing high level servicing for new and experienced borrowers!

Residential and Commercial Loans
Available In Most States!

Special loan programs for:
- Jumbo Loans
- Self Employed and with a work permit
- Business loans with or without property

(734) 330-8859
balbir.grewal@sistarmortgage.com
balbirgrewal.sistarmortgage.com
https://www.nmlsconsumeraccess.org

# ਅਧਿਕਾਰੀਆਂ ਅਤੇ ਸਾਬਕਾ ਮੰਤਰੀਆਂ ਵਿਰੁੱਧ ਸ਼ਿਕੰਜਾ ਹੋਰ ਕੱਸਿਆ

## ਬਿਊਰੋ ਵੱਲੋਂ ਸਿੰਚਾਈ ਘੁਟਾਲੇ ਦੇ ਮਾਮਲੇ ਵਿਚ ਸਾਬਕਾ ਮੁੱਖ ਸਕੱਤਰ ਸਰਵੇਸ਼ ਕੌਸ਼ਲ, ਸਾਬਕਾ ਸਿੰਚਾਈ ਸਕੱਤਰ ਕੇਬੀਐੱਸ ਸਿੱਧੂ, ਸਾਬਕਾ ਆਈਏਐੱਸ ਅਧਿਕਾਰੀ ਕਾਹਨ ਸਿੰਘ ਪੰਨੂ ਤੋਂ ਪੁੱਛਗਿੱਛ ਜਾਰੀ

**ਚੰਡੀਗੜ੍ਹ:** ਰਾਜ ਸਰਕਾਰ ਦੀ ਭ੍ਰਿਸ਼ਟਾਚਾਰ ਖ਼ਿਲਾਫ਼ ਜ਼ੀਰੋ ਟਾਲਰੈਂਸ ਦੀ ਨੀਤੀ ਤਹਿਤ ਸਾਬਕਾ ਅਤੇ ਮੌਜੂਦਾ ਆਈਏਐਸ, ਆਈਪੀਐੱਸ, ਪੀਸੀਐੱਸ, ਪੀਪੀਐੱਸ ਅਧਿਕਾਰੀਆ ਦੇ ਨਾਲ-ਨਾਲ ਸਾਬਕਾ ਮੰਤਰੀਆਂ 'ਤੇ ਲਗਾਤਾਰ ਸ਼ਿਕੰਜਾ ਕੱਸਿਆ ਜਾ ਰਿਹਾ ਹੈ। ਵਿਜੀਲੈਂਸ ਮੁਖੀ ਐੱਸਪੀਐੱਸ ਪਰਮਾਰ ਨੂੰ ਮੁਅੱਤਲ ਕਰਨ ਤੋਂ ਪਹਿਲਾਂ ਸਰਕਾਰ ਹੁਣ ਤੱਕ ਇਕ ਦਰਜਨ ਤੋਂ ਵੱਧ ਮੌਜੂਦਾ ਅਤੇ ਸਾਬਕਾ ਆਈਏਐੱਸ ਅਧਿਕਾਰੀਆਂ ਅਤੇ ਉਨ੍ਹਾਂ ਦੇ ਰਿਸ਼ਤੇਦਾਰਾਂ 'ਤੇ ਕਾਰਵਾਈ ਕਰ ਚੁੱਕੀ ਹੈ। ਇਨ੍ਹਾਂ 'ਤੇ ਕਾਰਵਾਈ ਕਰਨ ਲਈ ਭ੍ਰਿਸ਼ਟਾਚਾਰ ਰੋਕੂ ਐਕਟ 1988 ਦੀ ਧਾਰਾ 17-ਏ ਮੁਤਾਬਕ ਸਰਕਾਰ ਤੋਂ ਪਹਿਲਾਂ ਲਾਜ਼ਮੀ ਮਨਜ਼ੂਰੀ ਲੈਣੀ ਪੈਂਦੀ ਹੈ। ਵਿਜੀਲੈਂਸ ਨੇ ਇਨ੍ਹਾਂ ਅਧਿਕਾਰੀਆਂ ਦੀ ਸੂਚੀ ਤਿਆਰ ਕਰ ਲਈ ਹੈ ਅਤੇ ਜਲਦੀ ਹੀ ਇਨ੍ਹਾਂ ਮਾਮਲਿਆਂ ਵਿਚ ਕਾਰਵਾਈ ਕਰਨ ਲਈ ਸਰਕਾਰ ਤੋਂ ਮਨਜ਼ੂਰੀ ਲਈ ਜਾ ਰਹੀ ਹੈ।

ਬਿਊਰੋ ਵੱਲੋਂ ਸਿੰਚਾਈ ਘੁਟਾਲੇ ਦੇ ਮਾਮਲੇ ਵਿਚ ਸਾਬਕਾ ਮੁੱਖ ਸਕੱਤਰ ਸਰਵੇਸ਼ ਕੌਸ਼ਲ, ਸਾਬਕਾ ਸਿੰਚਾਈ ਸਕੱਤਰ ਕੇਬੀਐੱਸ ਸਿੱਧੂ, ਸਾਬਕਾ ਆਈਏਐੱਸ ਅਧਿਕਾਰੀ ਕਾਹਨ ਸਿੰਘ ਪੰਨੂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ।

ਇਸ ਤੋਂ ਇਲਾਵਾ ਸਾਬਕਾ ਆਈਏਐੱਸ ਅਧਿਕਾਰੀ ਸੰਜੇ ਪੋਪਲੀ ਨੂੰ ਭ੍ਰਿਸ਼ਟਾਚਾਰ ਐਕਟ ਤਹਿਤ ਗ੍ਰਿਫ਼ਤਾਰ ਕੀਤਾ ਗਿਆ ਸੀ।ਇਸ ਦੌਰਾਨ ਪੋਪਲੀ ਦੇ ਪੁੱਤਰ ਨੇ ਸੈਕਟਰ-16 ਵਿਚ ਗੋਲੀ ਮਾਰ ਕੇ ਖੁਦਕੁਸ਼ੀ ਕਰ ਲਈ ਸੀ। ਪੰਜਾਬ ਸਟੇਟ ਇੰਡਸਟਰੀਅਲ ਡਿਵੈਲਪਮੈਂਟ ਕਾਰਪੋਰੇਸ਼ਨ (ਪੀਐੱਸਆਈਡੀਸੀ) ਵਿਚ ਹੋਏ ਪਲਾਟ ਘੁਟਾਲੇ ਵਿਚ ਆਈਏਐੱਸ ਅਧਿਕਾਰੀ ਨੀਲਿਮਾ ਨੂੰ ਨਾਮਜ਼ਦ ਕੀਤਾ ਗਿਆ ਹੈ।

ਆਈਏਐਸ ਅਧਿਕਾਰੀ ਰਾਜੇਸ਼ ਧੀਮਾਨ, ਆਈਏਐੱਸ ਅਧਿਕਾਰੀ ਵਰੁਣ ਰੂਜਮ ਦੀ ਪਤਨੀ 'ਤੇ ਕਰੋੜਾਂ ਰੁਪਏ ਦਾ ਮੁਆਵਜ਼ਾ ਲੈਣ ਦਾ ਮਾਮਲਾ ਸਾਹਮਣੇ ਆਇਆ ਹੈ ਜਿਨ੍ਹਾਂ ਨੂੰ ਨਾਮਜ਼ਦ ਕੀਤਾ ਗਿਆ। ਲੁਧਿਆਣਾ ਵਿਚ ਖੇਤਰੀ ਸਿੰਘ ਧਾਲੀਵਾਲ ਦੀ ਗ੍ਰਿਫ਼ਤਾਰੀ, ਤਰਸੇਮ ਚੰਦ ਅਤੇ ਨਾਇਬ ਤਹਿਸੀਲਦਾਰ ਸੰਦੀਪ ਕੁਮਾਰ ਖ਼ਿਲਾਫ਼ ਕੇਸ ਦਰਜ ਕੀਤੇ ਗਏ ਹਨ। ਇਸ ਤੋਂ ਇਲਾਵਾ ਪੀਪੀਐੱਸ ਅਧਿਕਾਰੀ ਰਾਜਜੀਤ ਸਿੰਘ, ਪੀਪੀਐੱਸ ਅਧਿਕਾਰੀ ਮਾਲਵਿੰਦਰ ਸਿੰਘ 'ਤੇ ਮਾਮਲੇ ਦਰਜ ਕੀਤੇ ਗਏ।


ਨੇਤਾਵਾਂ ਦੀ ਗੱਲ ਕੀਤੀ ਜਾਵੇ ਤਾਂ ਭਾਜਪਾ ਵਿਚ ਸ਼ਾਮਲ ਹੋ ਚੁੱਕੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਵਿਚ 17 ਮੰਤਰੀਆਂ 'ਤੇ ਕਾਰਵਾਈ ਕੀਤੀ ਗਈ। ਕਈ ਮੰਤਰੀਆਂ ਨੂੰ ਜੇਲ੍ਹ ਦੀ ਹਵਾ ਖਾਣੀ ਪਈ। ਇਸੇ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਦੇ ਕੱਦਾਵਰ ਆਗੂ ਵੀ ਕਿਸੇ ਨਾ ਕਿਸੇ ਤਰ੍ਹਾਂ ਦੀ ਜਾਂਚ ਵਿਚ ਫਸੇ ਹੋਏ ਹਨ। ਇਨ੍ਹਾਂ ਵਿੱਚੋਂ ਕਈ ਆਗੂ ਤਾਂ ਅਜਿਹੇ ਹਨ ਜੋ ਪਹਿਲਾਂ ਵਿਜੀਲੈਂਸ ਜਾਂਚ ਅਤੇ ਜੇਲ੍ਹ ਜਾਣ ਦੇ ਡਰ ਤੋਂ ਕਾਂਗਰਸ ਛੱਡ ਕੇ ਭਾਜਪਾ ਵਿਚ ਚਲੇ ਗਏ ਪਰ ਜਦੋਂ ਉੱਥੇ ਵੀ ਦਾਲ ਨਾ ਗ.ਲੀ ਤਾਂ ਫਿਰ ਘਰ ਵਾਪਸੀ ਕਰ ਲਈ। ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਸਾਬਕਾ ਕੈਬਨਿਟ ਮੰਤਰੀਆਂ ਓਪੀ ਸੋਨੀ, ਬਲਬੀਰ ਸਿੱਧੂ, ਸੁੰਦਰ ਸ਼ਾਮ ਅਰੋੜਾ ਅਤੇ ਸੰਗਤ ਸਿੰਘ ਗਿਲਜ਼ੀਆਂ ਸਮੇਤ ਕਈ ਅਜਿਹੇ ਕਾਂਗਰਸੀ ਆਗੂ ਜਿਨ੍ਹਾਂ 'ਤੇ ਰਾਜ ਸਰਕਾਰ ਵੱਲੋਂ ਕਾਰਵਾਈ ਕੀਤੀ ਗਈ। ਇਸੇ ਤਰ੍ਹਾਂ ਕਾਂਗਰਸ ਸਰਕਾਰ ਵਿਚ ਮੰਤਰੀ ਰਹੇ ਭਾਰਤ ਭੂਸ਼ਣ ਆਸ਼ੂ ਅਤੇ ਵਿਧਾਇਕ ਸੁਖਪਾਲ ਖਹਿਰਾ ਵਰਗੇ ਆਗੂ ਭਾਵੇਂ ਹੀ ਜੇਲ੍ਹ ਦੀ ਯਾਤਰਾ ਕਰ ਚੁੱਕੇ ਹਨ, ਪਰ ਸਰਗਰਮ ਹਨ। ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਦੀ ਵੀ ਵਿਜੀਲੈਂਸ ਜਾਂਚ ਕਰ ਰਹੀ ਹੈ।

ਟਰਾਂਸਪੋਰਟ ਅਥਾਰਟੀ ਦੀ ਗ੍ਰਿਫ਼ਤਾਰੀ, ਤਰਸੇਮ ਚੰਦ ਅਤੇ ਨਾਇਬ ਤਹਿਸੀਲਦਾਰ ਸੰਦੀਪ ਕੁਮਾਰ ਖ਼ਿਲਾਫ਼ ਕੇਸ ਦਰਜ ਕੀਤੇ ਗਏ ਹਨ। ਇਸ ਤੋਂ ਇਲਾਵਾ ਪੀਪੀਐੱਸ ਅਧਿਕਾਰੀ ਰਾਜਜੀਤ ਸਿੰਘ, ਪੀਪੀਐੱਸ ਅਧਿਕਾਰੀ ਮਾਲਵਿੰਦਰ ਸਿੰਘ 'ਤੇ ਮਾਮਲੇ ਦਰਜ ਕੀਤੇ ਗਏ।

ਨੇਤਾਵਾਂ ਦੀ ਗੱਲ ਕੀਤੀ ਜਾਵੇ ਤਾਂ ਭਾਜਪਾ ਵਿਚ ਸ਼ਾਮਲ ਹੋ ਚੁੱਕੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਅਗਵਾਈ ਵਾਲੀ ਕਾਂਗਰਸ ਸਰਕਾਰ ਵਿਚ 17 ਮੰਤਰੀਆਂ 'ਤੇ ਕਾਰਵਾਈ ਕੀਤੀ ਗਈ। ਕਈ ਮੰਤਰੀਆਂ ਨੂੰ ਜੇਲ੍ਹ ਦੀ ਹਵਾ ਖਾਣੀ ਪਈ। ਇਸੇ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਦੇ ਕੱਦਾਵਰ ਆਗੂ ਵੀ ਕਿਸੇ ਨਾ ਕਿਸੇ ਤਰ੍ਹਾਂ ਦੀ ਜਾਂਚ ਵਿਚ ਫਸੇ ਹੋਏ ਹਨ। ਇਨ੍ਹਾਂ ਵਿੱਚੋਂ ਕਈ ਆਗੂ ਤਾਂ ਅਜਿਹੇ ਹਨ ਜੋ ਪਹਿਲਾਂ ਵਿਜੀਲੈਂਸ ਜਾਂਚ ਅਤੇ ਜੇਲ੍ਹ ਜਾਣ ਦੇ ਡਰ ਤੋਂ ਕਾਂਗਰਸ ਛੱਡ ਕੇ ਭਾਜਪਾ ਵਿਚ ਚਲੇ ਗਏ ਪਰ ਜਦੋਂ ਉੱਥੇ ਵੀ ਦਾਲ ਨਾ ਗ.ਲੀ ਤਾਂ ਫਿਰ ਘਰ ਵਾਪਸੀ ਕਰ ਲਈ। ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਸਾਬਕਾ ਕੈਬਨਿਟ ਮੰਤਰੀਆਂ ਓਪੀ ਸੋਨੀ, ਬਲਬੀਰ ਸਿੱਧੂ, ਸੁੰਦਰ ਸ਼ਾਮ ਅਰੋੜਾ ਅਤੇ ਸੰਗਤ ਸਿੰਘ ਗਿਲਜ਼ੀਆਂ ਸਮੇਤ ਕਈ ਅਜਿਹੇ ਕਾਂਗਰਸੀ ਆਗੂ ਜਿਨ੍ਹਾਂ 'ਤੇ ਰਾਜ ਸਰਕਾਰ ਵੱਲੋਂ ਕਾਰਵਾਈ ਕੀਤੀ ਗਈ।

ਇਸੇ ਤਰ੍ਹਾਂ ਕਾਂਗਰਸ ਸਰਕਾਰ ਵਿਚ ਮੰਤਰੀ ਰਹੇ ਭਾਰਤ ਭੂਸ਼ਣ ਆਸ਼ੂ ਅਤੇ ਵਿਧਾਇਕ ਸੁਖਪਾਲ ਖਹਿਰਾ ਵਰਗੇ ਆਗੂ ਭਾਵੇਂ ਹੀ ਜੇਲ੍ਹ ਦੀ ਯਾਤਰਾ ਕਰ ਚੁੱਕੇ ਹਨ, ਪਰ ਸਰਗਰਮ ਹਨ। ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਦੀ ਵੀ ਵਿਜੀਲੈਂਸ ਜਾਂਚ ਕਰ ਰਹੀ ਹੈ।

# ਵਿੱਦਿਅਕ ਸੰਸਥਾਵਾਂ 'ਚ ਨਹੀਂ ਵੇਚੇ ਜਾਣਗੇ ਐਨਰਜੀ ਡਰਿੰਕਸ




**ਤਰਨਤਾਰਨ:** ਅਹਿਮ ਜਾਣਕਾਰੀ ਦਿੰਦਿਆਂ ਸਿਹਤ ਮੰਤਰੀ ਬਲਬੀਰ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਬਾਜ਼ਾਰਾਂ ਵਿਚ ਮਿਲਣ ਵਾਲੀਆਂ ਐਨਰਜੀ ਡਰਿੰਕ ਉੱਤੇ ਵੀ ਬੈਨ ਲਗਾ ਦਿੱਤਾ ਹੈ। ਭਵਿੱਖ ਵਿਚ ਕਿਸੇ ਵੀ ਵਿਦਿਅਕ ਸੰਸਥਾ ਵਿਖੇ ਅਜਿਹੀਆਂ ਐਨਰਜੀ ਡਰਿੰਕਸ ਨੂੰ ਨਹੀਂ ਵੇਚਿਆ ਜਾਵੇਗਾ, ਜੋ ਵੀ ਇਨਾਂ ਨੂੰ ਵੇਚਦਾ ਪਾਇਆ ਗਿਆ ਤਾਂ ਉਸ ਵਿਰੁੱਧ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਬਾਜ਼ਾਰਾਂ ਵਿਚ ਵਿਕਣ ਵਾਲੀਆਂ ਐਨਰਜੀ ਡਰਿੰਕਸ ਬੱਚਿਆਂ ਦੀ ਸਿਹਤ ਉੱਤੇ ਬਹੁਤ ਹੀ ਮਾੜਾ ਪ੍ਰਭਾਵ ਪੈਂਦਾ ਅਤੇ ਇਹਨਾਂ ਵਿੱਚ ਪਾਇਆ ਜਾਣ ਵਾਲੇ ਤੱਤ ਮਨੁੱਖੀ ਸਰੀਰ ਲਈ ਬਹੁਤ ਹੀ ਹਾਨੀਕਾਰਕ ਹੁੰਦੇ ਹਨ। ਉਨ੍ਹਾਂ ਸਿਹਤ ਅਧਿਕਾਰੀਆਂ ਪਾਸੋਂ ਮਲੇਰੀਆ ਤੇ ਡੇਂਗੂ ਬਿਮਾਰੀਆਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ ਤੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਵੈਕਟਰ ਬੌਰਨ ਬਿਮਾਰੀਆ ਵਿਰੁੱਧ ਕੀਤੇ ਜਾ ਰਹੇ ਉਪਰਾਲਿਆਂ ਕਾਰਨ ਡੇਂਗੂ ਅਤੇ ਮਲੇਰੀਆ ਦੀ ਰੋਕਥਾਮ ਨੂੰ ਯਕੀਨੀ ਬਣਾਇਆ ਜਾ ਰਿਹਾ ਹੈ। ਭਵਿੱਖ ਵਿਚ ਸਿਹਤ ਵਿਭਾਗ ਵੱਲੋਂ ਸਰਕਾਰੀ ਅਤੇ ਨਿੱਜੀ ਸਕੂਲਾਂ ਦੇ ਅਧਿਆਪਕਾਂ ਨੂੰ ਡੇਂਗੂ ਦੇ ਲਾਰਵੇ ਦੀ ਪਛਾਣ ਸਬੰਧੀ ਸੈਸ਼ਨ ਲਗਾ ਕੇ ਜਾਗਰੂਕ ਕੀਤਾ ਜਾਵੇਗਾ। ਨਰਸਿੰਗ ਸੰਸਥਾਵਾਂ ਵਿਚ ਵੀ ਵਿਸ਼ੇਸ਼ ਸੈਸ਼ਨ ਲਗਾ ਕੇ ਵਿਦਿਆਰਥਣਾਂ ਦੇ ਡੇਂਗੂ ਦੇ ਲਾਰਵੇ ਦੀ ਪਛਾਣ ਸਬੰਧੀ ਸੈਸ਼ਨ ਲਗਾਏ ਜਾਣਗੇ।

# ਇੰਸਪੈਕਟਰ ਮਨਜੀਤ ਸਿੰਘ ਖ਼ਿਲਾਫ਼ ਹੈਰੋਇਨ ਗ਼ਾਇਬ ਕਰਨ ਦਾ ਪਰਚਾ

**ਅੰਮ੍ਰਿਤਸਰ:** ਰਣਜੀਤ ਐਵੇਨਿਊ ਥਾਣੇ ਦੀ ਪੁਲਿਸ ਤੋਂ ਬਾਅਦ ਸਿਵਲ ਲਾਈਨਜ਼ ਥਾਣੇ ਦੀ ਪੁਲਿਸ ਨੇ ਇਕ ਕਿੱਲੋ ਹੈਰੋਇਨ ਨਾਲ ਫੜੇ ਗਏ ਡੀਆਰਆਈ ਇੰਸਪੈਕਟਰ ਮਨਜੀਤ ਸਿੰਘ ਵਿਰੁੱਧ ਇਕ ਹੋਰ ਮਾਮਲਾ ਦਰਜ ਕੀਤਾ ਹੈ। ਦੋਸ਼ ਹੈ ਕਿ ਮਨਜੀਤ ਸਿੰਘ ਨੇ ਕਸਟਮ ਵਿਭਾਗ ਦੇ ਸਟੋਰ ਰੂਮ ਤੋਂ ਸਾਢੇ ਪੰਜ ਕਿੱਲੋ ਤੋਂ ਵੱਧ ਹੈਰੋਇਨ ਗਾਇਬ ਕੀਤੀ ਹੈ। ਇੰਨਾ ਹੀ ਨਹੀਂ ਇਹ ਦੋਸ਼ ਹੈ ਕਿ ਇੰਸਪੈਕਟਰ ਮਨਜੀਤ ਨੇ ਖੇਪ ਗਾਇਬ ਕਰਨ ਲਈ ਕਸਟਮ ਵਿਭਾਗ ਦੇ ਸਟੋਰ ਰੂਮ ਇੰਚਾਰਜ ਇੰਸਪੈਕਟਰ ਪ੍ਰਸ਼ਾਂਤ ਕੋਹਾੜ ਦੀ ਮਦਦ ਵੀ ਲਈ ਹੈ।



ਇਸ ਸਮੇਂ ਸਿਵਲ ਲਾਈਨਜ਼ ਥਾਣੇ ਦੀ ਪੁਲਿਸ ਨੇ ਪਹਿਲਾਂ ਹੀ ਗ੍ਰਿਫ਼ਤਾਰ ਕਰਕੇ ਜੇਲ੍ਹ ਭੇਜ ਦਿੱਤੇ ਗਏ ਡੀਆਰਆਈ ਇੰਸਪੈਕਟਰ ਮਨਜੀਤ ਸਿੰਘ ਤੇ ਉਸ ਦੇ ਫਿਰੋਜ਼ਪੁਰ ਜ਼ਿਲ੍ਹੇ ਦੇ ਗਾਂਧੀ ਨਗਰ ਦੇ ਰਹਿਣ ਵਾਲੇ ਸਾਥੀ ਰਵੀ ਪਵਾਰ ਨੂੰ ਪ੍ਰੋਡਕਸ਼ਨ ਵਾਰੰਟ 'ਤੇ ਗ੍ਰਿਫ਼ਤਾਰ ਕੀਤਾ ਹੈ। ਅਦਾਲਤ ਨੇ ਦੋਵਾਂ ਨੂੰ ਦੋ ਦਿਨਾਂ ਦੇ ਪੁਲਿਸ ਰਿਮਾਂਡ 'ਤੇ ਭੇਜ ਦਿੱਤਾ ਹੈ। ਪਤਾ ਲੱਗਾ ਹੈ ਕਿ ਹੁਣ ਪੁਲਿਸ ਨੇ ਦੋਵਾਂ ਨੂੰ ਆਪਣੇ ਨਾਲ ਲੈ ਲਿਆ ਹੈ ਤੇ ਹਰਿਆਣਾ ਵਿਚ ਲੁਕੇ ਹੋਏ ਕਸਟਮ ਇੰਸਪੈਕਟਰ ਪ੍ਰਸ਼ਾਂਤ ਕੋਹਾੜ ਤੋਂ ਪੁੱਛਗਿੱਛ ਕਰਨ ਜਾ ਰਹੀ ਹੈ। ਪੁਲਿਸ ਨੇ ਪੰਜ ਦਿਨਾਂ ਦਾ ਰਿਮਾਂਡ ਮੰਗਿਆ ਸੀ। ਇਕ ਪੁਲਿਸ ਅਧਿਕਾਰੀ ਨੇ ਆਪਣਾ ਨਾਂ ਗੁਪਤ ਰੱਖਣ ਦੀ ਸ਼ਰਤ 'ਤੇ ਦੱਸਿਆ ਕਿ ਕਸਟਮ ਵਿਭਾਗ ਨੇ ਮਈ 2023 ਵਿਚ ਸਾਢੇ ਪੰਜ ਕਿੱਲੋ ਹੈਰੋਇਨ ਜ਼ਬਤ ਕੀਤੀ ਸੀ। ਇਸ ਨੂੰ ਕਸਟਮ ਵਿਭਾਗ ਦੇ ਗੋਦਾਮ ਵਿਚ ਇਕ ਖੇਪ ਦੇ ਰੂਪ ਵਿਚ ਜਮ੍ਹਾਂ ਕੀਤਾ ਗਿਆ ਸੀ। ਇਸ ਸਾਲ 22 ਮਾਰਚ ਨੂੰ ਕਸਟਮ ਇੰਸਪੈਕਟਰ ਪ੍ਰਸ਼ਾਂਤ ਕੋਹਾੜ ਨੇ ਇਹ ਖੇਪ ਅਦਾਲਤ ਵਿਚ ਪੇਸ਼ ਕਰਨੀ ਸੀ ਪਰ ਉਸ ਦੇ ਨਾਨਾ ਬਿਮਾਰ ਹੋ ਗਏ ਅਤੇ ਉਹ ਹਰਿਆਣਾ ਦੇ ਸੋਨੀਪਤ ਜ਼ਿਲ੍ਹੇ ਵਿਚ ਚਲੇ ਗਏ। ਮੁਲਜ਼ਮ ਮਨਜੀਤ ਨੇ ਪੁਲਿਸ ਹਿਰਾਸਤ ਵਿੱਚ ਮੰਨਿਆ ਕਿ ਪ੍ਰਸ਼ਾਂਤ ਨੇ ਇਹ ਖੇਪ ਕੱਢ ਕੇ ਫਿਰੋਜ਼ਪੁਰ ਦੇ ਰਵੀ ਪਵਾਰ ਨੂੰ ਅੱਗੇ ਟਿਕਾਣੇ ਲਗਾਉਣ ਲਈ ਦਿੱਤੀ ਸੀ। ਉਸ ਨੇ 8 ਅਪ੍ਰੈਲ ਨੂੰ ਰਵੀ ਨੂੰ ਇਕ ਕਿੱਲੋ ਹੈਰੋਇਨ ਸੌਂਪੀ ਸੀ ਜਿਸ ਨੂੰ ਰਣਜੀਤ ਐਵੀਨਿਊ ਥਾਣੇ ਦੀ ਪੁਲਿਸ ਨੇ ਹੈਰੋਇਨ ਸਮੇਤ ਗ੍ਰਿਫ਼ਤਾਰ ਕਰ ਲਿਆ ਸੀ।

ਬਾਅਦ ਵਿਚ ਮਨਜੀਤ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ। ਹੁਣ ਕਸਟਮ ਵਿਭਾਗ ਨੇ ਮਨਜੀਤ, ਰਵੀ ਪਵਾਰ ਵਿਰੁੱਧ ਇਕ ਹੋਰ ਮਾਮਲਾ ਦਰਜ ਕਰ ਲਿਆ ਹੈ। ਇਸ ਮਾਮਲੇ ਵਿਚ ਦੁਬਈ ਸਥਿਤ ਰਿਸ਼ੂ ਪਵਾਰ ਤੇ ਫਿਰੋਜ਼ਪੁਰ ਕੈਂਟ ਵਾਸੀ ਸੰਨੀ ਦੇ ਨਾਂ ਵੀ ਸਾਹਮਣੇ ਆਉਣੇ ਸ਼ੁਰੂ ਹੋ ਗਏ ਹਨ। ਪੁਲਿਸ ਰਿਸ਼ੂ ਅਤੇ ਕਸਟਮ ਇੰਸਪੈਕਟਰ ਪ੍ਰਸ਼ਾਂਤ ਤੋਂ ਪੁੱਛਗਿੱਛ ਕਰਨਾ ਚਾਹੁੰਦੀ ਹੈ ਤਾਂ ਜੋ ਉਹ ਪਤਾ ਲਗਾ ਸਕਣ ਕਿ ਇਹ ਖੇਪ ਕਿੱਥੇ ਸਟੋਰ ਕੀਤੀ ਗਈ ਸੀ ਅਤੇ ਉੱਥੋਂ ਬਾਹਰ ਕੱਢਣ ਤੋਂ ਬਾਅਦ ਬਾਕੀ ਬਚੇ ਹਿੱਸੇ ਨੂੰ ਕਿੱਥੇ ਰੱਖਿਆ ਗਿਆ।

# ਗੈਂਗਸਟਰ ਰਵੀ ਦੇ ਸਾਥੀ ਯਸ਼ਪਾਲ ਦੀ ਜੇਲ੍ਹ 'ਚ ਮੌਤ

ਖੰਨਾ: ਗੈਂਗਸਟਰ ਰਵੀ ਕਾਰਤੂਸ ਦੇ ਸਾਥੀ ਯਸ਼ਪਾਲ ਦੀ ਐਤਵਾਰ ਨੂੰ ਤਰਨਤਾਰਨ ਦੀ ਸ੍ਰੀ ਗੋਇੰਦਵਾਲ ਸਾਹਿਬ ਜੇਲ੍ਹ 'ਚ ਰਹੱਸਮਈ ਹਾਲਾਤ 'ਚ ਮੌਤ ਹੋ ਗਈ। ਦੋਰਾਹਾ ਦੇ ਰਹਿਣ ਵਾਲੇ ਯਸ਼ਪਾਲ ਨੂੰ ਖੰਨਾ ਪੁਲਿਸ ਨੇ ਉਸਦੇ ਰਿਮਾਂਡ ਦੀ ਮਿਆਦ ਖਤਮ ਹੋਣ ਤੋਂ ਇੱਕ ਦਿਨ ਪਹਿਲਾਂ ਹੀ ਜੇਲ੍ਹ 'ਚ ਛੱਡ ਦਿੱਤਾ ਸੀ। ਜਿਸ ਦੀ ਅੱਜ ਸ਼ੱਕੀ ਹਾਲਤਾਂ 'ਚ ਅਚਾਨਕ ਮੌਤ ਹੋ ਗਈ। ਯਸ਼ਪਾਲ ਦੀ ਲਾਸ਼ ਨੂੰ ਗੁਰੂ ਨਾਨਕ ਹਸਪਤਾਲ ਅੰਮ੍ਰਿਤਸਰ ਵਿਖੇ ਰੱਖਿਆ ਗਿਆ ਹੈ। ਸੋਮਵਾਰ ਨੂੰ ਪੋਸਟਮਾਰਟਮ ਤੋਂ ਬਾਅਦ ਲਾਸ਼ ਪਰਿਵਾਰ ਨੂੰ ਸੌਂਪ ਦਿੱਤੀ ਜਾਵੇਗੀ। ਪਰਿਵਾਰ ਨੇ ਇਸ ਮੌਤ ਨੂੰ ਲੈ ਕੇ ਸਵਾਲ ਖੜ੍ਹੇ ਕੀਤੇ ਹਨ। ਦੱਸਣਯੋਗ ਹੈ ਕਿ ਯਸ਼ਪਾਲ ਨੂੰ ਦੋਰਾਹਾ ਪੁਲਿਸ ਨੇ 20 ਅਪ੍ਰੈਲ ਨੂੰ ਬੇਅੰਤ ਸਿੰਘ ਚੌਕ ਤੋਂ ਗ੍ਰਿਫ਼ਤਾਰ ਕੀਤਾ ਸੀ। ਉਸ ਕੋਲੋਂ 50 ਗ੍ਰਾਮ ਹੈਰੋਇਨ ਬਰਾਮਦ ਹੋਈ। ਇਸ ਤੋਂ ਇਲਾਵਾ, ਇੱਕ ਦੇਸੀ ਪਿਸਤੌਲ ਅਤੇ 3 ਕਾਰਤੂਸ ਵੀ ਬਰਾਮਦ ਕੀਤੇ ਗਏ ਹਨ। ਯਸ਼ਪਾਲ ਵਿਰੁੱਧ ਪਹਿਲਾਂ ਹੀ ਨਸ਼ੀਲੇ ਪਦਾਰਥਾਂ ਦੀ ਤਸਕਰੀ ਦਾ ਮਾਮਲਾ ਦਰਜ ਸੀ। ਯਸ਼ਪਾਲ ਰਵੀ ਕਾਰਤੂਸ ਗੈਂਗ ਦਾ ਸਰਗਰਮ ਮੈਂਬਰ ਸੀ। ਇਸ ਗਿਰੋਹ ਨੇ ਦਸੰਬਰ 2024 'ਚ ਇੱਕ ਨੌਜਵਾਨ 'ਤੇ ਹਮਲਾ ਕੀਤਾ ਸੀ। ਇਸ ਮਾਮਲੇ 'ਚ ਰਵੀ ਕਾਰਤੂਸ, ਉਸਦੇ ਭਰਾ ਰਾਜਨ ਕੁਮਾਰ, ਸ਼ੂਟਰ ਲਖਵਿੰਦਰ ਸਿੰਘ ਲੱਖਾ ਅਤੇ ਇੰਦਰਾ ਵਿਰੁੱਧ ਮਾਮਲਾ ਦਰਜ ਹੈ। ਪਾਇਲ ਦੇ ਡੀਐਸਪੀ ਹੇਮੰਤ ਮਲਹੋਤਰਾ ਨੇ ਕਿਹਾ ਕਿ ਯਸ਼ਪਾਲ ਨੂੰ ਡਾਕਟਰੀ ਜਾਂਚ ਤੋਂ ਬਾਅਦ ਨਿਯਮਾਂ ਅਨੁਸਾਰ ਜੇਲ੍ਹ ਭੇਜ ਦਿੱਤਾ ਗਿਆ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਮੌਤ ਦੇ ਕਾਰਨਾਂ ਬਾਰੇ ਜਾਣਕਾਰੀ ਸਿਰਫ਼ ਜੇਲ੍ਹ ਪ੍ਰਸ਼ਾਸਨ ਹੀ ਦੇ ਸਕਦਾ ਹੈ। ਇਸ ਆ ਦਾ ਕੋਈ ਕਸਰ ਨਹੀਂ ਹੈ।



## ਜਲ ਸੈਨਾ ਵਲੋਂ ਲੰਬੀ ਦੂਰੀ ਦੇ ਹਮਲਿਆਂ ਦੀ ਤਿਆਰੀ ਦਾ ਪ੍ਰਦਰਸ਼ਨ

**ਨਵੀਂ ਦਿੱਲੀ:** ਭਾਰਤੀ ਜਲ ਸੈਨਾ ਨੇ ਐਤਵਾਰ ਨੂੰ ਦੱਸਿਆ ਕਿ ਉਸ ਦੇ ਜੰਗੀ ਬੇੜਿਆਂ ਨੇ ਲੰਬੀ ਦੂਰੀ ਦੇ ਸਟੀਕ ਹਮਲਿਆਂ ਲਈ ਆਪਣੀ ਤਿਆਰੀ ਨੂੰ ਮੁੜ ਪ੍ਰਮਾਣਿਤ ਕਰਦਿਆਂ ਟੀਚਿਆਂ ਨੂੰ ਸਫ਼ਲਤਾਪੂਰਵਕ ਪ੍ਰਾਪਤ ਕੀਤਾ ਹੈ। ਭਾਰਤੀ ਜਲ ਸੈਨਾ ਨੇ ਇਕ ਸੰਖੇਪ ਬਿਆਨ 'ਚ ਕਿਹਾ ਕਿ ਜਲ ਸੈਨਾ ਕਿਸੇ ਵੀ ਸਮੇਂ, ਕਿਤੇ ਵੀ, ਕਿਸੇ ਵੀ ਤਰ੍ਹਾਂ ਦੇਸ਼ ਦੇ ਸਮੁੰਦਰੀ ਹਿੱਤਾਂ ਦੀ ਰੱਖਿਆ ਲਈ ਜੰਗ ਲਈ ਤਿਆਰ, ਭਰੋਸੇਯੋਗ ਅਤੇ ਭਵਿੱਖ ਲਈ ਤਿਆਰ ਹੈ। ਭਾਰਤੀ ਜਲ ਸੈਨਾ ਵਲੋਂ ਸਮੁੰਦਰ 'ਚ ਗੋਲੀਬਾਰੀ ਦੀਆਂ ਵੀਡੀਓਜ਼ ਵੀ ਜਾਰੀ ਕੀਤੀਆਂ ਗਈਆਂ ਪਰ ਇਹ ਨਹੀਂ ਦੱਸਿਆ ਕਿ ਅਭਿਆਸ ਕਦੋਂ ਕੀਤਾ ਗਿਆ ਸੀ । ਜਲ ਸੈਨਾ ਦੇ ਜੰਗੀ ਹੁਨਰ ਦਾ ਪ੍ਰਦਰਸ਼ਨ ਭਾਰਤ ਅਤੇ ਪਾਕਿਸਤਾਨ ਵਿਚਕਾਰ ਭਿਆਨਕ ਪਹਿਲਗਾਮ ਅੱਤਵਾਦੀ ਹਮਲੇ ਨੂੰ ਲੈ ਕੇ ਵਧੇ ਤਣਾਅ ਦੇ ਵਿਚਕਾਰ ਆਇਆ, ਜਿਸ 'ਚ 26 ਨਾਗਰਿਕ ਮਾਰੇ ਗਏ ਸਨ।

# ਆਰਥਿਕ ਵਿਕਾਸ ਕੌਂਸਲ ਦੀ ਸਥਾਪਨਾ ਬਾਰੇ ਕੇਂਦਰ ਗੰਭੀਰ

**ਨਵੀਂ ਦਿੱਲੀ:** ਸ਼ਹਿਰੀ ਸੁਧਾਰਾਂ ਨਾਲ ਸਬੰਧਤ ਕੇਂਦਰ ਸਰਕਾਰ ਦੀ ਉੱਚ ਪੱਧਰੀ ਕਮੇਟੀ ਦੀ ਅੰਤਿਮ ਰਿਪੋਰਟ ਪ੍ਰਾਪਤ ਹੋਣ ਤੋਂ ਬਾਅਦ ਵਿੱਤ ਮੰਤਰਾਲੇ ਨੇ ਇਸ ਨੂੰ ਲਾਗੂ ਕਰਨ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਵਿੱਤ ਮੰਤਰਾਲੇ ਨੇ ਸਾਰੇ ਸ਼ਹਿਰਾਂ 'ਚ ਆਰਥਿਕ ਵਿਕਾਸ ਕੌਂਸਲਾਂ ਸਥਾਪਤ ਕਰਨ ਦੇ ਸੁਝਾਅ ਪ੍ਰਤੀ ਖ਼ਾਸ ਤੌਰ 'ਤੇ ਗੰਭੀਰਤਾ ਦਿਖਾਈ ਹੈ ਤੇ ਇਸ ਸਬੰਧ 'ਚ ਹੋਰ ਸਪੱਸ਼ਟਤਾ ਤੇ ਚਰਚਾ ਲਈ ਕਮੇਟੀ ਨਾਲ ਇਕ ਹੋਰ ਮੀਟਿੰਗ ਬੁਲਾਈ ਹੈ। ਇਹ ਮੀਟਿੰਗ ਅਗਲੇ ਮਹੀਨੇ ਹੋ ਸਕਦੀ ਹੈ।



ਇਹ ਧਿਆਨ ਦੇਣ ਯੋਗ ਹੈ ਕਿ ਕਮੇਟੀ ਦੇ ਚੇਅਰਮੈਨ ਕੇਸ਼ਵ ਵਰਮਾ ਨੇ ਪਿਛਲੇ ਹਫ਼ਤੇ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੂੰ ਆਪਣੀ ਰਿਪੋਰਟ ਸੌਂਪੀ ਸੀ। ਸੂਤਰਾਂ ਅਨੁਸਾਰ ਇਸ ਕਮੇਟੀ ਨੇ ਸ਼ਹਿਰਾਂ ਨੂੰ ਆਤਮਨਿਰਭਰ ਬਣਾਉਣ ਲਈ ਸ਼ਹਿਰੀ ਆਰਥਿਕ ਵਿਕਾਸ ਪ੍ਰੀਸ਼ਦ ਸਥਾਪਤ ਕਰਨ ਦਾ ਸੁਝਾਅ ਦਿੱਤਾ ਹੈ। ਇਹ ਕੌਂਸਲ ਸ਼ਹਿਰ ਦੇ ਆਰਥਿਕ ਤੇ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਰੋਡਮੈਪ ਤੈਅ ਕਰੇਗੀ ਤੇ ਇਸ 'ਚ ਪ੍ਰਸ਼ਾਸਕਾਂ ਤੋਂ ਇਲਾਵਾ ਸ਼ਹਿਰ ਦੇ ਪ੍ਰਮੁੱਖ ਵਪਾਰਕ, ਤਕਨੀਕੀ ਤੇ ਵਾਤਾਵਰਣ ਮਾਹਰਾਂ ਨੂੰ ਸ਼ਾਮਲ ਕਰਨ ਦਾ ਸੁਝਾਅ ਦਿੱਤਾ ਗਿਆ ਹੈ।

# ਪੰਜਾਬ ਨੂੰ ਮੁੜ 'ਰੰਗਲਾ ਪੰਜਾਬ' ਬਣਾ ਕੇ ਰਹਾਂਗੇ: ਆਪ ਆਗੂ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਦੇ ਆਗੂਆ ਨੇ ਸਰਕਾਰ ਦੇ ਨਸ਼ਾ ਮੁਕਤ ਮਿਸ਼ਨ ਵਿੱਚ ਸਰਕਾਰ ਵੱਲੋਂ ਕੀਤੀ ਗਈ ਮਹੱਤਵਪੂਰਨ ਪ੍ਰਗਤੀ ਅਤੇ ਇਸਦੀ ਭਵਿੱਖੀ ਰਣਨੀਤੀ ਬਾਰੇ ਲੋਕਾਂ ਨੂੰ ਜਾਣਕਾਰੀ ਦੇਣ ਦੀ ਮੁਹਿੰਮ ਤੇਜ਼ ਕਰਕੇ ਨਸ਼ਿਆਂ ਦੀ ਦੁਰਵਰਤੋਂ ਨੂੰ ਖ਼ਤਮ ਕਰਨ ਅਤੇ ਪੰਜਾਬ ਦੀ ਸ਼ਾਨ ਨੂੰ ਬਹਾਲ ਕਰਨ ਦੀ ਆਪਣੀ ਵਚਨਬੱਧਤਾ 'ਤੇ ਜ਼ੋਰ ਦਿੱਤਾ। ਆਮ ਆਦਮੀ ਪਾਰਟੀ ਦੇ ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ ਨੇ 31 ਮਈ ਤੱਕ ਸਾਰੇ ਨਸ਼ਾ ਤਸਕਰਾਂ ਦੀ ਗ੍ਰਿਫ਼ਤਾਰੀ ਲਈ ਨਿਸ਼ਚਿਤ ਅਤੇ ਅੰਤਿਮ ਸਮਾਂ ਸੀਮਾ ਨਿਰਧਾਰਿਤ ਕਰਨ 'ਤੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਪੰਜਾਬ ਦੇ ਡੀਜੀਪੀ ਗੌਰਵ ਯਾਦਵ ਦੀ ਪ੍ਰਸ਼ੰਸਾ ਕੀਤੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਦੇ ਹੁਕਮਾਂ 'ਤੇ ਡੀਜੀਪੀ ਨੇ ਸੂਬੇ ਦੇ ਸਾਰੇ ਐਸ.ਐਸ.ਪੀ ਅਤੇ ਪੁਲਿਸ ਕਮਿਸ਼ਨਰਾਂ ਨੂੰ ਸਖ਼ਤ ਹੁਕਮ ਜਾਰੀ ਕਰ ਦਿੱਤੇ ਗਏ ਹਨ ਕਿ ਨਸ਼ਾ ਤਸਕਰੀ ਵਿੱਚ ਸ਼ਾਮਲ ਹਰ ਵਿਅਕਤੀ ਨੂੰ ਹਰ ਹਾਲਤ ਵਿੱਚ 31 ਮਈ ਤੱਕ ਗ੍ਰਿਫ਼ਤਾਰ ਕਰ ਲਿਆ ਜਾਵੇ।



ਉਥੇ ਹੀ 'ਆਪ' ਆਗੂ ਦੀਪਕ ਬਾਲੀ ਨੇ ਕਿਹਾ ਕਿ ਸਰਕਾਰ ਨੇ ਮਿਸ਼ਨ ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਿੱਚ ਸ਼ਾਮਲ ਵਿਅਕਤੀਆਂ ਵਿਰੁੱਧ 4,659 ਐਫਆਈਆਰ ਦਰਜ ਕੀਤੀਆਂ ਹਨ ਅਤੇ 7,414 ਅਪਰਾਧੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਉਨ੍ਹਾਂ ਨੇ ਮਾਨ ਸਰਕਾਰ ਵੱਲੋਂ ਨਸ਼ਾ ਤਸਕਰਾਂ, ਰਾਜਨੀਤਿਕ ਆਗੂਆਂ ਅਤੇ ਪੁਲਿਸ ਅਧਿਕਾਰੀਆਂ ਦੇ ਗੱਠਜੋੜ ਵਿਰੁੱਧ ਲਏ ਗਏ ਸਖ਼ਤ ਸਟੈਂਡ ਨੂੰ ਉਜਾਗਰ ਕੀਤਾ, ਜੋ ਪਿਛਲੀਆਂ ਸਰਕਾਰਾਂ ਦੌਰਾਨ ਵਧ-ਫੁੱਲ ਰਿਹਾ ਸੀ। ਇਨ੍ਹਾਂ ਨੈੱਟਵਰਕਾਂ ਨੂੰ ਖ਼ਤਮ ਕਰਨ ਲਈ ਇੱਕ ਫੈਸਲਾਕੁੰਨ ਕਦਮ ਚੁੱਕਦੇ ਹੋਏ ਸਰਕਾਰ ਨੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਤੋਂ ਕਮਾਏ ਗੈਰ-ਕਾਨੂੰਨੀ ਪੈਸੇ ਨਾਲ ਬਣੀਆਂ 67 ਇਮਾਰਤਾਂ ਨੂੰ ਢਾਹ ਦਿੱਤਾ ਹੈ ਅਤੇ ਅਪਰਾਧਿਕ ਤੱਤਾਂ ਨੂੰ ਖ਼ਤਮ ਕਰਨ ਲਈ 67 ਮੁਕਾਬਲੇ ਕੀਤੇ ਹਨ। ਉੱਥੇ ਹੀ ਹੀਰੋਇਨ, ਅਫੀਮ, ਗਾਂਜਾ, ਭੁੱਕੀ ਸਮੇਤ ਹਜਾਰਾਂ ਕਿਲੋ ਨਸ਼ੀਲਾ ਪਦਾਰਥ ਬਰਾਮਦ ਕੀਤਾ ਹੈ। ਇਹ ਕਾਰਵਾਈਆਂ ਪੰਜਾਬ ਦੇ ਦੁੱਖਾਂ ਤੋਂ ਲਾਭ ਉਠਾਉਣ ਵਾਲਿਆਂ ਪ੍ਰਤੀ ਸਰਕਾਰ ਦੇ ਜ਼ੀਰੋ-ਟੌਲਰੈਂਸ ਵਾਲੇ ਦ੍ਰਿਸ਼ਟੀਕੋਣ ਨੂੰ ਦਰਸਾਉਂਦੀਆਂ ਹਨ। 'ਆਪ' ਆਗੂ ਨੀਲ ਗਰਗ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੇ ਨਿਰਦੇਸ਼ਾਂ 'ਤੇ, ਪੰਜਾਬ ਦੇ ਡੀਜੀਪੀ ਨੇ ਸੂਬੇ ਦੇ ਸਾਰੇ ਐਸਐਸਪੀ ਅਤੇ ਸੀਪੀ ਨੂੰ ਸਖ਼ਤ ਨਿਰਦੇਸ਼ ਜਾਰੀ ਕੀਤੇ ਹਨ ਕਿ 31 ਮਈ ਤੱਕ ਨਸ਼ਾ ਤਸਕਰੀ ਵਿੱਚ ਸ਼ਾਮਲ ਹਰ ਵਿਅਕਤੀ ਨੂੰ ਫੜਿਆ ਜਾਵੇ।

ਇਸ ਤੋਂ ਇਲਾਵਾ ਸਰਕਾਰ ਨਸ਼ੇ ਦੀ ਲਤ ਤੋਂ ਠੀਕ ਹੋਣ ਵਾਲੇ ਵਿਅਕਤੀਆਂ ਦੀ ਸਹਾਇਤਾ ਲਈ ਪੁਨਰਵਾਸ ਕੇਂਦਰਾਂ ਨੂੰ ਮਜ਼ਬੂਤ ਕਰਨ 'ਤੇ ਧਿਆਨ ਕੇਂਦਰਿਤ ਕਰ ਰਹੀ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਨਸ਼ਿਆਂ ਦੀ ਦੁਰਵਰਤੋਂ ਵਿਰੁੱਧ ਲੜਾਈ ਸਿਰਫ਼ ਇੱਕ ਸਰਕਾਰੀ ਪਹਿਲਕਦਮੀ ਨਹੀਂ ਹੈ, ਸਗੋਂ ਇਹ ਇੱਕ ਸਮੂਹਿਕ ਮਿਸ਼ਨ ਬਣ ਗਿਆ ਹੈ ਜਿਸ ਵਿੱਚ ਜਨਤਕ ਸਮਰਥਨ ਲਗਾਤਾਰ ਵਧ ਰਿਹਾ ਹੈ। 'ਆਪ' ਆਗੂ ਡਾ. ਸਨੀ ਅਹਾਲੂਵਾਲੀਆ ਨੇ ਪੰਚਾਇਤਾਂ ਵੱਲੋਂ ਨਸ਼ਾ ਤਸ਼ਕਰਾਂ ਦੇ ਖਿਲਾਫ ਪਾਸ ਕੀਤੇ ਗਏ ਮਤੇ ਦੀ ਪ੍ਰਸ਼ੰਸਾ ਕੀਤੀ ਅਤੇ ਗੋਨਿਆਣਾ ਬਲਾਕ ਦੀਆਂ ਸਾਰੀਆਂ ਪੰਚਾਇਤਾਂ ਵੱਲੋਂ ਹਾਲ ਹੀ ਵਿੱਚ ਨਸ਼ਾ ਤਸਕਰਾਂ ਵਿਰੁੱਧ ਮਤਾ ਪਾਸ ਕਰਨ ਦੀ ਉਦਾਹਰਨ ਦਿੱਤੀ। ਇਨ੍ਹਾਂ ਪ੍ਰਸਤਾਵਾਂ ਵਿੱਚ ਕਿਹਾ ਗਿਆ ਹੈ ਕਿ ਨਸ਼ੀਲੇ ਪਦਾਰਥਾਂ ਦੀਆਂ ਗਤੀਵਿਧੀਆਂ ਵਿੱਚ ਸ਼ਾਮਲ ਪਾਏ ਜਾਣ ਵਾਲੇ ਕਿਸੇ ਵੀ ਵਿਅਕਤੀ ਨੂੰ ਨਾ ਸਿਰਫ਼ ਕਾਨੂੰਨੀ ਕਾਰਵਾਈ ਦਾ ਸਾਹਮਣਾ ਕਰਨਾ ਪਵੇਗਾ ਬਲਕਿ ਉਸਦਾ ਸਮਾਜਿਕ ਬਾਈਕਾਟ ਵੀ ਕੀਤਾ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਇਸ ਭਾਈਚਾਰਕ-ਸੰਚਾਲਿਤ ਕਾਰਵਾਈ ਦੀ ਉਦਾਹਰਨ ਪੰਜਾਬ ਨੂੰ ਨਸ਼ਿਆਂ ਦੀ ਸਮੱਸਿਆ ਤੋਂ ਮੁਕਤ ਕਰਨ ਦੇ ਸਮੂਹਿਕ ਸੰਕਲਪ ਨੂੰ ਦਰਸਾਉਂਦੀ ਹੈ।

'ਆਪ' ਆਗੂ ਨੇ ਪਿਛਲੀਆਂ ਸਰਕਾਰਾਂ ਦੀ ਆਲੋਚਨਾ ਕੀਤੀ, ਉਨ੍ਹਾਂ 'ਤੇ ਤਸਕਰਾਂ ਨੂੰ ਬਚਾਉਣ ਅਤੇ ਭ੍ਰਿਸ਼ਟਾਚਾਰ ਦੇ ਗੱਠਜੋੜ ਨੂੰ ਵਧਣ-ਫੁੱਲਣ ਦੇਣ ਦਾ ਦੋਸ਼ ਲਗਾਇਆ ਜਿਸ ਕਾਰਨ ਕਾਰਨ ਪਿਛਲੇ ਦੋ ਦਹਾਕਿਆਂ ਵਿੱਚ ਪੰਜਾਬ ਦੇ ਨੌਜਵਾਨ ਬਰਬਾਦ ਹੋ ਗਏ। ਇਸ ਦੇ ਉਲਟ, ਮਾਨ ਸਰਕਾਰ ਨੇ ਲੋਕਾਂ ਦੇ ਦਰਦ ਨੂੰ ਘਟਾਉਣ ਅਤੇ ਪੰਜਾਬ ਵਿੱਚੋਂ ਨਸ਼ਾ ਖ਼ਤਮ ਕਰਨ ਦੇ ਆਪਣੇ ਵਾਅਦੇ ਨੂੰ ਪੂਰਾ ਕਰਨ ਦਾ ਆਪਣਾ ਦ੍ਰਿੜ ਇਰਾਦਾ ਦਿਖਾਇਆ ਹੈ।

'ਆਪ' ਆਗੂ ਆਰ.ਪੀ.ਐਸ ਮਲਹੋਤਰਾ ਅਤੇ ਚਰਨਜੀਤ ਸਿੰਘ ਧਾਲੀਵਾਲ ਨੇ ਵੀ ਇਸ ਫੈਸਲੇ ਲਈ ਪੰਜਾਬ ਦੀ ਮਾਨ ਸਰਕਾਰ ਦੀ ਪ੍ਰਸ਼ੰਸਾ ਕੀਤਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਅਤੇ ਲੋਕਾਂ ਦੇ ਅਟੁੱਟ ਸਮਰਥਨ ਹੇਠ, ਇਹ ਮੁਹਿੰਮ ਇੱਕ ਜੀਵੰਤ ਅਤੇ ਨਸ਼ਾ ਮੁਕਤ ਪੰਜਾਬ ਬਣਾਉਣ ਵਿੱਚ ਸਫਲ ਹੋਵੇਗੀ। ਉਨ੍ਹਾਂ ਭਰੋਸਾ ਦਿੱਤਾ ਕਿ 31 ਮਈ ਤੱਕ ਪੰਜਾਬ ਵਿੱਚੋਂ ਨਸ਼ਾ ਤਸਕਰੀ ਨੂੰ ਖ਼ਤਮ ਕਰਨ ਅਤੇ ''ਰੰਗਲਾ ਪੰਜਾਬ'' ਦੇ ਸੁਪਨੇ ਨੂੰ ਸਾਕਾਰ ਕਰਨ ਵੱਲ ਇੱਕ ਫੈਸਲਾਕੁੰਨ ਕਦਮ ਚੁੱਕਿਆ ਜਾਵੇਗਾ।

## ਕੈਨੇਡਾ ਵਿਚ ਡੇਰਾਬੱਸੀ ਦੀ ਵਿਦਿਆਰਥਣ ਦੀ ਰਹੱਸਮਈ ਮੌਤ

**ਓਟਾਵਾ:** ਇੱਕ ਭਾਰਤੀ ਵਿਦਿਆਰਥੀ, ਵੰਸ਼ਿਕਾ ਸੈਣੀ, ਜੋ ਕਿ ਕੈਨੇਡਾ ਵਿੱਚ ਚਾਰ ਦਿਨਾਂ ਤੋਂ ਲਾਪਤਾ ਸੀ, ਓਟਾਵਾ ਵਿੱਚ ਮ੍ਰਿਤਕ ਪਾਈ ਗਈ, ਅਜਿਹੇ ਹਾਲਾਤਾਂ ਵਿੱਚ ਜੋ ਅਜੇ ਤੱਕ ਅਸਪਸ਼ਟ ਹਨ। ਓਟਾਵਾ ਵਿੱਚ ਭਾਰਤੀ ਹਾਈ ਕਮਿਸ਼ਨ ਨੇ ਦੁਖਦਾਈ ਖ਼ਬਰ ਦੀ ਪੁਸ਼ਟੀ ਕੀਤੀ, ਮੌਤ 'ਤੇ ਡੂੰਘਾ ਦੁੱਖ ਪ੍ਰਗਟ ਕੀਤਾ ਅਤੇ ਕਿਹਾ ਕਿ ਇਸ ਮਾਮਲੇ ਦੀ ਇਸ ਸਮੇਂ ਸਥਾਨਕ ਪੁਲਿਸ ਅਧਿਕਾਰੀਆਂ ਦੁਆਰਾ ਜਾਂਚ ਕੀਤੀ ਜਾ ਰਹੀ ਹੈ। ਮ੍ਰਿਤਕ ਵਿਦਿਆਰਥਣ ਪੰਜਾਬ ਦੇ ਡੇਰਾਬੱਸੀ ਤੋਂ ਆਮ ਆਦਮੀ ਪਾਰਟੀ (ਆਪ) ਦੇ ਨੇਤਾ ਦਵਿੰਦਰ ਸਿੰਘ ਦੀ ਧੀ ਸੀ। ਵੰਸ਼ਿਕਾ ਢਾਈ ਸਾਲ ਪਹਿਲਾਂ ਉੱਚ ਸਿੱਖਿਆ ਪ੍ਰਾਪਤ ਕਰਨ ਲਈ ਓਟਾਵਾ ਚਲੀ ਗਈ ਸੀ ਅਤੇ ਆਪਣੇ ਸਾਥੀਆਂ ਵਿੱਚ ਇੱਕ ਅਨੁਸ਼ਾਸਿਤ ਅਤੇ ਹੋਨਹਾਰ ਵਜੋਂ ਜਾਣੀ ਜਾਂਦੀ ਸੀ। 25 ਅਪ੍ਰੈਲ, 2025 ਦੀ ਸ਼ਾਮ ਨੂੰ ਵੰਸ਼ਿਕਾ ਗਾਇਬ ਹੋ ਗਈ। ਰਿਪੋਰਟਾਂ ਅਨੁਸਾਰ, ਉਹ 7 ਮੈਜੇਸਟਿਕ ਡਰਾਈਵ 'ਤੇ ਰਾਤ 8 ਤੋਂ 9 ਵਜੇ ਦੇ ਵਿਚਕਾਰ ਕਿਰਾਏ ਦੇ ਕਮਰੇ ਦੀ ਜਾਂਚ ਕਰਨ ਲਈ ਆਪਣੇ ਘਰ ਤੋਂ ਨਿਕਲੀ ਸੀ।






# Matrimonials

## ਲੜਕੇ ਦੀ ਲੋੜ ਹੈ

US citizen Prajapat girl 27, 5'6" is looking for a suitable match. She has done DMD (Doctor of Dental medicine) and never married. She is working as a dentist. Entire family is in the USA. Seeking an educated and well settled boy in the USA. Preference to same caste Please contact at: 937-776-6474
17-20

Prajapat, Sikh girl Oct-95, 5' 3". Masters in Computers, working on H1-B Visa. Required equally qualified boy. Send biodata at Mob- +17324076683 and +91-78140 -94986 or Email: bhagatsingh.91@gmail.com
15-18

Jatt Sikh family seeking a suitable match for their USA citizen girl 30, 5'5''. Girl is working as a Dentist. Entire family is in the USA. Seeking a Doctor or engineer match from the USA. Jatt Sikh should be preffered. Please contact us at: 773-679-5664

## ਲੜਕੀ ਦੀ ਲੋੜ ਹੈ

ਸੈਣੀ ਸਿੱਖ ਲੜਕਾ, ਉਮਰ 29 ਸਾਲ, ਕੱਦ 5'6" Bio Tech ਵਿਚ ਮਾਸਟਰਜ਼ ਕੀਤੀ ਹੋਈ ਅਤੇ Stannford University ਵਿਚ ਰਿਸਰਚ ਜੋਬ ਕਰਦੇ ਲੜਕੇ ਲਈ ਲੜਕੀ ਦੀ ਲੋੜ ਹੈ। ਸੈਣੀ ਪਰਿਵਾਰ ਨਾਲ ਸਬੰਧਤ ਲੜਕੀ ਨੂੰ ਪਹਿਲ ਦਿੱਤੀ ਜਾਵੇਗੀ। ਚਾਹਵਾਨ ਫੋਨ ਨੰਬਰ 510 557 6988 'ਤੇ ਸੰਪਰਕ ਕਰ ਸਕਦੇ ਹਨ।
18-21

Sikh Sunaar family from Ohio seeks a comparable match from USA (Student visa/H1B) for their 24, 5' 11", US Citizen (India born) Son. He has done Bachelors degree in Computer Science/Software Development & MBA. He is non-vegetarian and does not drink or smoke. No Sibling. Father is running Trucking and Gold Business. Caste no bar. Please contact us at Phone number 513-448-8599 or E-mail at Kanwal450@gmail.com.
18-21

Seeking an educated and professional match (American citizen or Permanent Resident) for a 1992-born Punjab boy (Ramdasia and others), 5'8". Education: B.Tech, MBA (IIT Delhi), MS in Business Analytics (University of Colorado). Currently working as a Business Analyst in Chicago, USA; H1B picked recently. Belongs to a well-educated and reputed family. Caste no bar. Please contact at +91-7589242016 (WhatsApp) and +1-7204996020.
17-20

Jatt Sikh family seeking a match for their son, born in America. He is 22 years old, 6ft tall and wears a Turban. He did study in computer science and working as a Software Engineer. He has property both in America and India. Seeking a nice girl that enjoys family and lives in USA. He has no siblings. Please contact us at: 206-208-4064 or E-Mail at gursikhjatt@gmail.com
16-19

Jatt Sikh Family seeking bride for their son, 25, 6'1" Amritdhari. Currently on work permit in Surrey, Canada. Working as electrician apprentice. Brother well settled in USA. Please contact us at: 847-660-9644
16-19

Jatt Sikh SF Bay Area family seeking bride for their USA born Son 24, 5'10". Our Son wears a turban and keeps his hair. He has a BS and MS in Computer Science and is well settled in his profession. Beyond education, girl must have a joint family-oriented mindset with good moral family values. Please Contact ph: 510 861 6491 or email: pgrrealty@gmail.com


ਕੀ ਤੁਸੀਂ ਸਭ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?
ਹੋਮਿਓਪੈਥੀ, ਕੁਦਰਤੀ ਇਲਾਜ ਪ੍ਰਣਾਲੀ ਅਜ਼ਮਾ ਕੇ ਦੇਖੋ

Gurdip Singh Sandhu DHMS, BAMS
HOMEOPATHIC NATURAL MEDICINES
When Tired of all Treatments, For any Disease, At any Age, Try Alternative Treatment

Homeopathic Natural Medicines · Serving Since 1973


Gurdip Singh Sandhu

Homeopathic Ayurvedic Consultant/Physician Since 1973
DHMS-Gold medalist, Ex-Prof, Principal, & CMO Medical Colleges/Hospitals in India

Ph: (408) 687-1899
(925) 557-9093
Email: Homeomdicine@yahoo.com
Website: www.Homeopathyatoz.com
7021 Village Parkway, Dublin, CA 94568
Practice under provision of Act S8_577
State of CA

# ਪੁਲਿਸ ਅਧਿਕਾਰੀ ਦੀ ਵਾਇਰਲ ਆਡੀਓ ਨੂੰ ਹਟਾਉਣ ਦੇ ਮੈਜਿਸਟ੍ਰੇਟੀ ਹੁਕਮਾਂ 'ਤੇ ਹਾਈ ਕੋਰਟ ਵਲੋਂ ਰੋਕ

**ਚੰਡੀਗੜ੍ਹ:** ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਲੁਧਿਆਣਾ ਦੀ ਮੈਜਿਸਟ੍ਰੇਟ ਅਦਾਲਤ ਦੇ ਉਸ ਹੁਕਮ 'ਤੇ ਅੰਤਰਿਮ ਰੋਕ ਲਗਾ ਦਿੱਤੀ ਹੈ, ਜਿਸ 'ਚ ਵੱਖ-ਵੱਖ ਸੋਸ਼ਲ ਮੀਡੀਆ ਪਲੇਟਫਾਰਮਾਂ ਨੂੰ ਪੰਜਾਬ ਪੁਲਿਸ ਦੇ ਇਕ




ਸੀਨੀਅਰ ਅਧਿਕਾਰੀ ਦੀ ਕਥਿਤ ਵਾਇਰਲ ਆਡੀਓ ਰਿਕਾਰਡਿੰਗ ਨੂੰ ਹਟਾਉਣ ਸਬੰਧੀ ਨਿਰਦੇਸ਼ ਦਿੱਤਾ ਗਿਆ ਹੈ। ਇਹ ਆਡੀਓ ਇਕ ਔਰਤ ਤੋਂ ਜਿਨਸੀ ਸੇਵਾਵਾਂ ਦੀ ਮੰਗ ਬਾਰੇ ਦੱਸੀ ਜਾ ਰਹੀ ਹੈ। ਜਸਟਿਸ ਮੰਜਰੀ ਨਹਿਰੂ ਕੌਲ ਨੇ ਇਸ ਹੁਕਮ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ 'ਤੇ ਸੁਣਵਾਈ ਕਰਦੇ ਹੋਏ ਵੱਖ-ਵੱਖ ਧਿਰਾਂ ਨੂੰ ਨੋਟਿਸ ਜਾਰੀ ਕੀਤਾ ਅਤੇ ਸੁਣਵਾਈ ਦੀ ਅਗਲੀ ਤਰੀਕ 29 ਜੁਲਾਈ ਨਿਰਧਾਰਤ ਕੀਤੀ ਹੈ। ਅਦਾਲਤ ਨੇ ਸਪੱਸ਼ਟ ਕੀਤਾ ਕਿ ਮੈਜਿਸਟ੍ਰੇਟ ਦੇ ਹੁਕਮਾਂ 'ਤੇ ਰੋਕ ਅਗਲੀ ਸੁਣਵਾਈ ਤੱਕ ਜਾਰੀ ਰਹੇਗੀ। ਸੀਨੀਅਰ ਵਕੀਲ ਬਿਪਨ ਘਈ ਨੇ ਅਦਾਲਤ ਨੂੰ ਦੱਸਿਆ ਕਿ ਇਹ ਹੁਕਮ ਲੁਧਿਆਣਾ ਦੀ ਅਦਾਲਤ ਨੇ ਜਨਹਿਤ ਪਟੀਸ਼ਨ ਵਜੋਂ ਪਾਸ ਕੀਤਾ ਹੈ ਜਦੋਂ ਕਿ ਕਿਸੇ ਵੀ ਮੈਜਿਸਟ੍ਰੇਟ ਨੂੰ ਅਜਿਹੀ ਪਟੀਸ਼ਨ 'ਤੇ ਸੁਣਵਾਈ ਕਰਨ ਦਾ ਅਧਿਕਾਰ ਖੇਤਰ ਨਹੀਂ ਹੈ। ਸੀਨੀਅਰ ਵਕੀਲ ਬਿਪਨ ਘਈ ਨੇ ਇਹ ਵੀ ਦਲੀਲ ਦਿੱਤੀ ਕਿ ਮੈਜਿਸਟ੍ਰੇਟ ਵਲੋਂ ਪਾਸ ਕੀਤਾ ਗਿਆ ਹੁਕਮ ਨਾ ਸਿਰਫ਼ ਕੁਝ ਖਾਸ ਯੂ.ਆਰ.ਐਲ. ਨੂੰ ਨਿਸ਼ਾਨਾ ਬਣਾਉਂਦਾ ਹੈ ਬਲਕਿ ਭਵਿੱਖ ਵਿਚ ਅਜਿਹੀ ਕਿਸੇ ਵੀ ਸਮੱਗਰੀ ਦੇ ਪ੍ਰਸਾਰ 'ਤੇ ਵੀ ਪਾਬੰਦੀ ਲਗਾਉਂਦਾ ਹੈ, ਜੋ ਕਿ ਪ੍ਰਗਟਾਵੇ ਦੀ ਆਜ਼ਾਦੀ 'ਤੇ ਇਕ ਗੈਰ-ਸੰਵਿਧਾਨਕ ਪਾਬੰਦੀ ਹੈ।

# ਸਾਵਰਕਰ 'ਤੇ ਟਿੱਪਣੀ ਮਾਮਲੇ 'ਚ ਸੁਪਰੀਮ ਕੋਰਟ ਨੇ ਰਾਹੁਲ ਗਾਂਧੀ ਨੂੰ ਪਾਈ ਝਾੜ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਵੀਰ ਸਾਵਰਕਰ 'ਤੇ ਇਤਰਾਜ਼ਯੋਗ ਟਿੱਪਣੀ ਨੂੰ ਲੈ ਕੇ ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੂੰ ਝਾੜ ਪਾਈ ਹੈ। ਜਸਟਿਸ ਦੀਪਾਂਕਰ ਦੱਤਾ ਤੇ ਜਸਟਿਸ ਮਨਮੋਹਨ ਦੀ ਬੈਂਚ ਨੇ ਕਿਹਾ ਕਿ ਅਸੀਂ ਆਜ਼ਾਦੀ ਘੁਲਾਟੀਆਂ ਖ਼ਿਲਾਫ਼ ਕਿਸੇ ਨੂੰ ਕੁਝ ਵੀ ਗਲਤ ਬੋਲਣ ਦੀ ਇਜਾਜ਼ਤ ਨਹੀਂ ਦੇ ਸਕਦੇ। ਅਦਾਲਤ ਨੇ ਕਿਹਾ ਕਿ ਉਨ੍ਹਾਂ ਸਾਨੂੰ ਆਜ਼ਾਦੀ ਦਿਵਾਈ ਹੈ ਤੇ ਅਸੀਂ ਉਨ੍ਹਾਂ ਨਾਲ ਕੀ ਵਿਵਹਾਰ ਕਰ ਰਹੇ ਹਾਂ? ਅਦਾਲਤ ਨੇ ਕਿਹਾ ਕਿ ਰਾਹੁਲ ਗਾਂਧੀ ਨੂੰ ਆਜ਼ਾਦੀ ਘੁਲਾਟੀਆਂ ਬਾਰੇ ਗੈਰ-ਜ਼ਿੰਮੇਵਾਰਾਨਾ ਬਿਆਨ ਨਹੀਂ ਦੇਣਾ ਚਾਹੀਦਾ। ਸੁਪਰੀਮ ਕੋਰਟ ਨੇ ਕਿਹਾ ਕਿ ਮਹਾਤਮਾ ਗਾਂਧੀ ਨੇ ਖ਼ੁਦ ਸਾਵਰਕਰ ਦਾ ਸਤਿਕਾਰ ਕੀਤਾ ਸੀ। ਉਥੇ ਹੀ ਉਨ੍ਹਾਂ ਦੀ ਦਾਦੀ ਇੰਦਰਾ ਗਾਂਧੀ ਨੇ ਵੀ ਉਨ੍ਹਾਂ



ਨੂੰ ਇਕ ਚਿੱਠੀ ਲਿਖੀ ਸੀ। ਸੁਪਰੀਮ ਕੋਰਟ ਨੇ ਰਾਹੁਲ ਗਾਂਧੀ ਨੂੰ ਚਿਤਾਵਨੀ ਦਿੰਦੇ ਹੋਏ। ਕਿਹਾ ਕਿ ਤੁਸੀਂ ਆਜ਼ਾਦੀ ਘੁਲਾਟੀਆਂ ਦੇ ਇਤਿਹਾਸ ਨੂੰ ਸਮਝੇ ਬਿਨਾਂ ਅਜਿਹਾ ਬਿਆਨ ਨਹੀਂ ਦੇ ਸਕਦੇ। ਅਦਾਲਤ ਨੇ ਚਿਤਾਵਨੀ ਦਿੱਤੀ ਕਿ ਜੇਕਰ ਰਾਹੁਲ ਗਾਂਧੀ ਭਵਿੱਖ 'ਚ ਅਜਿਹਾ ਬਿਆਨ ਦਿੰਦੇ ਹਨ ਤਾਂ ਸੁਪਰੀਮ ਕੋਰਟ ਇਸ ਮਾਮਲੇ ਦਾ ਖ਼ੁਦ ਨੋਟਿਸ ਲਏਗਾ ਤੇ ਸੁਣਵਾਈ ਕਰੇਗਾ। ਜਸਟਿਸ ਦੱਤਾ ਨੇ ਪੁੱਛਿਆ ਕਿ ਕੀ ਮਹਾਤਮਾ ਗਾਂਧੀ ਨੂੰ ਅੰਗਰੇਜ਼ਾਂ ਦਾ ਨੌਕਰ ਕਿਹਾ ਜਾ ਸਕਦਾ ਹੈ ਕਿਉਂਕਿ ਉਨ੍ਹਾਂ ਵੀ ਵਾਇਸਰਾਏ ਨੂੰ ਲਿਖੀਆਂ ਚਿੱਠੀਆਂ 'ਚ 'ਆਪਕਾ ਵਫ਼ਾਦਾਰ ਸੇਵਕ' ਸ਼ਬਦ ਦੀ ਵਰਤੋਂ ਕੀਤੀ ਸੀ। ਅਦਾਲਤ ਨੇ ਰਾਹੁਲ ਗਾਂਧੀ ਨੂੰ ਭਵਿੱਖ 'ਚ ਅਜਿਹੇ ਬਿਆਨ ਨਾ ਦੇਣ ਦੀ ਚਿਤਾਵਨੀ ਦਿੱਤੀ ਹੈ। ਇਸ ਦੇ ਨਾਲ ਹੀ ਸੁਪਰੀਮ ਕੋਰਟ ਨੇ ਇਲਾਹਾਬਾਦ ਹਾਈ ਕੋਰਟ ਦੇ ਉਸ ਹੁਕਮ 'ਤੇ ਰੋਕ ਲਗਾ ਦਿੱਤੀ ਹੈ, ਜਿਸ ਨੇ ਰਾਹੁਲ ਗਾਂਧੀ ਨੂੰ ਸਾਵਰਕਰ ਮਾਣਹਾਨੀ ਮਾਮਲੇ 'ਚ ਯੂ.ਪੀ. ਦੀ ਇਕ ਹੇਠਲੀ ਅਦਾਲਤ ਦੁਆਰਾ ਜਾਰੀ ਕੀਤੇ ਗਏ ਸੰਮਨ ਨੂੰ ਰੱਦ ਕਰਨ ਤੋਂ ਇਨਕਾਰ ਕਰ ਦਿੱਤਾ ਸੀ।

# ਪੰਥ ਅਤੇ ਪੰਜਾਬ ਦੇ ਭਲੇ ਲਈ ਸ਼੍ਰੋਮਣੀ ਅਕਾਲੀ ਦਲ ਦੀ ਪੁਨਰ ਸੁਰਜੀਤੀ ਜ਼ਰੂਰੀ: ਹਰਪ੍ਰੀਤ ਸਿੰਘ

**ਅੰਮ੍ਰਿਤਸਰ:** ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਅਹੁਦੇ ਤੋਂ ਹਟਾਏ ਗਏ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਪੰਥ ਅਤੇ ਪੰਜਾਬ ਦੇ ਭਲੇ ਲਈ ਸ਼੍ਰੋਮਣੀ ਅਕਾਲੀ ਦਲ ਦੀ ਪੁਨਰ ਸੁਰਜੀਤੀ ਬਹੁਤ ਜ਼ਰੂਰੀ ਹੈ। ਅੱਜ ਇਥੇ ਕਾਰ ਸੇਵਾ ਡੇਰਾ ਭੂਰੀ ਵਾਲਾ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਪੁਨਰ ਸੁਰਜੀਤੀ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਮਰਪਿਤ ਪੰਜ ਮੈਂਬਰੀ ਕਮੇਟੀ ਜੋ ਮੈਂਬਰਸ਼ਿਪ ਭਰਤੀ ਕਰ ਰਹੀ ਹੈ, ਉਹ ਬਿਲਕੁਲ ਯੋਗ ਹੈ ਅਤੇ ਮੈਨੂੰ ਲੱਗਦਾ ਕਿ ਆਉਣ ਵਾਲੇ ਕੁੱਝ ਡੇਢ ਦੋ ਮਹੀਨਿਆਂ ਵਿਚ ਸ਼੍ਰੋਮਣੀ ਅਕਾਲੀ



ਦਲ ਦੇ ਪ੍ਰਧਾਨ ਸਮੇਤ ਨਵਾਂ ਤੇ ਮਜ਼ਬੂਤ ਆਏਗਾ, ਜੋ ਪੰਜਾਬ ਤੇ ਪੰਥ ਦੇ ਹਿੱਤਾਂ ਦੀ ਗੱਲ ਕਰੇਗਾ। ਸੁਖਬੀਰ ਸਿੰਘ ਬਾਦਲ ਨੂੰ ਮੁੜ ਪ੍ਰਧਾਨ ਚੁਣੇ ਜਾਣ 'ਤੇ ਟਿੱਪਣੀ ਕਰਦਿਆਂ ਉਨ੍ਹਾਂ ਕਿਹਾ ਕਿ ਜੇਕਰ ਕਥਿਤ ਬੋਗਸ ਭਰਤੀ ਰਾਹੀਂ ਪ੍ਰਧਾਨ ਬਣੇ ਸੁਖਬੀਰ ਨੂੰ ਸੰਗਤ ਨੇ ਪ੍ਰਧਾਨ ਮੰਨਣਾ ਹੁੰਦਾ ਤਾਂ ਫਿਰ 2022 ਦੀਆਂ ਚੋਣਾਂ ਵਿਚ ਹੀ ਮੰਨ ਲੈਂਦੀ। ਸ਼੍ਰੋਮਣੀ ਕਮੇਟੀ ਚੋਣਾਂ ਜਲਦ ਹੋਣ ਦੀ ਸੰਭਾਵਨਾ ਸੰਬੰਧੀ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਦਾ ਚੋਣ ਲੜਨ ਦੀ ਕੋਈ ਇਰਾਦਾ ਨਹੀਂ, ਪਰ ਸਮੂਹ ਪੰਥਕ ਧਿਰਾਂ ਨੂੰ ਇਕ ਮੰਚ 'ਤੇ ਇਕੱਠੇ ਹੋ ਕੇ ਸ਼੍ਰੋਮਣੀ ਕਮੇਟੀ ਚੋਣਾਂ ਲੜਨੀਆਂ ਚਾਹੀਦੀਆਂ ਹਨ ਤੇ ਜਿਨ੍ਹਾਂ ਲੋਕਾਂ ਨੇ ਪਿਛਲੇ ਸਮਿਆਂ ਵਿਚ ਮਰਯਾਦਾ ਤੇ ਪਰੰਪਰਾਵਾਂ ਦਾ ਘਾਣ ਕੀਤਾ, ਉਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਪ੍ਰਬੰਧ ਤੋਂ ਬਾਹਰ ਕਰਨਾ ਚਾਹੀਦਾ ਹੈ। ਸਾਬਕਾ ਜਥੇਦਾਰ ਨਾਲ ਦਿੱਲੀ ਹਵਾਈ ਅੱਡਾ ਵਿਖੇ ਹੋਏ ਦੁਰਵਿਵਹਾਰ ਬਾਰੇ ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਨੂੰ ਇਸ ਬਾਰੇ ਹਵਾਈ ਅੱਡਾ ਤੇ ਏਅਰ ਲਾਈਨਜ਼ ਦੇ ਅਧਿਕਾਰੀਆਂ ਨਾਲ ਗੱਲਬਾਤ ਕਰਕੇ ਰੋਸ ਪ੍ਰਗਟ ਕਰਨਾ ਚਾਹੀਦਾ ਹੈ। ਪਹਿਲਗਾਮ ਵਿਖੇ ਸੈਲਾਨੀਆਂ ਦੇ ਕਤਲ ਬਾਰੇ ਜਥੇਦਾਰ ਨੇ ਕਿਹਾ ਕਿ ਇਸ ਨਾਲ ਕਸ਼ਮੀਰ ਅਜਿਹੇ ਹਮਲਿਆਂ ਵਿਰੁੱਧ ਇਕਜੁਟ ਹੋ ਕੇ ਸਾਨੂੰ ਸਭ ਨੂੰ ਭਾਈਚਾਰਕ ਸਾਂਝ ਬਰਕਰਾਰ ਰੱਖਣ ਲਈ ਅੱਗੇ ਆਉਣਾ ਚਾਹੀਦਾ ਹੈ।

# ਆਸਟ੍ਰੇਲੀਆ 'ਚ ਪੰਜਾਬੀ ਨੌਜਵਾਨ ਦੀ ਗੋਲੀ ਮਾਰ ਕੇ ਹੱਤਿਆ

**ਸਿਡਨੀ:** ਨਿਊ ਸਾਊਥ ਵੇਲਜ਼ ਦੇ ਇਲਾਕੇ ਨਿਊ ਕਾਸਲ ਵਿਚ ਬੁੱਧਵਾਰ ਰਾਤ ਮੰਦਭਾਗੀ ਘਟਨਾ ਵਿਚ 18 ਸਾਲਾਂ ਪ੍ਰੀਤ ਏਕਮ ਸਿੰਘ ਸਾਹਨੀ ਨੂੰ ਗੋਲੀ ਮਾਰ ਕੇ ਹਲਾਕ ਕਰ ਦਿੱਤਾ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਏਕਮ ਪ੍ਰੀਤ ਸਿੰਘ ਸਾਹਨੀ ਬੀਚ ਬਾਰ ਨਿਊ ਕਾਸਲ ਵਿਚ ਪਾਰਕਿੰਗ ਵਿਚ ਖੜ੍ਹਾ ਸੀ 'ਤੇ ਅਣਪਛਾਤਿਆਂ ਨੇ ਉਸ ਦੇ ਗੋਲੀ ਚਲਾਈ ਅਤੇ ਮੌਕੇ 'ਤੇ ਉਸਦੀ ਮੌਤ ਹੋ ਗਈ।



ਉਸਦੇ ਸਾਥੀਆਂ ਨੇ ਕਿਹਾ ਕਿ ਸਾਹਨੀ ਇਕ ਬਹੁਤ ਹੀ ਸੁਲਝਿਆ ਹੋਇਆ ਅਤੇ ਚੰਗੇ ਸੁਭਾਅ ਦਾ ਸੀ ਤੇ ਉਸ ਦਾ ਇੰਨੀ ਛੋਟੀ ਉਮਰ ਵਿਚ ਕਿਸੇ ਨਾਲ ਕੋਈ ਵੀ ਝਗੜਾ ਵੀ ਨਹੀਂ ਸੀ। ਇਹ ਘਟਨਾ ਕਈ ਸਵਾਲ ਖੜ੍ਹੇ ਕਰਦੀ ਹੈ ਕਿ ਪੁਲਿਸ ਵੱਲੋਂ ਇਸ ਦੀ ਤਫਤੀਸ਼ ਕੀਤੀ ਜਾ ਰਹੀ ਹੈ ਅਤੇ ਦੋਸ਼ੀਆਂ ਨੂੰ ਫੜਨ ਦੀ ਕਾਰਵਾਈ ਚੱਲ ਰਹੀ ਹੈ। ਦੱਸਿਆ ਜਾਂਦਾ ਹੈ ਕਿ ਏਕਮ ਪ੍ਰੀਤ ਸਿੰਘ ਸਾਹਨੀ ਰਾਜਪੁਰੇ ਦੇ ਨੇੜੇ ਤੋਂ ਸੰਬੰਧਿਤ ਸੀ।

# ਪਹਿਲਗਾਮ ਦੇ ਹਮਲੇ ਪਿੱਛੇ ਦੇਸ਼ ਦੇ ਲੋਕਾਂ ਨੂੰ ਵੰਡਣ ਦੀ ਸਾਜ਼ਿਸ਼: ਰਾਹੁਲ ਗਾਂਧੀ

**ਜੰਮੂ:** ਲੋਕ ਸਭਾ 'ਚ ਵਿਰੋਧੀ ਧਿਰ ਦੇ ਆਗੂ ਤੇ ਕਾਂਗਰਸ ਦੇ ਸੰਸਦ ਮੈਂਬਰ ਰਾਹੁਲ ਗਾਂਧੀ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਪਹਿਲਗਾਮ ਦੇ ਅੱਤਵਾਦੀ ਹਮਲੇ ਪਿਛਲੀ ਸਾਜ਼ਿਸ਼ ਦੇਸ਼ ਦੇ ਲੋਕਾਂ ਨੂੰ ਵੰਡਣਾ ਸੀ। ਇਸ ਲਈ ਇਹ ਜ਼ਰੂਰੀ ਹੈ ਕਿ ਅੱਤਵਾਦ ਨੂੰ ਹਮੇਸ਼ਾ ਲਈ ਹਰਾਉਣ ਲਈ ਦੇਸ਼ ਇਕਜੁੱਟ ਹੋਵੇ। ਉਨ੍ਹਾਂ ਕਿਹਾ ਕਿ ਇਹ ਇਕ ਭਿਆਨਕ ਤ੍ਰਾਸਦੀ ਹੈ। ਮੈਂ ਇੱਥੇ ਆ ਕੇ ਸਥਿਤੀ ਨੂੰ ਸਮਝਣ ਤੇ ਮਦਦ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ। ਜੰਮੂ-ਕਸ਼ਮੀਰ ਦੇ ਸਾਰੇ ਲੋਕਾਂ ਨੇ ਇਸ ਭਿਆਨਕ ਕਾਰੇ ਦੀ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਇਹ ਦੁਖਦਾਈ ਹੈ ਕਿ ਕੁਝ ਲੋਕ ਮੇਰੇ ਕਸ਼ਮੀਰੀ ਭਰਾਵਾਂ ਤੇ ਭੈਣਾਂ 'ਤੇ ਦੇਸ਼ ਦੇ ਬਾਕੀ ਹਿੱਸਿਆਂ 'ਚ ਹਮਲੇ ਕਰ ਰਹੇ ਹਨ।

ਸ੍ਰੀਨਗਰ ਵਿਚ ਸਵੇਰੇ ਪਹੁੰਚੇ ਕਾਂਗਰਸੀ ਆਗੂ ਨੇ ਅੱਤਵਾਦੀ ਹਮਲੇ ਵਿਚ ਜ਼ਖ਼ਮੀ ਹੋਏ ਲੋਕਾਂ ਦਾ ਹਾਲਚਾਲ ਪੁੱਛਣ ਲਈ ਬਾਦਾਮੀ ਬਾਗ ਛਾਉਣੀ ਵਿਚ ਫ਼ੌਜ ਦੇ 92 ਬੇਸ ਹਸਪਤਾਲ ਦਾ ਦੌਰਾ ਕੀਤਾ। ਇਸ ਤੋਂ ਬਾਅਦ ਉਨ੍ਹਾਂ ਨੇ ਮੁੱਖ ਮੰਤਰੀ ਉਮਰ ਅਬਦੁੱਲਾ ਨਾਲ ਉਨ੍ਹਾਂ ਦੀ ਰਿਹਾਇਸ਼ 'ਤੇ ਮੁਲਾਕਾਤ ਕੀਤੀ ਅਤੇ ਅੱਤਵਾਦੀ ਘਟਨਾ ਦੀ ਜਾਣਕਾਰੀ ਲੈਣ ਦੇ ਨਾਲ ਸੁਰੱਖਿਆ ਹਾਲਾਤ 'ਤੇ ਗੱਲਬਾਤ ਕੀਤੀ। ਬਾਅਦ 'ਚ ਉਹ ਰਾਜ ਭਵਨ ਵਿਚ ਉਪ ਰਾਜਪਾਲ ਮਨੋਜ ਸਿਨ੍ਹਾ ਨੂੰ ਮਿਲੇ ਤੇ ਅੱਤਵਾਦੀ ਹਮਲੇ ਦੇ ਵੱਖ-ਵੱਖ ਪਹਿਲੂਆਂ 'ਤੇ ਚਰਚਾ ਕੀਤੀ।

ਜ਼ਖ਼ਮੀਆਂ ਨੂੰ ਮਿਲਣ ਪਿੱਛੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਰਾਹੁਲ ਨੇ ਕਿਹਾ ਕਿ ਹਸਪਤਾਲ 'ਚ ਮੈਂ ਜ਼ਖ਼ਮੀਆਂ ਨਾਲ ਮੁਲਾਕਾਤ ਕੀਤੀ। ਮੇਰੀਆਂ ਸੰਵੇਦਨਾਵਾਂ ਤੇ ਪਿਆਰ ਉਨ੍ਹਾਂ



ਸਾਰੇ ਲੋਕਾਂ ਨਾਲ ਹੈ ਜਿਨ੍ਹਾਂ ਨੇ ਆਪਣੇ ਪਰਿਵਾਰ ਦੇ ਜੀਆਂ ਨੂੰ ਗੁਆਇਆ ਹੈ। ਮੈਂ ਚਾਹੁੰਦਾ ਹਾਂ ਕਿ ਸਾਰੇ ਜਾਣ ਲੈਣ ਕਿ ਰਾਸ਼ਟਰ ਉਨ੍ਹਾਂ ਦੇ ਨਾਲ ਹੈ।

ਦਿੱਲੀ ਵਿਚ ਹੋਈ ਸਰਬ ਪਾਰਟੀ ਬੈਠਕ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਵਿਰੋਧੀ ਧਿਰ ਨੇ ਇਕਜੁੱਟਤਾ ਨਾਲ ਅੱਤਵਾਦੀ ਹਮਲੇ ਦੀ ਨਿੰਦਾ ਕੀਤੀ ਹੈ ਤੇ ਸਰਕਾਰ ਵੱਲੋਂ ਕੀਤੀ ਜਾਣ ਵਾਲੀ ਕਿਸੇ ਵੀ ਕਾਰਵਾਈ ਲਈ ਪੂਰਨ ਸਮਰਥਨ ਪ੍ਰਗਟ ਕੀਤਾ। ਮੁੱਖ ਮੰਤਰੀ ਤੇ ਉਪ ਰਾਜਪਾਲ ਨੂੰ ਵੀ ਭਰੋਸਾ ਦਿਵਾਇਆ ਹੈ ਕਿ ਮੈਂ ਤੇ ਮੇਰੀ ਪਾਰਟੀ ਉਨ੍ਹਾਂ ਦਾ ਪੂਰਨ ਸਮਰਥਨ ਕਰਾਂਗੇ।


# ਓਵੈਸੀ ਨੇ ਕਾਲੀ ਪੱਟੀ ਬੰਨ੍ਹ ਕੇ ਪੜ੍ਹੀ ਨਮਾਜ਼



**ਹੈਦਰਾਬਾਦ:** ਤੇਲੰਗਾਨਾ 'ਚ ਏ.ਆਈ.ਐੱਮ.ਆਈ.ਐੱਮ. ਦੇ ਮੁਖੀ ਅਸਦੁਦੀਨ ਓਵੈਸੀ ਨੇ ਪਹਿਲਗਾਮ ਅੱਤਵਾਦੀ ਹਮਲੇ ਖ਼ਿਲਾਫ਼ ਕਾਲੀ ਪੱਟੀ ਬੰਨ੍ਹ ਕੇ ਜੁਮੇ ਦੀ ਨਮਾਜ਼ ਪੜ੍ਹੀ। ਨਾਲ ਹੀ ਹੈਦਰਾਬਾਦ ਸਥਿਤ ਸ਼ਾਸਤਰੀਪੁਰਮ ਮਸਜਿਦ 'ਚ ਨਮਾਜ਼ ਅਦਾ ਕਰਨ ਆਏ ਲੋਕਾਂ ਨੂੰ ਵੀ ਹਮਲੇ ਦਾ ਵਿਰੋਧ ਕਰਨ ਲਈ ਕਾਲੀਆਂ ਪੱਟੀਆਂ ਦਿੱਤੀਆਂ। ਪਾਰਟੀ ਦੇ ਸੂਤਰਾਂ ਨੇ ਸ਼ੁੱਕਰਵਾਰ ਨੂੰ ਦੱਸਿਆ ਕਿ ਓਵੈਸੀ ਨੇ ਮਸਜਿਦ 'ਚ ਨਮਾਜ਼ ਪੜ੍ਹਨ ਆਏ ਲੋਕਾਂ ਨੂੰ ਵੀ ਪਹਿਲਗਾਮ ਅੱਤਵਾਦੀ ਹਮਲੇ ਦਾ ਵਿਰੋਧ ਕਰਨ ਲਈ ਪੱਟੀਆਂ ਬੰਨ੍ਹਣ ਨੂੰ ਕਿਹਾ। ਓਵੈਸੀ ਨੇ ਐਕਸ 'ਤੇ ਵੀ ਪੋਸਟ ਕੀਤਾ ਕਿ ਜੁਮੇ ਦੀ ਨਮਾਜ਼ ਵੇਲੇ ਆਪਣੀਆਂ ਬਾਹਾਂ 'ਤੇ ਕਾਲੀਆਂ ਪੱਟੀਆਂ ਬੰਨ੍ਹਣ ਤਾਂ ਕਿ ਬੇਦੋਸ਼ੇ ਭਾਰਤੀਆਂ 'ਤੇ ਪਹਿਲਗਾਮ 'ਚ ਹੋਏ ਹਮਲੇ ਦੇ ਖ਼ਿਲਾਫ਼ ਵਿਰੋਧ ਦਰਜ ਕੀਤਾ ਜਾ ਸਕੇ। ਜ਼ਿਕਰਯੋਗ ਹੈ ਕਿ ਇਸ ਮਾਮਲੇ 'ਚ ਧਰਮ ਪੁੱਛ-ਪੁੱਛ ਕੇ ਅੱਤਵਾਦੀਆਂ ਨੇ 26 ਸੈਲਾਨੀਆਂ ਨੂੰ ਨਿਸ਼ਾਨਾ ਬਣਾ ਕੇ ਉਨ੍ਹਾਂ ਦੀ ਹੱਤਿਆ ਕਰ ਦਿੱਤੀ ਹੈ। ਇਸ ਤੋਂ ਪਹਿਲਾਂ ਵੀਰਵਾਰ ਨੂੰ ਓਵੈਸੀ ਇਸ ਸਬੰਧ 'ਚ ਸੱਦੀ ਗਈ ਸਰਬ ਪਾਰਟੀ ਮੀਟਿੰਗ 'ਚ ਸ਼ਾਮਲ ਹੋਏ ਸਨ ਤੇ ਕਿਹਾ ਕਿ ਪਾਕਿਸਤਾਨ ਖ਼ਿਲਾਫ਼ ਸਖ਼ਤ ਕਾਰਵਾਈ ਹੋਣੀ ਚਾਹੀਦੀ। ਉਨ੍ਹਾਂ ਨੇ ਸਿੰਧੂ ਜਲ ਸਮਝੌਤੇ ਟਾਲਣ ਸਬੰਧੀ ਸਰਕਾਰ ਦੇ ਫ਼ੈਸਲੇ ਦੀ ਹਮਾਇਤ ਕਰਦਿਆਂ ਪੁੱਛਿਆ ਸੀ ਕਿ ਇੰਨਾ ਪਾਣੀ ਅਸੀਂ ਰੱਖਾਂਗੇ ਕਿਥੇ? ਉਨ੍ਹਾਂ ਨੇ ਕਿਹਾ ਕਿ ਉਹ ਸਰਕਾਰ ਦੇ ਸਾਰੇ ਫ਼ੈਸਲਿਆਂ ਦੀ ਹਮਾਇਤ ਕਰਨਗੇ।

# ਇਸਰੋ ਦੇ ਸਾਬਕਾ ਪ੍ਰਮੁੱਖ ਕਸਤੂਰੀਰੰਗਨ ਨਹੀਂ ਰਹੇ

**ਨਵੀਂ ਦਿੱਲੀ:** ਇਸਰੋ ਦੇ ਸਾਬਕਾ ਮੁਖੀ ਕੇ ਕਸਤੂਰੀਰੰਗਨ ਦਾ ਸ਼ੁੱਕਰਵਾਰ ਨੂੰ ਬੈਂਗਲੁਰੂ ਵਿਚ ਦੇਹਾਂਤ ਹੋ ਗਿਆ। ਉਹ 84 ਸਾਲ ਦੇ ਸਨ ਅਤੇ ਮਹੀਨਿਆਂ ਤੋਂ ਉਮਰ ਸਬੰਧੀ ਬਿਮਾਰੀਆਂ ਤੋਂ ਪੀੜਤ ਸਨ। ਕਸਤੂਰੀਰੰਗ ਨੇ 1994 ਤੋਂ 2003 ਤੱਕ ਇਸਰੋ ਦੀ



ਅਗਵਾਈ ਕੀਤੀ। ਉਨ੍ਹਾਂ ਇਸਰੋ ਵਿਚ ਲਗਪਗ 35 ਸਾਲਾਂ ਤੱਕ ਦੀ ਸੇਵਾ ਕੀਤੀ।

ਇਸ ਦੌਰਾਨ ਉਹ ਭਾਰਤ ਦੇ ਪਹਿਲੇ ਦੋ ਅਰਥ ਆਬਜ਼ਰਵੇਸ਼ਨ ਸੈਟੇਲਾਈਟ ਭਾਸਕਰ-1 ਅਤੇ ਭਾਸਕਰ-2 ਦੇ ਪ੍ਰੋਜੈਕਟ ਡਾਇਰੈਕਟਰ ਰਹੇ।

# ਪਹਿਲਗਾਮ ਹਮਲੇ ’ਚ ਸ਼ਾਮਲ ਅਤਿਵਾਦੀ ਆਦਿਲ ਤੇ ਅਹਿਸਾਨ ਦੇ ਘਰ ਢਾਹੇ

**ਸ੍ਰੀਨਗਰ:** ਪਹਿਲਗਾਮ ਕਤਲੇਆਮ ਤੋਂ ਬਾਅਦ ਹੁਣ ਸੁਰੱਖਿਆ ਬਲ ਨੇ ਅੱਤਵਾਦ ‘ਤੇ ਚੌਤਰਫ਼ਾ ਹਮਲਾ ਸ਼ੁਰੂ ਕਰ ਦਿੱਤਾ ਹੈ। ਦੱਖਣੀ ਕਸ਼ਮੀਰ ‘ਚ ਵੱਖ-ਵੱਖ ਖੇਤਰਾਂ ‘ਚ ਅੱਤਵਾਦੀਆਂ ਦੇ ਸਫ਼ਾਏ ਲਈ ਮੁਹਿੰਮ ਜਾਰੀ ਹੈ। ਆਪਣੀ ਤਰ੍ਹਾਂ ਦੀ ਪਹਿਲੀ ਕਾਰਵਾਈ ‘ਚ ਸ਼ੁੱਕਰਵਾਰ ਨੂੰ ਪਹਿਲਗਾਮ ਹਮਲੇ ‘ਚ ਸ਼ਾਮਲ ਦੋਵਾ ਸਥਾਨਕ ਅੱਤਵਾਦੀਆਂ ਆਦਿਲ ਠੋਕਰ ਉਰਫ਼ ਆਦਿਲ ਗੁਰੀ ਤੇ ਅਹਿਸਾਮਨ ਅਹਿਮਦ ਸ਼ੇਖ ਸਮੇਤ ਲਸ਼ਕਰ ਦੇ ਤਿੰਨ ਅੱਤਵਾਦੀਆਂ ਦੇ ਮਕਾਨ ਧਮਾਕੇ ਨਾਲ ਉਡਾ ਦਿੱਤੇ ਗਏ।

ਤੀਜਾ ਅੱਤਵਾਦੀ ਹਾਰਿਸ ਨਜ਼ੀਰ ਵੀ ਸੂਚੀਬੱਧ ਅੱਤਵਾਦੀਆਂ ਦੀ ਸੂਚੀ ‘ਚ ਹੈ। ਇਕ ਹੋਰ ਘਟਨਾ ਚੱਕਰ ‘ਚ ਜੈਸ਼-ਏ-ਮੁਹੰਮਦ ਦੇ ਅੱਤਵਾਦੀ ਆਸਿਫ਼ ਸ਼ੇਖ ਦਾ ਤਾਲ ਸਥਿਤ ਘਰ ਵੀ ਇਕ ਆਈਈਡੀ ਧਮਾਕੇ ‘ਚ ਨਸ਼ਟ ਹੋ ਗਿਆ ਤੇ ਉਸ ਦੌਰਾਨ ਤਲਾਸ਼ੀ ਲੈਣ ਗਿਆ ਦਲ ਧਮਾਕੇ ‘ਚ ਵਾਲ-ਵਾਲ ਬਚ ਗਿਆ। ਉੱਥੇ ਹੀ ਪਹਿਲਗਾਮ ‘ਚ 200 ਘੋੜੇ ਵਾਲਿਆਂ ਨੂੰ ਪੁੱਛਗਿੱਛ ਲਈ ਹਿਰਾਸਤ ‘ਚ ਲਿਆ ਗਿਆ ਹੈ।

ਪਹਿਲਗਾਮ ਹਮਲੇ ਨੂੰ ਅੰਜਾਮ ਦੇਣ ‘ਚ ਅਨੰਤਨਾਗ ਦੇ ਬਿਜਬਿਹਾੜਾ ਵਾਸੀ ਅੱਤਵਾਦੀ ਆਦਿਲ ਠੋਕਰ ਤੇ ਪੁਲਵਾਮਾ ਦੇ ਮੁਰਨ ਵਾਸੀ ਅਹਿਸਾਨ ਅਹਿਮਦ ਸ਼ੇਖ ਸਮੇਤ ਤਿੰਨ ਪਾਕਿਸਤਾਨੀ ਅੱਤਵਾਦੀ ਸ਼ਾਮਲ ਦੱਸੇ ਜਾ ਰਹੇ ਹਨ। ਸ਼ੁੱਕਰਵਾਰ ਤੜਕੇ ਤੋਂ ਲੈ ਕੇ ਦੇਰ ਸ਼ਾਮ ਤੱਕ ਇਹੀ ਕਾਰਵਾਈ ਹੋਈ। ਇਸੇ ਤਰ੍ਹਾਂ ਪੁਲਵਾਮਾ ‘ਚ ਹੀ ਲਸ਼ਕਰ ਦੇਇਕ ਹੋਰ ਅੱਤਵਾਦੀ ਹਾਰਿਸ ਨਜੀਰ ਦੀ ਰਿਹਾਇਸ਼ ਨੂੰ ਤਬਾਹ ਕੀਤਾ ਗਿਆ। ਹਾਰਿਸ 24 ਜੂਨ 2023 ਨੂੰ ਅੱਤਵਾਦੀ ਬਣਿਆ ਸੀ ਤੇ ਜੰਮੂ ਕਸ਼ਮਿਰ ਦੇ ਸੂਚੀਬੱਧ ਅੱਤਵਾਦੀਆਂ ਦੀ ਸ਼੍ਰੇਣੀ ‘ਚ ਹੈ।

ਸੂਤਰਾਂ ਨੇ ਦੱਸਿਆ ਕਿ 22 ਅਪ੍ਰੈਲ ਨੂੰ ਹੋਏ ਪਹਿਲਗਾਮ ਕਤਲੇਆਮ ‘ਚ ਆਦਿਲ ਹੁਸੈਨ ਠੋਕਰ ਉਰਫ਼ ਆਦਿਲ ਗੁਰੀ ਵੀ ਸ਼ਾਮਲ ਸੀ। ਉਹ ਸਾਲ 2018 ‘ਚ ਅੰਮ੍ਰਿਤਸਰ ਦੇ ਅਟਾਰੀ ਵਾਹਗਾ ਦੇ ਰਸਤੇ ਤੋਂ ਜਾਇਜ਼ ਵੀਜ਼ੇ ਦੇ ਆਧਾਰ ‘ਤੇ ਪਾਕਿਸਤਾਨ ਗਿਆ ਸੀ। ਉਸ ਤੋਂ ਬਾਅਦ ਉਸ ਦਾ ਸੁਰਾਗ ਨਹੀਂ ਮਿਲਿਆ। ਸਮਝਿਆ ਜਾਂਦਾ ਹੈ ਕਿ ਉਹ ਸੱਤ ਮਹੀਨੇ ਪਹਿਲਾਂ



ਕੁਝ ਅੱਤਵਾਦੀਆਂ ਨਾਲ ਕਸ਼ਮੀਰ ‘ਚ ਘੁਸਪੈਠ ਕਰ ਕੇ ਪਹੁੰਚਿਆ ਸੀ। ਉਹ ਦੱਖਣੀ ਕਸ਼ਮੀਰ ‘ਚ ਹੀ ਸਰਗਰਮ ਹੈ। ਹਮਲੇ ਤੋਂ ਬਾਅਦ ਚਸ਼ਮਦੀਦਾਂ ਨੇ ਜਿਨ੍ਹਾਂ ਅੱਤਵਾਦੀਆਂ ਦਾ ਹੁਲੀਆ ਦੱਸਿਆ ਹੈ, ਉਨ੍ਹਾਂ ‘ਚ ਆਦਿਲ ਵੀ ਹੈ। ਉਸ ਨੂੰ ਤੇ ਉਸ ਦੇ ਸਾਥੀਆਂ ਨੂੰ ਫੜਨ ਲਈ ਸੁਰੱਖਿਆ ਦਸਤਿਆਂ ਨੇ ਕਾਰਵਾਈ ਤੇਜ਼ ਕਰ ਦਿੱਤੀ ਹੈ। ਦੱਸਿਆ ਜਾ ਰਿਹਾ ਹੈ ਕਿ ਵੀਰਵਾਰ ਦੇਰ ਰਾਤ ਗਏ ਸੁਰੱਖਿਆ ਦਸਤਿਆਂ ਦੇ ਇਕ ਦਲ ਨੇ ਕਥਿਤ ਤੌਰ ‘ਤੇ ਉਸ ਦੇ ਪਰਿਵਾਰਕ ਮੈਂਬਰਾਂ ਨੂੰ ਮਕਾਨ ਤੋਂ ਬਾਹਰ ਜਾਣ ਲਈ ਕਿਹਾ। ਇਸ ਤੋਂ ਬਾਅਦ ਉਸ ਦੇ ਮਕਾਨ ਨੂੰ ਧਮਾਕੇ ਨਾਲ ਢਾਹ ਦਿੱਤਾ। ਹਮਲੇ ‘ਚ ਸ਼ਾਮਲ ਪੁਲਵਾਮਾ ਵਾਸੀ ਲਸ਼ਕਰ ਅੱਤਵਾਦੀ ਅਹਿਸਾਨ ਅਹਿਮਦ ਸੇਖ ਵੀ ਕੁਝ ਸਾਲ ਪਹਿਲਾਂ ਵੀਜ਼ੇ ਲੈ ਕੇ ਪਾਕਿਸਤਾਨ ਗਿਆ ਸੀ ਤੇ ਫਿਰ ਲਸ਼ਕਰ ਨਾਲ ਜੁੜ ਗਿਆ।

ਦੂਜੇ ਪਾਸੇ ਜੈਸ਼-ਏ-ਮੁਹੰਮਦ ਦੇ ਅੱਤਵਾਦੀ ਆਸਿਫ਼ ਸੇਖ ਦੇ ਤ੍ਰਾਲ ਦੇ ਹੀਪੋਰਾ ਸਥਿਤ ਘਰ ‘ਚ ਤਲਾਸ਼ੀ ਲੈਣ ਗਿਆ ਪੁਲਿਸ ਦਲ ਉੱਥੇ ਰੱਖੀ ਇਕ ਆਈਈਡੀ ਦੇ ਧਮਾਕੇ ‘ਚ ਵਾਲ-ਵਾਲ ਬਚ ਗਿਆ, ਪਰ ਮਕਾਨ ਨਸ਼ਟ ਹੋ ਗਿਆ। ਸੁਰੱਖਿਆ ਬਲਾਂ ਦੀ ਤਲਾਸ਼ੀ ਮੁਹਿੰਮ ਦਾ ਘੇਰਾ ਅਨੰਤਨਾਗ ਤੇ ਕੁਲਗਾਮ ਤੋਂ ਅੱਗੇ ਵਧਦੇ ਹੋਏ ਸ਼ੋਪੀਆਂ ਤੱਕ ਪੁੱਜ ਗਿਆ ਹੈ। ਅੱਤਵਾਦੀਆਂ ਨੂੰ ਫੜਨ ਲਈ ਸੁਰੱਖਿਆ ਏਜੰਸੀਆਂ ਨੇ ਕਾਰਵਾਈ ਹੋਰ ਤੇਜ਼ ਕਰ ਦਿੱਤੀ ਹੈ।

ਬੈਸਰਨ (ਪਹਿਲਗਾਮ) ਦੇ ਉੱਪਰੀ ਹਿੱਸਿਆਂ ਤੋਂ ਇਲਾਵਾ ਆੜੂ ਘਾਟੀ ਨੂੰ ਤਰਾਲ ਨਾਲ ਜੋੜਨ ਵਾਲੇ ਪਹਾੜੀ ਰਸਤਿਆਂ ਤੇ ਕੋਕਰਨਾਗ ਦੇ ਉੱਪਰੀ ਹਿੱਸਿਆਂ ‘ਚ ਫ਼ੌਜ ਦੇ ਨੀਮ ਕਮਾਂਡੋ ਦੇ ਅਲੱਗ-ਅਲੱਗ ਦਸਤੇ ਵੀ ਤਲਾਸ਼ੀ ਕਾਰਵਾਈ ਲਈ ਉਤਾਰੇ ਗਏ ਹਨ। ਕੁਲਗਾਮ ਤੇ ਸ਼ੋਪੀਆਂ ‘ਚ 25 ਸਾਬਕਾ ਅੱਤਵਾਦੀਆਂ ਤੇ ਓਵਰਗਰਾਊਂਡ ਵਰਕਰਾਂ ਦੇ ਟਿਕਾਣਿਆਂ ਦੀ ਤਲਾਸ਼ੀ ਲਈ ਗਈ ਹੈ।

# ਪ੍ਰਵੀਨ ਕੁਮਾਰ ਸਿਨਹਾ ਬਣੇ ਵਿਜੀਲੈਂਸ ਵਿਭਾਗ ਦੇ ਨਵੇਂ ਮੁਖੀ



**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਹੁਕਮ ਜਾਰੀ ਕਰ ਕੇ ਵਿਜੀਲੈਂਸ ਵਿਭਾਗ ਦਾ ਚਾਰਜ ਏਡੀਜੀਪੀ ਇੰਟੈਲੀਜੈਂਸ ਪ੍ਰਵੀਨ ਕੁਮਾਰ ਸਿਨਹਾ ਨੂੰ ਸੌਂਪ ਦਿੱਤਾ ਹੈ। ਰੌਚਕ ਗੱਲ ਇਹ ਹੈ ਕਿ ਦੋ ਮਹੀਨੇ ਪਹਿਲਾਂ ਸਰਕਾਰ ਨੇ ਵਿਜੀਲੈਂਸ ਚੀਫ ਵਰਿੰਦਰ ਕੁਮਾਰ ਨੂੰ ਹਟਾ ਦਿੱਤਾ ਸੀ, ਜਿਨ੍ਹਾਂ ਨੂੰ ਦੋ ਮਹੀਨੇ ਬਾਅਦ ਵੀ ਹਾਲੇ ਤੱਕ ਪੋਸਟਿੰਗ ਨਹੀਂ ਦਿੱਤੀ ਗਈ ਹੈ। ਦੱਸਿਆ ਜਾਂਦਾ ਹੈ ਕਿ ਦੋ ਸਾਬਕਾ ਮੰਤਰੀਆਂ ਭਾਰਤ ਭੂਸ਼ਣ ਆਸ਼ੂ ਤੇ ਸੁੰਦਰ ਸ਼ਿਆਮ ਅਰੋੜਾ, ਜਿਨ੍ਹਾਂ ਨੂੰ ਵਿਜੀਲੈਂਸ ਨੇ ਭ੍ਰਿਸ਼ਟਾਚਾਰ ਦੇ ਕੇਸਾਂ ਵਿਚ ਫੜਿਆ ਸੀ, ਦੇ ਮਾਮਲਿਆਂ ਵਿਚ ਵਰਿੰਦਰ ਕੁਮਾਰ ਦੇ ਵਿਜੀਲੈਂਸ ਚੀਫ ਰਹਿੰਦੇ ਸਰਕਾਰਦੀ ਉਸ ਸਮੇਂ ਕਾਫੀ ਫਜੀਹਤ ਹੋਈ ਸੀ ਜਦੋਂ ਹਾਈ ਕੋਰਟ ਨੇ ਦੋਵਾਂ ਖ਼ਿਲਾਫ਼ ਦਰਜ ਕੇਸਾਂ ਨੂੰ ਰੱਦ ਕਰ ਦਿੱਤਾ ਸੀ। ਵਰਿੰਦਰ ਕੁਮਾਰ ਨੂੰ ਹਟਾ ਕੇ ਸਰਕਾਰ ਨੇ ਜੀ. ਨਾਗੇਸ਼ਵਰ ਰਾਓ ਨੂੰ ਲਾਇਆ ਸੀ ਪਰ ਉਹ ਵੀ ਜ਼ਿਆਦਾ ਸਮਾਂ ਵਿਜੀਲੈਂਸ ਚੀਫ ਦੀ ਕੁਰਸੀ ‘ਤੇ ਨਹੀਂ ਗੁਜ਼ਾਰ ਸਕੇ। ਆਪਣੇ ਮੁਤਾਬਕ ਕੰਮ ਕਰਨ ਅਤੇ ਕਿਸੇ ਦਬਾਅ ਵਿਚ ਨਾ ਆਉਣ ਲਈ ਪ੍ਰਸਿੱਧ ਰਾਓ ਨੂੰ ਹਟਾ ਕੇ ਐੱਸਪੀਐੱਸ ਪਰਮਾਰ ਨੂੰ 26 ਮਾਰਚ ਨੂੰ ਨਵਾਂ ਵਿਜੀਲੈਂਸ ਚੀਫ ਬਣਾਇਆ ਗਿਆ ਸੀ ਪਰ ਸ਼ੁੱਕਰਵਾਰ ਨੂੰ ਪੂਰੇ ਇਕ ਮਹੀਨੇ ਬਾਅਦ ਉਨ੍ਹਾਂ ਨੂੰ ਵੀ ਸਸਪੈਂਡ ਕਰ ਦਿੱਤਾ ਗਿਆ ਹੈ।

> **ਵਰਿੰਦਰ ਕੁਮਾਰ ਨੂੰ ਹਟਾ ਕੈ ਸਰਕਾਰ ਨੇ ਜੀ. ਨਾਗੇਸ਼ਵਰ ਰਾਓ ਨੂੰ ਲਾਇਆ ਸੀ ਪਰ ਉਹ ਵੀ ਜ਼ਿਆਦਾ ਸਮਾਂ ਵਿਜੀਲੈਂਸ ਚੀਫ ਦੀ ਕੁਰਸੀ ‘ਤੇ ਨਹੀਂ ਗੁਜ਼ਾਰ ਸਕੇ।**

# ਡਰਾਈਵਿੰਗ ਲਾਇਸੈਂਸ ਘੁਟਾਲੇ ਵਿਚ ਵਿਜੀਲੈਂਸ ਮੁਖੀ ਅਤੇ ਦੋ ਹੋਰ ਮੁਅੱਤਲ






**ਚੰਡੀਗੜ੍ਹ:** ਡਰਾਈਵਿੰਗ ਲਾਇਸੈਂਸ ਨਾਲ ਜੁੜਿਆ ਘੁਟਾਲਾ ਸਾਹਮਣੇ ਆਉਣ ਅਤੇ ਉਸ ‘ਤੇ ਕਾਰਵਾਈ ਕਰਨ ਵਿਚ ਲਾਪਰਵਾਹੀ ਵਰਤਣ ਦੇ ਕਾਰਨ ਮੁੱਖ ਮੰਤਰੀ ਭਗਵੰਤ ਮਾਨ ਨੇ ਵਿਜੀਲੈਂਸ ਬਿਊਰੋ ਦੇ ਪ੍ਰਮੁੱਖ ਐਸ.ਪੀ.ਐਸ. ਪਰਮਾਰ ਨੂੰ ਸਸਪੈਂਡ ਕਰ ਦਿੱਤਾ ਹੈ। ਪਰਮਾਰ ਦੇ ਨਾਲ ਹੀ, ਏਆਈਜੀ ਫਲਾਇੰਗ ਸਕਵਾਇਡ ਸਵਰਨਜੀਤ ਸਿੰਘ ਤੇ ਐੱਸਐੱਸਪੀ ਵਿਜੀਲੈਂਸ ਜਲੰਧਰ ਹਰਪ੍ਰੀਤ ਸਿੰਘ ਮੰਡੇਰ ਵੀ ਸਸਪੈਂਡ ਕਰ ਦਿੱਤੇ ਗਏ ਹਨ। ਅਡੀਸ਼ਨਲ ਚੀਫ ਸੈਕਟਰੀ ਹੋਮ ਆਲੋਕ ਸ਼ੇਖਰ ਵੱਲੋਂ ਜਾਰੀ ਹੁਕਮਾਂ ਵਿਚ ਇਨ੍ਹਾਂ ਤਿੰਨਾਂ ਅਧਿਕਾਰੀਆਂ ਦੀ ਸਸਪੈਸ਼ਨ ਦਾ ਕਾਰਨ ਗੰਭੀਰ ਕਦਾਚਾਰ ਤੇ ਫ਼ਰਜ਼ਾਂ ‘ਚ ਅਣਗਹਿਲੀ ਦੱਸਿਆ ਗਿਆ ਹੈ। ਸਸਪੈਸ਼ਨ ਦੇ ਸਮੇਂ ਤਿੰਨੋ ਅਧਿਕਾਰੀਆਂ ਨੂੰ ਡੀਜੀਪੀ ਦਫ਼ਤਰ ਵਿਚ ਰਿਪੋਰਟ ਕਰਨ ਲਈ ਕਿਹਾ ਗਿਆ ਹੈ। ਹੁਕਮ ਵਿਚ ਇਹ ਵੀ ਕਿਹਾ ਗਿਆ ਹੈ ਕਿ ਤਿੰਨੋਂ ਅਧਿਕਾਰੀ ਆਪਣੇ ਅਧਿਕਾਰੀ ਨੂੰ ਦੱਸੇ ਬਿਨਾਂ ਸਟੇਸ਼ਨ ਨਹੀਂ ਛੱਡਣਗੇ। ਸੂਤਰਾਂ ਮੁਤਾਬਕ, ਜਲੰਧਰ ਵਿਚ ਟਰਾਂਸਪੋਰਟ ਵਿਭਾਗ ‘ਚ ਭ੍ਰਿਸ਼ਟਾਚਾਰ ਦੀਆਂ ਵੱਡੀ ਗਿਣਤੀ ਵਿਚ ਸ਼ਿਕਾਇਤਾਂ ਦੇਖਦੇ ਹੋਏ ਲੰਘੀ ਸੱਤ ਅਪ੍ਰੈਲ ਨੂੰ ਸਵੇਰੇ ਜਲੰਧਰ ਦੇ ਆਰਟੀਓ ਦਫ਼ਤਰ, ਆਟੋਮੇਟਿਡ ਡਰਾਈਵਿੰਗ ਟੈਸਟ ਸੈਂਟਰ ਤੇ ਕਾਮਨ ਸਰਵਿਸ ਸੈਂਟਰ ‘ਤੇ ਵਿਜੀਲੈਂਸ ਬਿਊਰੋ ਦੇ ਪ੍ਰਮੁੱਖ ਐੱਸਪੀਐੱਸ ਪਰਮਾਰ, ਏਆਈਜੀ ਫਲਾਇੰਗ ਸਕਵਾਇਡ ਸਵਰਨਦੀਪ ਸਿੰਘ ਅਤੇ ਐੱਸਐੱਸਪੀ ਵਿਜੀਲੈਂਸ ਜਲੰਧਰ ਹਰਪ੍ਰੀਤ ਸਿੰਘ ਮੰਡੇਰ ਨੇ ਛਾਪੇਮਾਰੀ ਕੀਤੀ ਸੀ। ਜਾਂਚ ਵਿਚ ਇਹ ਗੱਲ ਸਾਹਮਣੇ ਆਈ ਸੀ ਕਿ ਲੋਕਾਂ ਨੇ ਬਿਨਾਂ ਸਹੀ ਟੈਸਟ ਦਿੱਤੇ ਆਪਣੇ ਡਰਾਈਵਿੰਗ ਲਾਇਸੈਂਸ ਬਣਵਾਏ ਹਨ। ਬਿਨਾਂ ਟੈਸਟ ਦਿੱਤੇ ਜਾਂ ਕਿਸੇ ਹੋਰ ਨੂੰ ਖੜ੍ਹਾ ਕਰ ਕੇ ਟੈਸਟ ਦੇਣ ਦੇ ਕਈ ਮਾਮਲੇ ਵੀ ਉਜਾਗਰ ਹੋਏ। ਦਿਨ ਭਰ ਚੱਲੀ ਕਾਰਵਾ ਤੋਂ ਬਾਅਦ ਦੱਸਿਆ ਗਿਆ ਸੀ ਕਿ ਕਾਮਨ ਸਰਵਿਸ ਸੈਂਟਰ ਦੇ ਮਾਲਿਕ ਵਿਜੈ ਤੇ ਉਸ ਦੇ ਬੇਟੇ ਮੋਹਿਤ ਖ਼ਿਲਾਫ਼ ਫਾਸਟ ਟਰੈਕ ਡਰਾਈਵਿੰਗ ਲਾਇਸੈਂਸ ਅਪਵਾਇੰਟਮੈਂਟ ਦਿਵਾਉਣ ਨੂੰ ਲੈ ਕੇ ਦੋ ਹਜ਼ਾਰ ਰੁਪਏ ਦੀ ਰਿਸ਼ਵਤ ਲੈਣ ਦੇ ਦੋਸ਼ ਵਿਚ ਕੇਸ ਦਰਜ ਕੀਤਾ ਗਿਆ ਹੈ। ਕਾਰਵਾਈ ਵਿਚ ਆਰਟੀਓ ਦਫ਼ਤਰ ਤੇ ਆਟੋਮੇਟਿਡ ਡਰਾਈਵਿੰਗ ਟੈਸਟ ਸੈਂਟਰ ਦੇ ਕੰਪਿਊਟਰਾਂ ਦਾ ਰਿਕਾਰਡ ਤੇ ਪੈਂਡੇਸੀ ਦਾ ਰਿਕਾਰਡ ਜ਼ਬਤ ਕੀਤਾ ਗਿਆ ਸੀ। ਮਾਮਲੇ ਵਿਚ ਸਿਰਫ਼ ਇਕ ਮੁਲਜ਼ਮ ਵਿਜੈ ਦੀ ਗ੍ਰਿਫ਼ਤਾਰੀ ਕੀਤੀ ਗਈ ਸੀ। ਵਿਜੀਲੈਂਸ ਦੀ ਕਾਰਵਾਈ ਨਿੱਜੀ ਕਰਿੰਦਿਆਂ ਤੱਕ ਹੀ ਸੀਮਤ ਰਹੀ ਸੀ ਜਦਕਿ ਇਸ ਨਾਜਾਇਜ਼ ਸਰਗਰਮੀ ਵਿਚ ਆਰਟੀਓ ਅਧਿਕਾਰੀ, ਵਿਚੋਲੇ ਤੇ ਬਿਨੈਕਾਰਾਂ ਦਾ ਇਕ ਸਮੂਹ ਮਿਲ ਕੇ ਕੰਮ ਕਰ ਰਿਹਾ ਸੀ। ਵਿਜੀਲੈਂਸ ਬਿਊਰੋ ਦੇ ਅਧਿਕਾਰੀਆਂ ਨੂੰ ਇਸ ਲਈ ਸਸਪੈਂਡ ਕੀਤਾ ਗਿਆ ਕਿਉਂਕਿ ਉਨ੍ਹਾਂ ਘੁਟਾਲੇ ਬਾਰੇ ਪਤਾ ਚੱਲਣ ‘ਤੇ ਵਾਜਬ ਕਾਰਵਾਈ ਨਹੀਂ ਕੀਤੀ। ਸੂਤਰਾਂ ਦਾ ਕਹਿਣਾ ਹੈ ਮੁੱਖ ਮੰਤਰੀ ਮਾਨ ਨੇ ਭ੍ਰਿਸ਼ਟਾਚਾਰੀਆਂ ਨੂੰ ਬਚਾਉਣ ਵਿਚ ਸਹਿਯੋਗੀ ਮੰਨਦੇ ਹੋਏ ਵਿਜੀਲੈਂਸ ਵਿਭਾਗ ਦੇ ਪ੍ਰਮੁੱਖ ਸਣੇ ਏਆਈਜੀ ਤੇ ਐੱਸਐੱਸਪੀ ਨੂੰ ਸਸਪੈਂਡ ਕਰ ਕੇ ਅਜਿਹੇ ਅਧਿਕਾਰੀਆਂ ਨੂੰ ਨਾ ਬਖ਼ਸ਼ਣ ਦਾ ਸੰਦੇਸ਼ ਦਿੱਤਾ ਹੈ, ਜਿਹੜੇ ਭ੍ਰਿਸ਼ਟਾਚਾਰ ਦੀ ਅਣਦੇਖੀ ਕਰ ਦਿੰਦੇ ਹਨ।

# ਹਰਵਿੰਦਰ ਤਤਲਾ ਦੀ ਪੁਸਤਕ ‘ਲਫ਼ਜ਼ਾਂ ਦੀ ਲੱਜਤ’ ’ਤੇ ਸੈਮੀਨਾਰ

**ਫ਼ਤਹਿਗੜ੍ਹ ਸਾਹਿਬ:** ਹਰਵਿੰਦਰ ਤਤਲਾ ਨਿੱਕੀ ਉਮਰੇ ਗੀਤਕਾਰੀ ਦੇ ਖੇਤਰ ਵਿਚ ਵੱਡੀਆਂ ਪੈੜਾਂ ਪਾਉਣ ਵਾਲਾ ਅਜਿਹਾ ਗੀਤਕਾਰ ਹੈ ਜਿਸ ਨੇ ਹਾਸ਼ੀਏ ‘ਤੇ ਵਿਚਰਦੇ ਲੋਕਾਂ ਦੀ ਪੀੜ ਨੂੰ ਆਪਣੇ ਗੀਤਾਂ ਵਿਚ ਪਰੋ ਕੇ ਗੀਤ ਵਿਧਾ ਦੀ ਸਾਰਥਿਕਤਾ ਸਿੱਧ ਕੀਤੀ ਹੈ। ਇਹ ਵਿਚਾਰ ਡਾਇਟ ਫੈਤਹਿਗੜ੍ਹ ਸਾਹਿਬ ਅਤੇ ਪ੍ਰਗਤੀਸ਼ੀਲ ਲੇਖਕ ਸੰਘ ਦੇ ਸਾਂਝੇ ਉਦਮ ਨਾਲ ਹਰਵਿੰਦਰ ਤਤਲਾ ਦੇ ਗੀਤਾਂ ਦੀ ਪੁਸਤਕ ‘ਲਫ਼ਜ਼ਾਂ ਦੀ ਲੱਜਤ’ ਪੁਸਤਕ ਉਪਰ ਕਰਵਾਏ ਗਏ ਸੈਮੀਨਾਰ ਵਿਚ ਮੁੱਖ ਬੁਲਾਰੇ ਡਾ. ਕਮਲਜੀਤ ਟਿੱਬਾ ਨੇ ਪ੍ਰਗਟਾਏ। ਇਸ ਸੈਮੀਨਾਰ ਦੀ ਪ੍ਰਧਾਨਗੀ ਪੰਜਾਬੀ ਦੇ ਪ੍ਰਸਿੱਧ ਸ਼ਾਇਰ ਤੇ ਪੰਜਾਬ ਆਰਟਸ ਕੌਂਸਲ ਦੇ ਸਾਬਕਾ ਜਨਰਲ ਸਕੱਤਰ ਡਾ. ਲਖਵਿੰਦਰ ਜੌਹਲ ਨੇ ਕੀਤੀ ਅਤੇ ਇਸ ਵਿਚ ਉੱਘੇ ਪੱਤਰਕਾਰ ਅਤੇ ਸ਼ਾਇਰ ਦੀਪਕ ਚਨਾਰਥਲ ਵਿਸ਼ੇਸ਼ ਮਹਿਮਾਨ ਦੇ ਰੂਪ ਵਿਚ



ਸ਼ਾਮਿਲ ਹੋਏ। ਡਾ. ਜੌਹਲ ਨੇ ਕਿਹਾ ਕਿ ਡਾਇਟ ਦੇ ਅੱਠ ਨੌਜਵਾਨ ਸਿੱਖਿਆਰਥੀਆਂ ਦੁਆਰਾ ਇਸ ਪੁਸਤਕ ਉਪਰ ਏਨੀ ਠੋਸ ਚਰਚਾ ਕਰਨਾ ਆਪਣੇ ਆਪ ਵਿਚ ਲਾਜਵਾਬ ਕਾਰਜ ਹਨ। ਡਾਇਟ ਲੈਕਚਰਾਰ ਅਤੇ ਉਘੇ ਨਾਟਕਕਾਰ ਡਾ. ਕੁਲਦੀਪ ਸਿੰਘ ਦੀਪ ਨੇ ਕਿਹਾ ਕਿ ਹਰਵਿੰਦਰ ਤਤਲਾ ਸਾਡਾ ਅਜਿਹਾ ਗੀਤਕਾਰ ਹੈ ਜੋ ਬਾਜ਼ਾਰ ਵਿਚ ਰਹਿ ਕੇ ਬਾਜ਼ਾਰ ਤੋਂ ਸੁਚੇਤ ਰਿਹਾ ਅਤੇ ਉਸ ਦੇ ਗੀਤਾਂ ਵਿਚ ਅਵਾਮ ਦੇ ਦੁੱਖ ਦਰਦ ਆਪਣੇ ਸਮੁੱਚੇ ਸਰੋਕਾਰਾਂ ਸਮੇਤ ਆਏ ਹਨ। ਉੱਘੇ ਗਾਇਕ ਸਿਕੰਦਰ ਸਲੀਮ ਨੇ ਦੋ ਗੀਤ ਗਾ ਕੇ ਪ੍ਰੋਗਰਾਮ ‘ਚ ਰੰਗ ਬੰਨ੍ਹ ਦਿੱਤਾ ਅਤੇ ਇਸ ਦੇ ਨਾਲ ਹੀ ਮਨ ਸਾਹਿਰ, ਇਕਬਾਲ ਸਿੰਘ, ਹਰਪ੍ਰੀਤ ਸਿੰਘ, ਕਾਜਲ ਅਤੇ ਨਵਦੀਪ ਸਿੰਘ ਨੇ ਵੀ ਉਸ ਦੇ ਗੀਤਾਂ ਨੂੰ ਸੁਰਾਂ ਵਿਚ ਬੰਨ੍ਹ ਕੇ ਪੇਸ਼ ਕੀਤਾ। ਪੁਸਤਕ ਉੱਪਰ ਚਰਚਾ ਕਰਨ ਵਾਲਿਆਂ ਵਿਚ ਭਾਸ਼ਾ ਵਿਸ਼ੇਸ਼ ਜੰਗ ਸਿੰਘ ਫੱਟੜ ਅਤੇ ਸਿੱਖਿਆਰਥੀਆਂ ਵਿਚ ਜਸ਼ਨਦੀਪ ਕੌਰ, ਪ੍ਰਭਜੋਤ ਕੌਰ, ਸਤਨਾਮ ਸਿੰਘ, ਨਵਨੀਤ ਕੌਰ, ਗੁਰਸਿਮਰਨ ਕੌਰ, ਪ੍ਰਭਜੋਤ ਜੂਨੀਅਰ, ਨਵਜੋਤ ਕੌਰ, ਜਸਲੀਨ ਕੌਰ ਸ਼ਾਮਿਲ ਸਨ ਨੇ ਵੀ ਆਪਣੇ ਵਿਚਾਰ ਰੱਖੇ। ਇਸ ਮੌਕੇ ਕਰਨੈਲ ਸਿੰਘ ਵਜ਼ੀਰਾਬਾਦ, ਡਾਇਟ ਲੈਕਚਰਾਰ ਕੰਵਲਦੀਪ ਸੋਹੀ, ਬਲਵੀਰ ਸਿੰਘ ਮੁੱਲਾਂਪੁਰੀ, ਸੁਹਜਪ੍ਰੀਤ ਵਿਰਦੀ, ਲਾਲ ਸਿੰਘ ਮਿਸਤਰੀ, ਵੰਦਨਾ ਭਾਰਤੀ, ਮਾਤਾ ਪ੍ਰੀਤਮ ਕੌਰ, ਹਰਜੀਤ ਸਿੰਘ, ਨਰਿੰਦਰ ਕੌਰ, ਵੰਦਨਾ ਚੋਪੜਾ, ਵੰਦਨਾ ਸ਼ਰਮਾ, ਹਰਪ੍ਰੀਤ ਕੌਰ ਅਤੇ ਗੁਰਪ੍ਰੀਤ ਸਿੰਘ ਸ਼ਾਮਿਲ ਹੋਏ। ਇਸ ਮੌਕੇ ਭਾਸ਼ਾ ਵਿਭਾਗ ਫ਼ਤਹਿਗੜ੍ਹ ਸਾਹਿਬ ਵਲੋਂ ਪੁਸਤਕਾਂ ਦਾ ਸਟਾਲ ਵੀ ਲਗਾਇਆ ਗਿਆ।

**Punjab Times**
**Established in 2000**
**25th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com
**Founder Editor:**
Amolak Singh Jammu
**Managing Editor**
Jaspreet Kaur
**Editor**
Lakhvinder S. Johal
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 130 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**




## ਪੀਅਰ ਪੋਲੀਏਵ ਦੀ ਹੋ ਸਕਦੀ ਹੈ ਛੁੱਟੀ

ਆਪਣੀ ਹੀ ਸੀਟ ਹਾਰ ਜਾਣ ਕਾਰਨ ਹੁਣ ਕੰਜ਼ਰਵੇਟਿਵਸ ਲੀਡਰ ਪੀਅਰ ਪੋਲੀਏਵ ਦੇ ਭਵਿੱਖ 'ਤੇ ਸਵਾਲ ਉੱਠਣ ਲੱਗੇ ਹਨ। ਕੀ ਕੰਜ਼ਰਵੇਟਿਵ ਪਾਰਟੀ ਉਸ ਨੂੰ ਕਿਸੇ ਸੇਫ ਸੀਟ ਤੋਂ ਚੋਣ ਲੜਾਏਗੀ ਤਾਂ ਜੋ ਉਹ ਪਾਰਲੀਮੈਂਟ ਦਾ ਮੈਂਬਰ ਬਣ ਕੇ ਹੀ ਪਾਰਲੀਮੈਂਟ 'ਚ ਜਾ ਸਕਣ ਤੇ ਵਿਰੋਧੀ ਧਿਰ ਤੇ ਨੇਤਾ ਵਜੋਂ ਜ਼ੁੰਮੇਵਾਰੀ ਸੰਭਾਲਣ ਜਾਂ ਪਾਰਟੀ ਉਹਨਾ ਦੀ ਥਾਂ 'ਤੇ ਆਰਜ਼ੀ ਜਾਂ ਫਿਰ ਪੱਕੇ ਤੌਰ 'ਤੇ ਕੋਈ ਨਵਾਂ ਨੇਤਾ ਚੁਣਦੀ ਹੈ? ਉਂਜ ਵੀ ਕੰਜ਼ਰਵੇਟਿਵ ਪਾਰਟੀ ਦੀ ਅੰਦਰੂਨੀ ਲੜਾਈ ਕਾਫੀ ਦੇਰ ਤੋ ਭਖ ਰਹੀ ਹੈ ਜਿਸ ਨੇ ਹੁਣ ਪੀਅਰ ਪੋਲੀਏਵ ਦੇ ਭਵਿੱਖ ਬਾਰੇ ਕਈ ਸਵਾਲ ਖੜੇ ਕਰ ਦਿੱਤੇ ਹਨ।

ਇਲੈਕਸ਼ਨ ਕੈਨੇਡਾ ਵੱਲੋਂ ਜਾਰੀ ਸੂਚਨਾ ਮੁਤਾਬਕ 45ਵੀਆਂ ਫੈਡਰਲ ਚੋਣਾਂ 'ਚ 67 ਫ਼ੀਸਦੀ ਵੋਟਰਾਂ ਨੇ ਵੋਟ ਪਾਈ। ਜਿਨ੍ਹਾਂ ਦੀ ਗਿਣਤੀ 19.2 ਮਿਲੀਅਨ ਤੋਂ ਵੱਧ ਹੈ। ਇਨ੍ਹਾਂ 'ਚ ਲਿਬਰਲ ਪਾਰਟੀ ਨੂੰ 43.6 ਅਤੇ ਕੰਜ਼ਰਵੇਟਿਵ ਪਾਰਟੀ ਨੂੰ 41.4 ਫ਼ੀਸਦ, ਬਲੌਕ ਕਿਊਬੈਕ ਨੂੰ 6.4 ਅਤੇ ਐੱਨਡੀਪੀ ਨੂੰ 6.3 ਫ਼ੀਸਦ ਵੋਟਾਂ ਪਈਆਂ। ਹਾਲਾਂਕਿ ਇਸ ਵਾਰ ਜ਼ਿਆਦਾ ਵੋਟਿੰਗ ਦਾ ਅਨੁਮਾਨ ਲਗਾਇਆ ਜਾ ਰਿਹਾ ਸੀ। ਕੈਨੇਡਾ 'ਚ ਹੁਣ ਤੱਕ ਫੈਡਰਲ ਚੋਣਾਂ ਦੌਰਾਨ ਸਭ ਤੋਂ ਵੱਧ ਵੋਟਾਂ 1958 'ਚ (79.4 ਫ਼ੀਸਦ) ਪਈਆਂ ਸਨ। ਪਿਛਲੀਆਂ ਚੋਣਾਂ 'ਚ 62.6 ਫ਼ੀਸਦੀ ਵੋਟਿੰਗ ਹੋਈ ਸੀ।

# ਪਾਕਿਸਤਾਨ ਵਲੋਂ ਮਕਬੂਜ਼ਾ ਕਸ਼ਮੀਰ 'ਚੋਂ ਅਤਿਵਾਦੀ ਹਟਾਉਣੇ ਸ਼ੁਰੂ

**ਨਵੀਂ ਦਿੱਲੀ:** ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਭਾਰਤ ਵੱਲੋਂ ਫ਼ੌਜੀ ਕਾਰਵਾਈ ਦੇ ਖ਼ਦਸ਼ੇ ਨੂੰ ਦੇਖਦਿਆਂ ਪਾਕਿਸਤਾਨ 'ਚ ਤਰੱਥਲੀ ਮਚ ਗਈ ਹੈ। ਪਾਕਸਿਤਾਨ ਨੇ ਅੱਤਵਾਦੀਆਂ ਨੂੰ ਮਕਬੂਜ਼ਾ ਜੰਮੂ-ਕਸ਼ਮੀਰ (ਪੀਓਜੇਕੇ) ਦੇ ਲਾਂਚ ਪੈਡ ਤੋਂ ਹਟਾ ਕੇ ਸੁਰੱਖਿਅਤ ਟਿਕਾਣਿਆਂ 'ਤੇ ਪਹੁੰਚਾਉਣਾ ਸ਼ੁਰੂ ਕਰ ਦਿੱਤਾ ਹੈ। ਇਸ ਦੇ ਨਾਲ ਹੀ ਬਹਾਵਲਪੁਰ 'ਚ ਜੈਸ਼-ਏ-ਮੁਹੰਮਦ ਤੇ ਮੁਨੀਰਕੇ 'ਚ ਲਸ਼ਕਰ-ਏ-ਤਇਬਾ ਦੇ ਹੈੱਡਕੁਆਰਟਰ ਤੋਂ ਵੀ ਅੱਤਵਾਦੀਆਂ ਨੂੰ ਹਟਾਇਆ ਜਾ ਰਿਹਾ ਹੈ। ਸਰਜੀਕਲ ਤੇ ਏਅਰ ਸਟ੍ਰਾਈਕ ਨੂੰ ਦੇਖਦਿਆਂ ਪਾਕਿਸਤਾਨ ਨੂੰ ਸਭਤੋਂ ਵੱਡੀ ਚਿੰਤਾ ਅੱਤਵਾਦੀਆਂ ਨੂੰ ਬਚਾਉਣ ਦੀ ਹੈ।

ਭਾਰਤੀ ਸੁਰੱਖਿਆ ਏਜੰਸੀਆਂ ਮੁਤਾਬਕ, ਪਹਿਲਗਾਮ ਅੱਤਵਾਦੀ ਹਮਲੇ ਸਮੇਂ ਵੀ ਪੀਓਜੇਕੇ 'ਚ ਅੱਤਵਾਦੀਆਂ ਦੇ ਕੁਲ.42 ਲਾਂਚ ਪੈਡ, ਸਰਗਰਮ ਸਨ ਤੇ ਉੱਥੋਂ 130 ਤੋਂ ਵੱਧ ਅੱਤਵਾਦੀ ਠਹਿਰੇ ਹੋਏ ਸਨ। ਇਨ੍ਹਾਂ ਲਾਂਚ ਪੈਡ ਤੋਂ ਅੱਤਵਾਦੀਆਂ ਨੂੰ ਜੰਮੂ-ਕਸ਼ਮੀਰ ਭੇਜਿਆ ਜਾਂਦਾ ਸੀ। ਪਹਿਲਗਾਮ 'ਚ ਹਮਲਾ ਕਰਨ ਵਾਲੇ ਅੱਤਵਾਦੀ ਇਨ੍ਹਾਂ ਹੀ ਲਾਂਚ ਪੈਡਾ ਤੋਂ ਭਾਰਤ 'ਚ ਵੜੇ ਸਨ। ਅੱਤਵਾਦੀਆਂ ਦੇ ਇਹ ਲਾਂਚ ਪੈਡ ਪਾਕਿਸਤਾਨੀ ਫ਼ੌਜ ਦੀ ਨਿਗਰਾਨੀ 'ਚ ਚੱਲਦੇ ਹਨ ਤੇ ਉੱਥੋਂ ਉਨ੍ਹਾਂ ਨੂੰ ਜੰਮੂ-ਕਸ਼ਮੀਰ 'ਚ ਘੁਸਪੈਠ ਕਰਨ 'ਚ ਮਦਦ ਕਰਦੀ ਹੈ। ਪਾਕਿਸਤਾਨੀ ਫ਼ੌਜ ਜ਼ਰੂਰਤ ਪੈਣ 'ਤੇ ਭਾਰਤੀ ਸੁਰੱਖਿਆ ਬਲਾਂ ਦਾ ਧਿਆਨ ਭਟਕਾਉਣ ਲਈ ਫਾਇਰਿੰਗ ਵੀ ਕਰਦੀ ਹੈ। ਪਰ ਭਾਰਤ ਵੱਲੋਂ ਹਮਲੇ ਦੇ ਖ਼ਦਸ਼ੇ ਨੂੰ ਦੇਖਦਿਆਂ ਸਾਰੇ ਲਾਂਚ ਪੈਡ ਖਾਲੀ ਕਰਵਾਏ ਜਾ ਰਹੇ ਹਨ ਤੇ ਅੱਤਵਾਦੀਆਂ ਨੂੰ ਸੁਰੱਖਿਅਤ' ਟਿਕਾਣਿਆਂ 'ਤੇ ਪਹੁੰਚਾਇਆ ਜਾ ਰਿਹਾ ਹੈ।

ਪੀਓਜੇਕੇ ਸਥਿਤ ਲਾਂਚ ਪੈਡ ਨਾਲ ਬਹਾਵਲਪੁਰ ਤੇ ਮੁਨੀਰਕੇ 'ਚ ਰਹਿ ਰਹੇ ਅੱਤਵਾਦੀਆਂ ਤੇ ਉਨ੍ਹਾਂ ਦੇ ਆਕਾਵਾਂ ਨੂੰ ਹਟਾ ਕੇ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ ਜਾ ਰਿਹਾ ਹੈ। ਭਾਰਤੀ ਸੁਰੱਖਿਆ ਏਜੰਸੀਆਂ ਕੋਲ ਅੱਤਵਾਦੀਆਂ ਨੂੰ ਹਟਾਉਣ ਤੇ ਉਨ੍ਹਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਉਣ ਦੀ ਠੋਸ ਜਾਣਕਾਰੀ ਹੈ।



2016 'ਚ ਉੜੀ ਅੱਤਵਾਦੀ ਹਮਲੇ ਤੋਂ ਬਾਅਦ ਹੋਏ ਸਰਜੀਕਲ ਸਟ੍ਰਾਈਕ 'ਚ ਭਾਰਤੀ ਫ਼ੌਜ ਨੇ ਪੀਓਜੇਕੇ ਸਥਿਤ ਅੱਤਵਾਦੀਆਂ ਦੇ ਲਾਂਚ ਪੈਡ ਨੂੰ ਨਿਸ਼ਾਨਾ ਬਣਾਇਆ ਸੀ ਤੇ ਸੈਂਕੜੇ ਅੱਤਵਾਦੀਆਂ ਨੂੰ ਢੇਰ ਕਰ ਕੇ ਭਾਰਤੀ ਫ਼ੌਜੀ ਸੁਰੱਖਿਅਤ ਪਰਤ ਆਏ ਸਨ। 2019 'ਚ ਪੁਲਵਾਮਾ ਅੱਤਵਾਦੀ ਹਮਲੇ ਤੋਂ ਬਾਅਦ ਵੀ ਪਾਕਿਸਤਾਨ ਨੂੰ ਭਾਰਤ ਵੱਲੋਂ ਪੀਓਜੇਕੇ 'ਚ ਅੱਤਵਾਦੀ ਕੈਂਪਾਂ 'ਤੇ ਹਮਲੇ ਦਾ ਖ਼ਦਸ਼ਾ ਸੀ ਤੇ ਉਸ ਨੇ ਪਹਿਲਾਂ ਹੀ ਅੱਤਵਾਦੀਆਂ ਨੂੰ ਉੱਥੋਂ ਹਟਾ ਕੇ ਪਾਕਿਸਤਾਨ ਸਰਹੱਦ ਦੇ ਅੰਦਰ ਬਾਲਾਕੋਟ ਦੇ ਅੱਤਵਾਦੀ ਸਿਖਲਾਈ ਕੈਂਪ 'ਚ ਪਹੁੰਚਾ ਦਿੱਤਾ ਸੀ।

# ਸਿੱਖ ਵਿਰੋਧੀ ਦੰਗਿਆਂ ਦੇ 11 ਕੇਸਾਂ ਦੀ ਛੇਤੀ ਸੁਣਵਾਈ ਦਾ ਹੁਕਮ



**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਸੋਮਵਾਰ ਨੂੰ ਕ਼ਾਨਪੁਰ 'ਚ 1984 ਦੇ ਸਿੱਖ-ਵਿਰੋਧੀ ਦੰਗਿਆਂ ਨਾਲ ਸਬੰਧਤ 11 ਮਾਮਲਿਆਂ ਦੀ ਛੇਤੀ ਸੁਣਵਾਈ ਦਾ ਨਿਰਦੇਸ਼ ਦਿੱਤਾ, ਜਿਨ੍ਹਾਂ 'ਚ ਮੁੜ ਜਾਂਚ ਤੋਂ ਬਾਅਦ ਦੋਸ਼-ਪੱਤਰ ਦਾਖਲ ਕੀਤੇ ਗਏ ਸਨ। ਅਦਾਲਤ ਨੇ ਵਿਸ਼ੇਸ਼ ਸਰਕਾਰੀ ਵਕੀਲਾਂ ਨੂੰ ਛੇਤੀ ਨਿਪਟਾਰੇ ਦੇ ਉਪਾਵਾਂ ਦੇ ਨਾਲ ਹੀ ਅਦਾਲਤਾਂ 'ਚ ਹਾਜ਼ਰ ਹੋਣ ਲਈ ਕਿਹਾ। ਬੈਂਚ ਨੇ 'ਬਹੁਤ ਜ਼ਿਆਦਾ ਦੇਰੀਂ ਨੂੰ ਰੇਖਾਂਕਿਤ ਕੀਤਾ ਅਤੇ ਇਨ੍ਹਾਂ ਦੀ ਛੇਤੀ ਸੁਣਵਾਈ ਦਾ ਹੁਕਮ ਦਿੱਤਾ।

(ਪਹਿਲੇ ਸਫ਼ੇ ਦਾ ਬਾਕੀ)

## ਪਹਿਲਗਾਮ ਹਮਲੇ ਦਾ...



ਸੂਤਰਾਂ ਮੁਤਾਬਕ, ਪ੍ਰਧਾਨ ਮੰਤਰੀ ਨੇ ਪਹਿਲਗਾਮ ਅੱਤਵਾਦੀ ਹਮਲੇ ਦੇ ਸਬੰਧ 'ਚ ਕਾਰਵਾਈ ਕੀਤੇ ਜਾਣ ਦੇ ਬਦਲਾਂ 'ਤੇ ਫ਼ੌਜੀ ਅਫਸਰਾਂ ਨਾਲ ਚਰਚਾ ਕਰਦੇ ਹੋਏ ਕਿਹਾ ਕਿ ਸਾਡੀ ਜਵਾਬੀ ਕਾਰਵਾਈ ਦਾ ਤਰੀਕਾ ਕੀ ਹੋਵੇ, ਇਸ ਦੇ ਟਾਰਗੈਟ ਕੌਣ ਹੋਣ ਤੇ ਇਸ ਦਾ ਸਮਾਂ ਕੀ ਹੋਵੇ, ਇਸ ਤਰ੍ਹਾਂ ਦੇ ਆਪ੍ਰੇਸ਼ਨਲ ਫ਼ੈਸਲੇ ਲੈਣ ਲਈ ਫ਼ੌਜੀ ਦਸਤਿਆਂ ਨੂੰ ਖੁੱਲ੍ਹੀ ਛੋਟ ਹੈ। ਮੋਦੀ ਨੇ ਕਿਹਾ ਕਿ ਹਮਲੇ ਲਈ ਜ਼ਿੰਮੇਵਾਰ ਅੱਤਵਾਦੀਆਂ ਤੇ ਉਨ੍ਹਾਂ ਦੇ ਸਰਪ੍ਰਸਤਾਂ ਨੂੰ ਬਗ਼ੈਰ ਕਿਸੇ ਕੀਮਤ 'ਤੇ ਨਹੀਂ ਛੱਡਾਂਗੇ, ਬੇਸ਼ੱਕ ਉਹ ਕਿਤੇ ਵੀ ਹੋਣ। ਉਨ੍ਹਾਂ ਨੂੰ ਉਨ੍ਹਾਂ ਦੀ ਕਲਪਨਾ ਤੋਂ ਵੀ ਸਖ਼ਤ ਸਜ਼ਾ ਦਿੱਤੀ ਜਾਵੇਗੀ। ਉਨ੍ਹਾਂ ਦਾ ਇਸ਼ਾਰਾ ਪਾਕਿਸਤਾਨ ਵੱਲ ਸੀ, ਜਿਸ ਦਾ ਕਿ ਭਾਰਤ 'ਚ ਅੱਤਵਾਦੀ ਹਮਲੇ ਕਰਵਾਉਣ ਦਾ ਇਤਿਹਾਸ ਰਿਹਾ ਹੈ। ਹਾਲਾਂਕਿ ਇਸ ਦੌਰਾਨ ਉਨ੍ਹਾਂ ਨੇ ਕਿਸੇ ਦੇਸ਼ ਦਾ ਨਾਂ ਨਹੀਂ ਲਿਆ।

## ਮੋਹਨ ਭਾਗਵਤ ਨੇ ਕੀਤੀ ਮੋਦੀ ਨਾਲ ਮੁਲਾਕਾਤ

**ਨਵੀਂ ਦਿੱਲੀ:** ਆਰ.ਐੱਸ.ਐੱਸ. ਦੇ ਮੁਖੀ ਮੋਹਨ ਭਗਵਤ ਨੇ ਮੰਗਲਵਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕੀਤੀ। ਇਹ ਮੁਲਾਕਾਤ ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਹੋਈ ਹੈ। ਭਾਗਵਤ ਦੀ ਮੋਦੀ ਨਾਲ ਇਸ ਮੁਲਾਕਾਤ ਨੂੰ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ। ਸੂਤਰਾਂ ਨੇ ਦੱਸਿਆ ਕਿ ਇਹ ਮੁਲਾਕਾਤ ਅੱਤਵਾਦੀ ਹਮਲੇ ਦੇ ਸਬੰਧ ਵਿਚ ਸੀ। ਇਹ ਮੁਲਾਕਾਤ ਮੋਦੀ ਦੇ ਰੱਖਿਆ ਮੁਖੀਆਂ ਨਾਲ ਬੈਠਕ ਮਗਰੋਂ ਹੋਈ। ਪ੍ਰਧਾਨ ਮੰਤਰੀ ਨੇ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਵੀ ਮੁਲਾਕਾਤ ਕੀਤੀ।

(ਪਹਿਲੇ ਸਫ਼ੇ ਦਾ ਬਾਕੀ)

## ਪੰਜਾਬੀਆਂ ਦੀ...

ਵਾਲੇ ਪੰਜਾਬੀਆਂ 'ਚ ਓਨਟਾਰੀਓ ਸੂਬੇ ਦੇ ਬਰੈਂਪਟਨ ਨਾਰਥ ਤੋਂ ਲਿਬਰਲ ਪਾਰਟੀ ਦੀ ਰੂਬੀ ਸਹੋਤਾ ਨੇ ਕੰਜ਼ਰਵੇਟਿਵ ਪਾਰਟੀ ਦੇ ਆਪਣੇ ਵਿਰੋਧੀ ਅਮਨਦੀਪ ਜੱਜ, ਬਰੈਂਪਟਨ ਈਸਟ ਤੋਂ ਲਿਬਰਲ ਪਾਰਟੀ ਦੇ ਮਨਿੰਦਰ ਸਿੱਧੂ ਨੇ ਕੰਜ਼ਰਵੇਟਿਵ ਪਾਰਟੀ ਦੇ ਬੌਬ ਦੁਸਾਂਝ, ਬਰੈਂਪਟਨ ਸੈਂਟਰ ਤੋਂ ਲਿਬਰਲ ਪਾਰਟੀ ਦੇ ਅਮਨਦੀਪ ਸੋਹੀ ਨੇ ਕੰਜ਼ਰਵੇਟਿਵ ਤਾਰਨ ਚਾਹਲ, ਬਰੈਂਪਟਨ ਸਾਊਥ ਤੋਂ ਕੰਜ਼ਰਵੇਟਿਵ ਸੁਖਦੀਪ ਕੰਗ ਨੇ ਲਿਬਰਲ ਦੀ ਸੋਨੀਆ ਸਿੱਧੂ ਅਤੇ ਬਰੈਂਪਟਨ ਵੈਸਟ ਤੋਂ ਕੰਜ਼ਰਵੇਟਿਵ ਪਾਰਟੀ ਦੇ ਅਮਰਜੀਤ ਗਿੱਲ ਨੇ ਲਿਬਰਲ ਦੀ ਕਮਲ ਖਹਿਰਾ ਨੂੰ ਹਰਾ ਕੇ ਜਿੱਤ ਦਰਜ ਕੀਤੀ ਹੈ। ਇਸੇ ਤਰ੍ਹਾਂ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਓਕਵਿਲੇ ਤੋਂ ਅਨੀਤਾ ਆਨੰਦ, ਵਾਟਰਲੂ ਤੋਂ ਬਰਦੀਸ਼ ਚੱਗਰ, ਡੋਰਵਲ ਲੈਚਿਨ ਤੋਂ ਅੰਜੂ ਢਿੱਲੋਂ, ਸਰੀ ਨਿਊਟਨ ਤੋਂ ਸੀਨੀਅਰ ਆਗੂ ਸੁਖ ਧਾਲੀਵਾਲ, ਮਿਸੀਸਾਗਾ ਮਾਲਟਨ ਤੋਂ ਇਕਵਿੰਦਰ ਸਿੰਘ ਗਹੀਰ, ਸਰੀ ਸੈਂਟਰ ਤੋਂ ਰਣਦੀਪ ਸਿੰਘ ਸਰਾਏ, ਫਲੀਟਵੁੱਡ ਪੋਰਟ ਕੈਲਸ ਤੋਂ ਗੁਰਬਖਸ਼ ਸਿੰਘ ਸੈਣੀ, ਰਿਚਮੰਡ ਈਸਟ ਤੋਂ ਪਰਮ ਬੈਂਸ ਮੁੜ ਜਿੱਤਣ 'ਚ ਕਾਮਯਾਬ ਰਹੇ ਹਨ। ਅਲਬਰਟਾ ਸੂਬੇ ਦੇ ਕੈਲਗਿਰੀ ਈਸਟ ਤੋਂ ਕੰਜ਼ਰਵੇਟਿਵ ਉਮੀਦਵਾਰ ਜਸਰਾਜ ਸਿੰਘ ਹੱਲਣ ਮੁੜ ਚੋਣ ਜਿੱਤੇ ਹਨ ਜਦੋਂਕਿ ਕੈਲਗਰੀ ਸਕਾਈਵਿਊ ਤੋਂ ਕੰਜ਼ਰਵੇਟਿਵ ਅਮਨਪ੍ਰੀਤ ਸਿੰਘ ਗਿੱਲ ਤੇ ਕੈਲਗਰੀ ਮੈਕਨਾਈਟ ਤੋਂ ਕੰਜ਼ਰਵੇਟਿਵ ਦਲਵਿੰਦਰ ਗਿੱਲ ਜੇਤੂ ਰਹੇ ਹਨ। ਓਕਸਫੋਰਡ ਤੋਂ ਕੰਜ਼ਰਵੇਟਿਵ ਅਰਪਨ ਖੰਨਾ, ਐਡਮਿੰਟਨ ਗੇਟਵੇਅ ਤੋਂ ਕੰਜ਼ਰਵੇਟਿਵ ਪਾਰਟੀ ਦੇ ਡਿਪਟੀ ਲੀਡਰ ਟਿੰਮ ਉਪਲ, ਮਿਲਟਨ ਈਸਟ ਤੋਂ ਕੰਜ਼ਰਵੇਟਿਵ ਪਰਮ ਗਿੱਲ, ਐਬਸਫੋਰਟ ਸਾਊਥ ਕੈਲਗਰੀ ਤੋਂ ਸੁਖਮਨ ਗਿੱਲ, ਐਡਮਿੰਟਨ ਸਾਊਥ ਈਸਟ ਤੋਂ ਕੰਜ਼ਰਵੇਟਿਵ ਜਗਸ਼ਰਨ ਸਿੰਘ ਮਾਹਲ ਤੇ ਵਿੰਡਸਰ ਵੈਸਟ ਤੋਂ ਕੰਜ਼ਰਵੇਟਿਵ ਹਰਬ ਗਿੱਲ ਨੇ ਜਿੱਤ ਦਰਜ ਕੀਤੀ ਹੈ।

**ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਓਕਵਿਲੇ ਤੋਂ ਅਨੀਤਾ ਆਨੰਦ, ਵਾਟਰਲੂ ਤੋਂ ਬਰਦੀਸ਼ ਚੱਗਰ, ਡੋਰਵਲ ਲੈਚਿਨ ਤੋਂ ਅੰਜੂ ਢਿੱਲੋਂ, ਸਰੀ ਨਿਊਟਨ ਤੋਂ ਸੀਨੀਅਰ ਆਗੂ ਸੁਖ ਧਾਲੀਵਾਲ, ਮਿਸੀਸਾਗਾ ਮਾਲਟਨ ਤੋਂ ਇਕਵਿੰਦਰ ਸਿੰਘ ਗਹੀਰ, ਸਰੀ ਸੈਂਟਰ ਤੋਂ ਰਣਦੀਪ ਸਿੰਘ ਸਰਾਏ, ਫਲੀਟਵੁੱਡ ਪੋਰਟ ਕੈਲਸ ਤੋਂ ਗੁਰਬਖਸ਼ ਸਿੰਘ ਸੈਣੀ, ਰਿਚਮੰਡ ਈਸਟ ਤੋਂ ਪਰਮ ਬੈਂਸ ਮੁੜ ਜਿੱਤਣ 'ਚ ਕਾਮਯਾਬ ਰਹੇ ਹਨ।**

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ

ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ


ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ

ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਸੁਰਿੰਦਰ ਸਿੰਘ ਸੁੰਨੜ

# ਪਾਕਿਸਤਾਨ ਨੇ ਮੁੜ ਦਿੱਤੀ ਪਰਮਾਣੂ ਹਮਲੇ ਦੀ ਧਮਕੀ

**ਨਵੀਂ ਦਿੱਲੀ:**ਪਾਕਿਸਤਾਨ ਦਾ ਗ਼ੈਰ-ਜ਼ਿੰਮੇਵਾਰਾਨਾ ਰਵੱਈਆ ਮੁੜ ਸਾਹਮਣੇ ਆਇਆ ਹੈ। ਐਤਵਾਰ ਨੂੰ ਪਾਕਿਸਤਾਨ ਵੱਲੋਂ ਭਾਰਤ ਖ਼ਿਲਾਫ਼ ਪਰਮਾਣੂ ਹਮਲੇ ਦੀ ਸਿੱਧੀ ਧਮਕੀ ਦਿੱਤੀ ਗਈ। ਇਹ ਧਮਕੀ ਸ਼ਹਿਬਾਜ਼ ਸ਼ਰੀਫ਼ ਸਰਕਾਰ 'ਚ ਰੇਲ ਮੰਤਰੀ ਹਨੀਫ ਅੱਬਾਸੀ ਨੇ ਦਿੱਤੀ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਨੇ ਪਰਮਾਣੂ ਹਥਿਆਰ ਤੇ ਸ਼ਾਹੀਨ ਵਰਗੀਆਂ ਮਿਜ਼ਾਈਲਾਂ ਸਜਾ ਕੇ ਰੱਖਣ ਲਈ ਨਹੀਂ ਬਣਾਈਆਂ ਸਗੋਂ ਇਨ੍ਹਾਂ ਨੂੰ ਭਾਰਤ ਖ਼ਿਲਾਫ਼ ਵਰਤਣ ਲਈ ਹੀ ਤਿਆਰ ਕੀਤਾ ਹੈ। ਭਾਰਤ ਨੇ ਇਸ ਬਾਰੇ ਅਧਿਕਾਰਤ ਤੌਰ 'ਤੇ ਕੁਝ ਨਹੀਂ ਕਿਹਾ ਪਰ ਸਰਕਾਰੀ ਸੂਤਰ ਇਸ ਨੂੰ ਪਾਕਿਸਤਾਨ ਵੱਲੋਂ ਬੁਖਲਾਹਟ 'ਚ ਦਿੱਤਾ ਗਿਆ ਬੇਹੱਦ ਗ਼ੈਰ-ਜ਼ਿੰਮੇਵਾਰਾਨਾ ਬਿਆਨ ਦੱਸ ਰਹੇ ਹਨ। ਪਾਕਿਸਤਾਨ ਦਾ ਅਜਿਹਾ ਬਿਆਨ ਉਸ ਨੂੰ ਹੀ ਕਟਹਿਰੇ 'ਚ ਖੜ੍ਹਾ ਕਰਦਾ ਹੈ ਕਿਉਂਕਿ ਦੁਨੀਆ ਉਸ ਦਾ ਵਿਹਾਰ ਦੇਖ ਰਹੀ ਹੈ। ਭਾਰਤ ਪਹਿਲਾਂ ਵੀ ਪਾਕਿਸਤਾਨ ਦੀ ਅੰਦਰੂਨੀ ਅਸਥਿਰਤਾ ਨੂੰ ਦੇਖਦੇ ਹੋਏ ਉੱਥੇ ਪਰਮਾਣੂ ਹਥਿਆਰਾਂ ਦੀ ਸੁਰੱਖਿਆ ਬਾਰੇ ਚਿੰਤਾ ਪ੍ਰਗਟਾ ਚੁੱਕਾ ਹੈ। ਕਈ ਕੌਮਾਂਤਰੀ ਮਾਹਰਾਂ ਨੇ ਵੀ ਪਿਛਲੇ ਸਮੇਂ ਦੌਰਾਨ ਪਾਕਿਸਤਾਨ 'ਚ ਪਰਮਾਣੂ ਹਥਿਆਰਾਂ ਦੇ ਅੱਤਵਾਦੀਆਂ ਹੱਥ ਲੱਗਣ ਦੀ ਸੰਭਾਵਨਾ ਪ੍ਰਗਟਾਈ ਹੈ। ਪਾਕਿਸਤਾਨ ਨੇ ਕਿਹਾ ਹੈ ਕਿ ਜੇ ਉਸ ਦੇ ਦੇਸ਼ 'ਚ ਆਉਣ ਵਾਲਾ ਪਾਣੀ ਰੋਕਿਆ ਗਿਆ ਤਾਂ ਉਹ ਇਸ ਨੂੰ ਜੰਗ ਹੀ ਮੰਨੇਗਾ। ਇਸੇ ਸੰਦਰਭ 'ਚ ਪਾਕਿਸਤਾਨ ਦੇ ਰੇਲ ਮੰਤਰੀ ਅੱਬਾਸੀ ਨੇ ਕਿਹਾ, 'ਸਾਡਾ ਪਾਣੀ ਬੰਦ ਕਰੋਗੇ ਤਾਂ ਜੰਗ ਲਈ ਤਿਆਰ ਹੋ ਜਾਓ। ਇਹ ਗੌਰੀ, ਸ਼ਾਹੀਨ ਤੇ ਗਜ਼ਨਵੀ ਮਿਜ਼ਾਈਲਾਂ ਚੌਕਾਂ 'ਚ ਸਜਾਉਣ ਲਈ ਨਹੀਂ ਹਨ।

ਅਸੀਂ ਇਹ ਹਿੰਦੁਸਤਾਨ ਲਈ ਰੱਖੀਆਂ ਹਨ। ਸਾਡੇ ਕੋਲ 130 ਪਰਮਾਣੂ ਹਥਿਆਰ ਹਨ, ਉਨ੍ਹਾਂ ਨੂੰ ਅਸੀਂ ਸਿਰਫ਼ ਮਾਡਲ ਵਜੋਂ ਨਹੀਂ ਬਣਾਇਆ। ਤੁਹਾਨੂੰ ਪਤਾ ਹੀ ਨਹੀਂ ਕਿ ਪਾਕਿਸਤਾਨ 'ਚ ਅਸੀਂ ਇਨ੍ਹਾਂ ਨੂੰ ਕਿੱਥੇ-ਕਿੱਥੇ ਛੁਪਾ ਕੇ ਰੱਖਿਆ ਹੈ। ਮੈਂ ਦੁਹਰਾਉਂਦਾ ਹਾਂ ਕਿ ਇਹ ਜਿਹੜੀਆਂ ਬੈਲਿਸਟਿਕ ਮਿਜ਼ਾਈਲਾਂ ਹਨ, ਇਹ ਜਿਹੜੀਆਂ ਕਰੂਜ਼ ਮਿਜ਼ਾਈਲਾਂ ਹਨ, ਇਹ ਜਿਹੜੀਆਂ ਸ਼ਾਹੀਨ (ਪਾਕਿਸਤਾਨ ਦੀ ਮਿਜ਼ਾਈਲ) ਹਨ, ਇਨ੍ਹਾਂ ਦਾ ਮੂੰਹ ਭਾਰਤ ਵੱਲ ਹੀ ਹੈ, ਕਿਸੇ ਹੋਰ ਵੱਲ ਨਹੀਂ।



# ਪਾਕਿਸਤਾਨ 'ਚ ਵਿਆਹੀ ਮੇਰਠ ਦੀ ਔਰਤ ਨੂੰ ਪਾਕਿਸਤਾਨ ਜਾਣ ਤੋਂ ਰੋਕਿਆ

**ਮੇਰਠ:**ਪਾਕਿਸਤਾਨੀ ਨਾਲ ਵਿਆਹੀ ਮੇਰਠ ਦੀ ਇਕ ਔਰਤ ਨੂੰ ਵਾਹਗਾ ਸਰਹੱਦ 'ਤੇ ਉਸਦੇ ਦੋ ਬੱਚਿਆਂ ਸਮੇਤ ਭਾਰਤੀ ਪਾਸਪੋਰਟ ਹੋਣ ਕਾਰਨ ਵਾਘਾ ਸਰਹੱਦ ਤੋਂ ਵਾਪਸ ਭੇਜ ਦਿੱਤਾ ਗਿਆ। ਮੇਰਠ ਦੇ ਸਰਧਾਨਾ ਇਲਾਕੇ ਦੀ ਰਹਿਣ ਵਾਲੀ ਸਨਾ ਆਪਣੇ ਦੋ ਬੱਚਿਆਂ ਨਾਲ 45 ਦਿਨਾਂ ਦੇ ਵੀਜ਼ੇ 'ਤੇ ਭਾਰਤ ਆਈ ਸੀ, ਪਰ ਜਦੋਂ ਉਹ 24 ਅਪ੍ਰੈਲ ਨੂੰ ਵਾਹਗਾ ਸਰਹੱਦ 'ਤੇ ਗਈ ਤਾਂ ਉਸਨੂੰ ਵਾਹਗਾ ਸਰਹੱਦ 'ਤੇ ਪਾਕਿਸਤਾਨ ਵੱਲ ਜਾਣ ਤੋਂ ਇਨਕਾਰ ਕਰ ਦਿੱਤਾ ਗਿਆ। ਉਸਦੇ ਪਰਿਵਾਰ ਨੇ ਕਿਹਾ ਕਿ ਉਸਨੂੰ ਪਾਕਿਸਤਾਨ ਵਾਪਸ ਜਾਣ ਤੋਂ ਰੋਕ ਕਰ ਦਿੱਤਾ ਗਿਆ ਕਿਉਂਕਿ ਉਸਦੇ ਕੋਲ ਭਾਰਤੀ ਪਾਸਪੋਰਟ ਸੀ। ਹਾਲਾਂਕਿ, ਅਧਿਕਾਰੀਆਂ ਨੇ ਕਿਹਾ ਕਿ ਉਸਦੇ ਬੱਚੇ ਸਰਹੱਦ ਪਾਰ ਕਰ ਸਕਦੇ ਹਨ ਕਿਉਂਕਿ ਉਹ ਪਾਕਿਸਤਾਨੀ ਨਾਗਰਿਕ ਸਨ। ਸਨਾ ਨੇ ਆਪਣੇ ਬੱਚਿਆਂ ਨੂੰ ਇਕੱਲੇ ਭੇਜਣ ਤੋਂ ਇਨਕਾਰ ਕਰ ਦਿੱਤਾ। ਸਨਿਚਰਵਾਰ ਨੂੰ, ਸਨਾ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਉਸਨੂੰ ਵੀਜ਼ਾ ਦੀ ਮਿਆਦ ਖਤਮ ਹੋਣ ਕਾਰਨ ਭਾਰਤ ਛੱਡਣ ਲਈ ਕਿਹਾ ਗਿਆ ਸੀ। ਉਸਨੇ ਕਿਹਾ ਕਿ ਉਸਦੇ ਪਤੀ ਅਤੇ ਸਹੁਰੇ ਸਰਹੱਦ ਦੇ ਦੂਜੇ ਪਾਸੇ ਉਡੀਕ ਕਰ ਰਹੇ ਸਨ, ਪਰ ਉਹ ਉਨ੍ਹਾਂ ਨੂੰ ਮਿਲ ਵੀ ਨਹੀਂ ਸਕੀ।



# ਨਸ਼ਿਆਂ ਖ਼ਿਲਾਫ਼ ਜੰਗ ਤਹਿਤ ਪੰਜਾਬ ਭਰ 'ਚ 4,745 ਮਾਮਲੇ ਕੀਤੇ ਦਰਜ

**ਸੰਗਰੂਰ:**ਨਸ਼ਿਆਂ ਦੇ ਖ਼ਿਲਾਫ਼ ਜੰਗ ਦੇ ਤਹਿਤ ਕੈਬਨਿਟ ਸਬ ਕਮੇਟੀ ਦੇ ਚੇਅਰਮੈਨ ਹਰਪਾਲ ਚੀਮਾ ਨੇ ਦੱਸਿਆ ਕਿ ਮੁਹਿੰਮ ਦੇ ਤਹਿਤ ਹੁਣ ਤੱਕ ਪੰਜਾਬ ਭਰ ਵਿਚ 4,745 ਮਾਮਲੇ ਐੱਨਡੀਪੀਐੱਸ ਤਹਿਤ ਦਰਜ ਕੀਤੇ ਗਏ ਹਨ, 7536 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਲਗਪਗ 71 ਤਸਕਰਾਂ ਦੀਆਂ ਗ਼ੈਰ ਕਾਨੂੰਨੀ ਸੰਪਤੀਆਂ ਨੂੰ ਨਸ਼ਟ ਕੀਤਾ ਗਿਆ ਹੈ। ਇਸ ਤੋਂ ਇਲਾਵਾ 301 ਕਿਲੋਗ੍ਰਾਮ ਹੈਰੋਇਨ, 9969 ਕਿਲੋਗ੍ਰਾਮ ਚੂਰਾ ਪੋਸਤ, 154 ਕਿਲੋਗ੍ਰਾਮ ਅਫੀਮ, 96 ਕਿਲੋਗ੍ਰਾਮ ਗਾਂਜਾ ਅਤੇ ਪਾਬੰਦੀਸ਼ੁਦਾ ਦਵਾਈਆਂ ਦੀਆਂ 21,84,276 ਗੋਲੀਆਂ ਅਤੇ ਕੈਪਸੂਲ ਜ਼ਬਤ ਕੀਤੇ ਜਾ ਚੁੱਕੇ ਹਨ। ਵਿੱਤ ਮੰਤਰੀ ਨੇ ਰਾਜ ਵਿਚ ਗ਼ੈਰ ਕਾਨੂੰਨੀ ਸ਼ਰਾਬ ਦੀ ਤਸਕਰੀ ਨੂੰ ਰੋਕਣ ਲਈ ਰਾਜ ਦੇ ਆਬਕਾਰੀ ਅਤੇ ਪੁਲਿਸ ਵਿਭਾਗਾਂ ਦੇ ਵਿਚਾਲੇ ਤਾਲਮੇਲ ਯਤਨਾਂ ਦੀ ਸਫਲਤਾ 'ਤੇ ਰੌਸ਼ਨੀ ਪਾਈ। ਹਾਲ ਹੀ ਵਿਚ ਰਾਜ ਵਿਚ ਸ਼ਰਾਬ ਦੀ ਤਸਕਰੀ ਕਰਨ ਵਾਲੇ ਵਿਅਕਤੀਆਂ ਦੇ ਖ਼ਿਲਾਫ਼ ਮੋਹਾਲੀ ਵਿਚ 4 ਐਫਆਈਆਰ ਦਰਜ ਕੀਤੀਆਂ ਗਈਆਂ ਹਨ ਅਤੇ ਗ਼ੈਰ ਕਾਨੂੰਨੀ ਸ਼ਰਾਬ ਸੰਬੰਧੀ ਇਕ ਹੋਰ ਐਫਆਈਆਰ ਪੁਲਿਸ ਸਟੇਸ਼ਨ ਛਾਜਲੀ ਵਿਚ ਦਰਜ ਕੀਤੀ ਗਈ ਹੈ।



# ਸਰਹੱਦਾਂ 'ਤੇ ਕਿਸਾਨਾਂ ਦੀ ਹੋ ਰਹੀ ਹੈ ਖੱਜਲ-ਖੁਆਰੀ

**ਅੰਮ੍ਰਿਤਸਰ:**ਜੰਮੂ-ਕਸ਼ਮੀਰ ਦੇ ਪਹਿਲਗਾਮ 'ਚ ਹੋਏ ਅੱਤਵਾਦੀ ਹਮਲੇ ਤੋਂ ਬਾਅਦ ਪੂਰੇ ਦੇਸ਼ ਅੰਦਰ ਇਕ ਤਰ੍ਹਾਂ ਦੀ ਭੜਕਾਹਟ ਵਾਲੀ ਸਥਿਤੀ ਹੈ। ਸੈਲਾਨੀਆਂ 'ਤੇ ਹੋਏ ਅਚਨਚੇਤ ਹਮਲੇ ਤੋਂ ਬਾਅਦ ਖਾਸਕਰ ਕਸ਼ਮੀਰੀਆਂ ਦੇ ਰੁਜ਼ਗਾਰ ਨੂੰ ਡੂੰਘੀ ਸੱਟ ਵੱਜੀ ਹੈ। ਦੂਜੇ ਬੰਨੇ ਕੇਂਦਰ ਤੇ ਸੂਬਿਆਂ ਦੀਆਂ ' ਸਰਕਾਰਾਂ ਨੂੰ ਵੀ ਸੁਰੱਖਿਆ ਦੇ ਲਿਹਾਜ਼ ਨਾਲ ਵੱਖਰੇ ਪ੍ਰਬੰਧ ਤੇ ਫ਼ੈਸਲੇ ਕਰਨੇ ਪੈ ਰਹੇ ਹਨ। ਇਸ ਵੇਲੇ ਕਿਸਾਨ ਆਪਣੀ ਕਣਕ ਦੀ ਫ਼ਸਲ ਵੱਢ ਤੇ ਸੰਭਾਲ ਰਿਹਾ ਹੈ। ਖੇਤਾਂ ਵਿਚ ਵੱਖਰੇ ਤਰ੍ਹਾਂ ਦੀਆਂ ਪਰੇਸ਼ਾਨੀਆਂ ਕਿਸਾਨਾਂ ਨੂੰ ਝੱਲਣੀਆਂ ਪੈ ਰਹੀਆਂ ਹਨ ਪਰ ਲੰਘੇ ਦਿਨੀਂ ਇਕ ਖ਼ਬਰ ਨੇ ਕਿਸਾਨਾਂ ਦੇ ਸਾਹ ਵੀ ਸੂਤੇ ਤੇ ਉਨ੍ਹਾਂ ਦੀ ਭੱਜ-ਨੱਠ 'ਚ ਵੀ ਵਾਧਾ ਕਰ ਦਿੱਤਾ। ਅਸਲ ਵਿਚ ਕਿਸਾਨਾਂ ਮੁਤਾਬਕ ਉਨ੍ਹਾਂ ਨੂੰ ਪਤਾ ਲੱਗਾ ਹੈ ਕਿ ਸਰਕਾਰ ਨੇ ਦੋ ਦਿਨਾਂ ਦੇ ਅੰਦਰ ਸਰਹੱਦਾਂ ਲਾਗੇ ਖੇਤਾਂ ਵਿਚੋਂ ਕਣਕ ਦੀ ਵਾਢੀ ਤੇ ਤੂੜੀ ਦੀ ਸਾਂਭ-ਸੰਭਾਲ ਦਾ ਕੰਮ ਨਬੇੜਨ ਲਈ ਕਿਹਾ ਹੈ। ਕਿਸਾਨਾਂ ਨੇ ਵੀ ਇਸ ਖ਼ਬਰ ਤੋਂ ਬਾਅਦ ਜੰਗੀ ਪੱਧਰ 'ਤੇ ਕੰਮ ਸ਼ੁਰੂ ਕਰ ਦਿੱਤਾ। ਕਿਸਾਨਾਂ ਮੁਤਾਬਿਕ ਇਹ ਸੂਚਨਾ ਆ ਰਹੀ ਸੀ ਕਿ ਜੇਕਰ ਕਿਸਾਨਾਂ ਵੱਲੋਂ ਵਾਢੀ ਦਾ ਕੰਮ ਮੁਕੰਮਲ ਨਾ ਕੀਤਾ ਗਿਆ ਤਾਂ ਵੱਡੀਆਂ ਪਰੇਸ਼ਾਨੀਆਂ ਝੱਲਣੀਆਂ ਪੈ ਸਕਦੀਆਂ ਹਨ।

ਬੀਐੱਸਐੱਫ ਦੋ ਦਿਨਾਂ ਦੇ ਸਮੇਂ ਮਗਰੋਂ ਗੇਟ ਬੰਦ ਕਰ ਦੇਵੇਗੀ। ਇਸ ਸੂਚਨਾ ਦਾ ਕਿਸਾਨਾਂ ਵੱਲੋਂ ਕਈ ਤਰੀਕਿਆਂ ਨਾਲ ਮੁਲਾਂਕਣ ਕੀਤਾ ਗਿਆ। ਖ਼ਦਸ਼ੇ ਇਹ ਜ਼ਾਹਰ ਕੀਤੇ ਗਏ ਕਿ ਇਹ ਇਸ ਲਈ ਕਿਹਾ ਜਾ ਰਿਹਾ ਹੈ ਕਿਉਂਕਿ ਜੰਗ ਲੱਗਣ ਦੀ ਸੰਭਾਵਨਾ ਹੈ। ਸਰਹੱਦੀ ਕਿਸਾਨਾਂ ਦੇ ਦਾਅਵੇ ਮੁਤਾਬਕ ਇਹ ਸਾਰੀ ਸੂਚਨਾ ਮੁਨਿਆਦੀ ਕਰਵਾ ਕੇ ਲੋਕਾਂ ਤੱਕ ਪੁੱਜਦੀ ਕੀਤੀ ਜਾ ਰਹੀ ਹੈ। ਇਸ ਸੂਚਨਾ ਤੋਂ ਬਾਅਦ ਫ਼ਸਲ ਦੀ ਵਾਢੀ ਲਈ ਕਿਸਾਨਾਂ ਨੂੰ ਕਈ ਤਰ੍ਹਾਂ ਦੀਆਂ ਔਕੜਾਂ ਦਾ ਸਾਹਮਣਾ ਵੀ ਕਰਨਾ ਪਿਆ ਪਰ ਹੈਰਾਨੀ ਵਾਲੀ ਗੱਲ ਹੈ ਕਿ ਇਸ ਬਾਰੇ ਸੀਮਾ ਸੁਰੱਖਿਆ ਫੋਰਸ ਕੁਝ ਹੋਰ ਬਿਆਨ ਦੇ ਰਹੀ ਹੈ। ਪੰਜਾਬ ਦੀ ਪਾਕਿਸਤਾਨ ਨਾਲ ਲਗਦੀ 550 ਕਿਲੋਮੀਟਰ ਲੰਮੀ ਸਰਹੱਦ 'ਤੇ ਕੰਡਿਆਲੀ ਤਾਰ ਲੱਗੀ ਹੋਈ ਹੈ ਤੇ ਇਸ ਤੋਂ ਪਾਰ ਕਿਸਾਨਾਂ ਦੀ 30 ਹਜ਼ਾਰ ਏਕੜ ਤੋਂ ਵੱਧ ਜ਼ਮੀਨ ਵਾਹੀਯੋਗ ਹੈ। ਸਰਹੱਦਾਂ 'ਤੇ ਵਸਣ ਵਾਲੇ ਲੋਕ ਇਸ ਤਰ੍ਹਾਂ ਦੀਆਂ ਸੂਚਨਾਵਾਂ ਨੂੰ ਇਸ ਲਈ ਵੀ ਗੰਭੀਰਤਾ ਨਾਲ ਲੈਂਦੇ ਹਨ ਕਿਉਂਕਿ ਉਨ੍ਹਾਂ ਨੇ ਜੰਗ ਦੌਰਾਨ ਤੇ ਇਸ ਤੋਂ ਬਾਅਦ ਦੇ ਉਜਾੜੇ ਦੇ ਦਿਨ ਦੇਖੇ ਹੋਏ ਹਨ। ਦੋਵੇਂ ਮੁਲਕਾਂ ਦਰਮਿਆਨ ਜਿੰਨੀਆਂ ਵੀ ਜੰਗਾਂ ਲੱਗੀਆਂ ਹਨ ਉਸ ਦਾ ਖ਼ਮਿਆਜ਼ਾ ਸਰਹੱਦੀ ਪਿੰਡਾਂ ਨੇ ਆਪਣੇ ਪਿੰਡਿਆਂ 'ਤੇ ਹੰਢਾਇਆ ਹੈ। ਇਹੀ ਕਾਰਨ ਹੈ ਕਿ ਸਰਹੱਦੀ ਇਲਾਕੇ ਸੰਤਾਲੀ ਦੀ ਵੰਡ ਤੋਂ ਹੁਣ ਤੱਕ 70-75 ਸਾਲਾਂ ਬਾਅਦ ਵੀ ਸਹੂਲਤਾਂ ਤੋਂ ਸੱਖਣੇ ਹਨ। ਜੰਗ ਦਰਮਿਆਨ ਇਨ੍ਹਾਂ ਲੋਕਾਂ ਨੂੰ ਆਪਣੇ ਘਰ-ਬਾਰ, ਡੰਗਰ ਪਸ਼ੂ ਤੇ ਹੋਰ ਕਈ ਕੁਝ ਛੱਡ ਕੇ ਜਾਣਾ ਪੈਂਦਾ ਹੈ। ਉਜਾੜੇ ਦੇ ਡਰੋਂ ਭੈਅਭੀਤ ਲੋਕਾਂ ਨੂੰ ਹਾਲਾਂਕਿ ਪ੍ਰਸ਼ਾਸਨਿਕ ਅਧਿਕਾਰੀਆਂ ਵੱਲੋਂ ਕੀਤੀਆਂ ਗਈਆਂ ਪੁਸ਼ਟੀਆਂ ਤੋਂ ਬਾਅਦ ਜ਼ਰੂਰ ਸੁੱਖ ਦਾ ਸਾਹ ਆਇਆ ਹੈ। ਬੀਐੱਸਐੱਫ ਨੇ ਵੀ ਇਸ ਗੱਲ ਨੂੰ ਸਿਰੇ ਤੋਂ ਨਕਾਰ ਦਿੱਤਾ ਹੈ ਕਿ ਇਸ ਤਰ੍ਹਾਂ ਦਾ ਕੋਈ ਵੀ ਬਿਆਨ ਦਿੱਤਾ ਗਿਆ ਹੈ ਪਰ ਸੋਚਣ ਵਾਲੀ ਗੱਲ ਹੈ ਕਿ ਪੰਜਾਬ ਦੇ ਸਭਤੋਂ ਸੰਵੇਦਨਸ਼ੀਲ ਸਰਹੱਦੀ ਇਲਾਕਿਆਂ ਨੂੰ ਇਸ ਤਰ੍ਹਾਂ ਦੀਆਂ ਡਰਾਉਣ ਵਾਲੀਆਂ ਸੂਚਨਾਵਾਂ ਦੇ ਕੌਣ ਰਿਹਾ ਹੈ? ਇਹ ਠੀਕ ਹੈ ਕਿ ਬੀਐੱਸਐੱਫ ਜਾਂ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀਆਂ ਨੇ ਲੋਕਾਂ ਨੂੰ ਕਹਿ ਦਿੱਤਾ ਹੈ ਕਿ ਉਹ ਕਿਸੇ ਵੀ ਸੂਚਨਾ ਦੀ ਪੁਸ਼ਟੀ ਸਿੱਧੀ ਪ੍ਰਸ਼ਾਸਨ ਤੋਂ ਕਰਨ ਪਰ ਇਨ੍ਹਾਂ ਦਿਨਾਂ ਵਿਚ ਚੌਕਸੀ ਵਰਤੀ ਜਾਵੇ ਕਿ ਕੋਈ ਵੀ ਅਫ਼ਵਾਹ ਨਾ ਫੈਲਣ ਦਿੱਤੀ ਜਾਵੇ।



# ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਪੀਐੱਚਡੀ ਵਿਦਿਆਰਥੀ ਦੀ ਲਾਸ਼ ਮਿਲੀ

**ਅੰਮ੍ਰਿਤਸਰ:**ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਇਕ ਪੀਐੱਚਡੀ ਦੇ ਵਿਦਿਆਰਥੀ ਦੀ ਲਾਸ਼ ਹੋਸਟਲ ਦੇ ਬਾਥਰੂਮ 'ਚੋਂ ਮਿਲੀ। ਜ਼ਿਲ੍ਹਾ ਹੁਸ਼ਿਆਰਪੁਰ ਦੇ ਦਸੂਹਾ ਦਾ ਰਹਿਣ ਵਾਲਾ ਹਰਪ੍ਰੀਤ ਸਿੰਘ (32) ਗੁਰੂ ਨਾਨਕ ਦੇਵ ਯੂਨੀਵਰਸਿਟੀ 'ਚ ਪੀਐੱਚਡੀ ਕਰ ਰਿਹਾ ਸੀ। ਵਿਦਿਆਰਥੀਆਂ ਮੁਤਾਬਕ ਸ਼ਨਿਚਰਵਾਰ ਨੂੰ ਹਰਪ੍ਰੀਤ ਸਿੰਘ ਬਾਥਰੂਮ 'ਚ ਡਿੱਗਾ ਮਿਲਿਆ। ਉਸ ਨੂੰ ਹਸਪਤਾਲ ਲਿਜਾਇਆ ਗਿਆ, ਜਿਥੇ ਡਾਕਟਰਾਂ ਨੇ ਉਸ ਨੂੰ ਮ੍ਰਿਤ ਐਲਾਨ ਦਿੱਤਾ। ਏਸੀਪੀ ਸ਼ਿਵ ਦਰਸ਼ਨ ਮੁਤਾਬਕ ਮੌਤ ਦਾ ਕਾਰਨ ਪੋਸਟਮਾਰਟਮ ਰਿਪੋਰਟ ਆਉਣ ਤੋਂ ਬਾਅਦ ਹੀ ਪਤਾ ਲੱਗੇਗਾ।



# ਬ੍ਰਿਕਸ ਮੀਟਿੰਗ 'ਚ ਨਹੀਂ ਜਾਣਗੇ ਜੈਸ਼ੰਕਰ ਤੇ ਡੋਭਾਲ

**ਨਵੀਂ ਦਿੱਲੀ:**ਪਾਕਿਸਤਾਨ ਨਾਲ ਵੱਧ ਰਹੇ ਤਣਾਅ ਕਾਰਨ ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਭਾਲ ਤੇ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਦੀ ਸੰਭਾਵਿਤ ਬ੍ਰਾਜ਼ੀਲ ਯਾਤਰਾ ਟਾਲ ਦਿੱਤੀ ਗਈ ਹੈ। ਦੋਵੇਂ ਬ੍ਰਿਕਸ ਦੇਸ਼ਾਂ ਦੇ ਵਿਦੇਸ਼ ਮੰਤਰੀਆਂ ਤੇ ਐੱਨਐੱਸਏ ਦੀ ਮੀਟਿੰਗ 'ਚ ਹਿੱਸਾ ਲੈਣ ਵਾਲੇ ਸਨ। ਦੋਵਾਂ ਵੱਲੋਂ ਪਹਿਲਾਂ ਹੀ ਮੀਟਿੰਗ 'ਚ ਜਾਣ ਦੀ ਸਹਿਮਤੀ ਪ੍ਰਗਟਾਈ ਗਈ ਸੀ ਕਿਉਂਕਿ ਇਨ੍ਹਾਂ ਮੀਟਿੰਗਾਂ 'ਚ ਹੋਣ ਵਾਲੀ ਵਿਚਾਰ-ਚਰਚਾ ਦੇ ਆਧਾਰ 'ਤੇ ਹੀ ਜੁਲਾਈ, 2025 ਵਿਚ ਬ੍ਰਿਕਸ ਸਿਖਰ ਸੰਮੇਲਨ ਦੇ ਐਲਾਨਨਾਮੇ ਨੂੰ ਅੰਤਮ ਰੂਪ ਦਿੱਤਾ ਜਾਣਾ ਹੈ।

# ਕਿਸਾਨਾਂ ਨੇ ਕੇਂਦਰ ਨਾਲ ਮੀਟਿੰਗ ਪੰਜਾਬ ਸਰਕਾਰ ਤੋਂ ਬਿਨਾਂ ਕਰਨ ਦੀ ਸ਼ਰਤ ਰੱਖੀ

**ਚੰਡੀਗੜ੍ਹ:**ਪੰਜਾਬ ਸਰਕਾਰ ਤੇ ਕਿਸਾਨ ਜਥੇਬੰਦੀਆਂ ਵਿਚਕਾਰ ਪਾੜਾ ਵਧਦਾ ਜਾ ਰਿਹਾ ਹੈ। ਕੇਂਦਰ ਸਰਕਾਰ ਨੇ ਸੰਯੁਕਤ ਕਿਸਾਨ ਮੋਰਚਾ (ਗ਼ੈਰ ਸਿਆਸੀ) ਨੂੰ ਚਾਰ ਮਈ ਨੂੰ ਚੰਡੀਗੜ੍ਹ 'ਚ ਬੈਠਕ ਲਈ ਸੱਦਾ ਭੇਜ ਦਿੱਤਾ ਹੈ। ਦੂਜੇ ਪਾਸੇ ਐੱਸਕੇਐੱਮ ਦੇ ਨੇਤਾ ਜਗਜੀਤ ਸਿੰਘ ਡੱਲੇਵਾਲ ਨੇ ਐਲਾਨ ਕੀਤਾ ਹੈ ਕਿ ਜੇਕਰ ਪੰਜਾਬ ਸਰਕਾਰ ਦੇ ਨੁਮਾਇੰਦੇ ਬੈਠਕ 'ਚ ਮੌਜੂਦ ਹੋਏ ਤਾਂ ਮਜਬੂਰੀ 'ਚ ਕਿਸਾਨ ਜਥੇਬੰਦੀਆਂ ਨੂੰ ਬੈਠਕ ਦਾ ਬਾਈਕਾਟ ਕਰਨਾ ਪਵੇਗਾ। ਇਸ ਸਬੰਧੀ ਐੱਸਕੇਐੱਮ ਨੇ ਖੇਤੀ ਮੰਤਰੀ ਸ਼ਿਵਰਾਜ ਚੌਹਾਨ ਨੂੰ ਪੱਤਰ ਵੀ ਭੇਜ ਦਿੱਤਾ ਹੈ।

ਐਤਵਾਰ ਨੂੰ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਇਕ ਵੀਡੀਓ ਜਾਰੀ ਕਰ ਕੇ ਸਪਸ਼ਟ ਕੀਤਾ ਹੈ 19 ਮਾਰਚ ਨੂੰ ਬੈਠਕ ਤੋਂ ਬਾਅਦ ਪੰਜਾਬ ਸਰਕਾਰ ਨੇ ਕਿਸਾਨ ਨੇਤਾਵਾਂ ਨੂੰ ਹਿਰਾਸਤ 'ਚ ਲਿਆ ਤੇ ਜਬਰੀ ਮੋਰਚਾ ਖ਼ਰਾਬ ਕੀਤਾ। ਕਿਸਾਨਾਂ ਦੀਆਂ ਟੈਕਟਰ-ਟਰਾਲੀਆਂ ਚੋਰੀ ਕਰ ਲਈਆਂ ਗਈਆਂ ਤੇ ਹੋਰ ਸਾਮਾਨ ਲੁੱਟ ਲਿਆ ਗਿਆ। ਪੁਲਿਸ ਦੀ ਇਸ ਕਾਰਵਾਈ ਖ਼ਿਲਾਫ਼ ਸਮੁੱਚੇ ਕਿਸਾਨਾਂ 'ਚ ਰੋਸ ਹੈ। ਇਸ ਹਾਲਤ 'ਚ ਉਹ ਚਾਰ ਮਈ ਨੂੰ ਹੋਣ ਵਾਲੀ ਬੈਠਕ 'ਚ ਤਾਂ ਹੀ ਸ਼ਾਮਿਲ ਹੋਣਗੇ ਜੇ ਉਸ 'ਚ ਪੰਜਾਬ ਸਰਕਾਰ ਦੇ ਨੁਮਾਇੰਦੇ ਨਾ ਹੋਣ। ਜੇ ਕੋਈ ਨੁਮਾਇੰਦਾ ਹੋਇਆ ਤਾਂ ਉਹ ਮੀਟਿੰਗ ਦਾ ਬਾਈਕਾਟ ਕਰ ਦੇਣਗੇ। ਜ਼ਿਕਰਯੋਗ ਹੈ ਕਿ 19 ਮਾਰਚ ਦੀ ਘਟਨਾ ਤੋਂ ਬਾਅਦ ਕਿਸਾਨ ਜਥੇਬੰਦੀਆਂ ਲਗਾਤਾਰ ਆਮ ਆਦਮੀ ਦੇ ਵਿਧਾਇਕਾਂ ਨੂੰ ਘੇਰ ਰਹੀਆਂ ਹਨ।



# ਬਾਜਵਾ ਤੋਂ 12 ਘੰਟੇ ਪੁੱਛਗਿੱਛ ਤੋਂ ਬਾਅਦ ਵੀ ਪੁਲਿਸ ਦੀ ਨਹੀਂ ਹੋਈ ਤਸੱਲੀ

**ਮੋਹਾਲੀ:** ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਤੋਂ ਦੋ ਵਾਰ ਪੁੱਛਗਿੱਛ ਕਰਨ ਤੋਂ ਬਾਅਦ ਵੀ ਪੁਲਿਸ ਨੂੰ ਤਸੱਲੀ ਨਹੀਂ ਹੋਈ। ਸ਼ੁਰੂਆਤੀ ਜਾਂਚ ਵਿਚ ਬਾਜਵਾ ਤੋਂ 15 ਅਪ੍ਰੈਲ ਨੂੰ



ਕਰੀਬ 5.30 ਘੰਟੇ ਗਈ, ਜਿਸ ਤੋਂ 10 ਦਿਨਾਂ ਬਾਅਦ ਮੁੜ ਦੁਪਹਿਰ 2 ਬਨੇ ਹੈਂ ਸੇ ਵੇ ਸੇ ਗਜ ਸੇ 8:40 ਵਜੇ ਤੱਕ ਪੁੱਛਗਿੱਛ ਕੀਤੀ ਗਈ। ਇਨ੍ਹਾਂ ਦਿਨਾਂ ਦਰਮਿਆਨ ਦੋਵਾਂ ਧਿਰਾਂ ਨੇ ਹਾਈ ਕੋਰਟ ਦੀਆਂ ਪੌੜੀਆਂ ਵੀ ਚੜ੍ਹੀਆਂ, ਜਿਸ ਦੇ ਨਤੀਜੇ ਵਜੋਂ ਬਾਜਵਾ ਨੂੰ ਗ੍ਰਿਫ਼ਤਾਰੀ ਤੋਂ ਕੁਝ ਸਮੇਂ ਲਈ ਰਾਹਤ ਤਾਂ ਮਿਲੀ, ਪਰ ਪੱਤਰਕਾਰਾਂ ਅੱਗੇ ਉਨ੍ਹਾਂ ਨੂੰ ਇਸ ਮਾਮਲੇ ਸਬੰਧੀ ਚੁੱਪ ਰਹਿਣ ਲਈ ਨਿਰਦੇਸ਼ ਵੀ ਜਾਰੀ ਹੋਏ। ਸੂਤਰਾਂ ਅਨੁਸਾਰ ਇਸ ਮਾਮਲੇ ਵਿਚ ਬਾਜਵਾ ਨੂੰ ਹਾਈ ਕੋਰਟ ਵਾਲੀ ਪਟੀਸ਼ਨ ਦੀ ਅਗਲੀ ਤਰੀਕ ਤੋਂ ਪਹਿਲਾਂ ਫਿਰ ਪੁੱਛਗਿੱਛ ਲਈ ਬੁਲਾਇਆ ਜਾ ਸਕਦਾ ਹੈ। ਸ਼ੁੱਕਰਵਾਰ ਨੂੰ 6.30 ਘੰਟੇ ਹੋਈ ਪੁੱਛਗਿੱਛ ਤੋਂ ਬਾਅਦ ਸਾਈਬਰ ਕ੍ਰਾਇਮ ਥਾਣੇ ਤੋਂ ਬਾਹਰ ਆਉਂਦੇ ਸਮੇਂ ਬਾਜਵਾ ਦੇ ਮੱਥੇ 'ਤੇ ਕਾਫ਼ੀ ਥਕਾਨ ਵੇਖਣ ਨੂੰ ਮਿਲੀ। ਸੂਤਰਾਂ ਅਨੁਸਾਰ ਦੋ ਪੜਾਵਾਂ ਵਿਚ ਕੀਤੀ ਗਈ 12 ਘੰਟਿਆਂ ਦੀ ਪੁੱਛਗਿੱਛ ਤੋਂ ਅਸੰਤੁਸ਼ਟ ਜਾਂਚ ਅਧਿਕਾਰੀ ਤਫ਼ਤੀਸ਼ ਲਈ ਨਵੀਂ ਪ੍ਰਸ਼ਾਨਵਲੀ ਬਣਾ ਰਹੇ ਹਨ। ਸੂਤਰਾਂ ਦਾ ਤਾਂ ਇਹ ਵੀ ਕਹਿਣਾ ਹੈ ਕਿ ਇਹ ਸਭ ਪ੍ਰਤਾਪ ਸਿੰਘ ਬਾਜਵਾ ਦੀ ਦਿੱਲੀ ਵਿਖੇ ਵੱਡੇ ਆਗੂਆਂ ਨਾਲ ਹੋਈ ਮੁਲਾਕਾਤ 'ਤੇ ਪਰਦਾ ਪਾਉਣ ਲਈ ਕੀਤਾ ਜਾ ਰਿਹਾ ਹੈ।

# ਕਰਤਾਰਪੁਰ ਲਾਂਘੇ ਰਾਹੀਂ ਹੁਣ ਤੱਕ 4,13,058 ਸ਼ਰਧਾਲੂ ਕਰ ਚੁੱਕੇ ਨੇ ਗੁਰੂ ਘਰ ਦੇ ਦਰਸ਼ਨ

**ਅੰਮ੍ਰਿਤਸਰ:** ਕਰਤਾਰਪੁਰ ਲਾਂਘੇ ਰਾਹੀਂ ਹੁਣ ਤੱਕ ਦੇਸ਼ ਵਿਦੇਸ਼ ਤੋਂ ਇਲਾਵਾ ਭਾਰਤ ਦੇ ਕੋਨੇ ਕੋਨੇ ਤੋਂ ਵੀਰਵਾਰ ਤੱਕ 413058 ਸ਼ਰਧਾਲੂਆਂ ਵੱਲੋਂ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨ ਕੀਤੇ ਜਾ ਚੁੱਕੇ ਹਨ। ਵੀਰਵਾਰ ਨੂੰ ਲਾਂਘੇ ਰਾਹੀ 493 ਸ਼ਰਧਾਲੂਆ ਨੂੰ ਮਨਜੂਰੀ ਮਿਲੀ ਸੀ ਜਦਕਿ 333 ਸ਼ਰਧਾਲੂ ਹੀ ਗੁਰਦੁਆਰਾ ਸਾਹਿਬ ਨਤਮਸਤਕ ਹੋਏ।


ਬੀਤੇ ਦਿਨ ਜੰਮੂ ਕਸ਼ਮੀਰ ਦੇ ਪਹਿਲਗਾਮ ਵਿੱਚ ਅੱਤਵਾਦੀਆਂ ਵੱਲੋਂ 27 ਭਾਰਤੀਆਂ ਨੂੰ ਮੌਤ ਦੇ ਘਾਟ ਉਤਾਰਨ ਤੋਂ ਬਾਅਦ ਜਿੱਥੇ ਭਾਰਤ ਸਰਕਾਰ ਵੱਲੋਂ ਵਾਹਗਾ ਬਾਰਡਰ ਰਾਹੀਂ ਪਾਕਿਸਤਾਨ ਜਾਣ ਵਾਲੇ ਸ਼ਰਧਾਲੂਆਂ 'ਤੇ ਰੋਕ ਲਗਾ ਦਿੱਤੀ ਗਈ ਹੈ ਅਤੇ ਭਾਰਤੀ ਖੇਤਰ ਵਿੱਚ ਰਹਿੰਦੇ ਪਾਕਿਸਤਾਨੀ ਲੋਕਾਂ ਨੂੰ 48 ਘੰਟੇ ਵਿੱਚ ਭਾਰਤ ਛੱਡਣ ਦਾ ਅਲਟੀਮੇਟਮ ਦਿੱਤਾ ਗਿਆ ਹੈ। ਭਾਰਤ ਵੱਲੋਂ ਪਾਕਿਸਤਾਨ ਖਿਲਾਫ ਲਏ ਗਏ ਸਖਤ ਫੈਸਲੇ ਤੋਂ ਬਾਅਦ ਨਾਨਕ ਨਾਮ ਲੇਵਾ ਸੰਗਤਾਂ ਦਾ ਕਹਿਣਾ ਹੈ ਕਿ ਜੰਮੂ ਕਸ਼ਮੀਰ ਦੇ ਪਹਿਲਗਾਮ ਹਮਲੇ ਦਾ ਅਸਰ ਸ੍ਰੀ ਕਰਤਾਰਪੁਰ



ਸਾਹਿਬ ਜੀ ਦੇ ਲਾਂਘੇ 'ਤੇ ਨਾ ਪਾਇਆ ਜਾਵੇ। ਉਹਨਾਂ ਕਿਹਾ ਕਿ ਪਾਕਿਸਤਾਨ ਸਰਕਾਰ ਨੂੰ ਜਿੱਥੇ ਡੇਰਾ ਬਾਬਾ ਨਾਨਕ ਦੀ ਕੌਮਾਂਤਰੀ ਸਰਹੱਦ ਰਾਹੀਂ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਜੀ ਦੇ ਦਰਸ਼ਨ ਕਰਨ ਵਾਲੇ ਸ਼ਰਧਾਲੂਆਂ ਤੋਂ 20 ਅਮਰੀਕੀ ਡਾਲਰ ਵਸੂਲਣ ਤੋਂ ਇਲਾਵਾ ਨਾਨਕ ਨਾਮ ਲੇਵਾ ਸੰਗਤਾਂ ਵੱਲੋਂ ਗੁਰਦੁਆਰਾ ਸਾਹਿਬ ਵਿੱਚ ਲੰਗਰਾਂ ਲਈ ਭੇਜੀਆਂ ਜਾ ਰਹੀਆਂ ਰਸਦਾ ਅਤੇ ਗੋਲਕਾਂ ਵਿੱਚ ਪਾਈ ਜਾ ਰਹੀ ਮਾਇਆ ਸਮੇਤ ਲਾਂਘੇ ਰਾਹੀਂ ਪਾਕਿਸਤਾਨ ਅਰਬਾਂ ਰੁਪਏ ਕਮਾ ਚੁੱਕਾ ਹੈ। ਉਹਨਾਂ ਕਿਹਾ ਕਿ ਪਾਕਿਸਤਾਨ ਭਾਰਤ ਨਾਲ ਚੰਗੇ ਸਬੰਧ ਬਣਾਵੇ ਅਤੇ ਅੱਤਵਾਦ ਅਤੇ ਨਸ਼ੇ ਦੇ ਖਾਤਮੇ ਲਈ ਭਾਰਤ ਸਰਕਾਰ ਦਾ ਸਹਿਯੋਗ ਦੇਵੇ।

# ਪਹਿਲਗਾਮ ਦੇ ਦੋਸ਼ੀਆਂ ਨੂੰ ਕਲਪਨਾ ਤੋਂ ਵੱਡੀ ਸਜ਼ਾ ਮਿਲੇਗੀ: ਮੋਦੀ

**ਮਧੂਬਨੀ:** ਜੰਮੂ-ਕਸ਼ਮੀਰ ਦੇ ਪਹਿਲਗਾਮ ਵਿੱਚ ਹੋਏ ਹਮਲੇ ਬਾਰੇ ਬੋਲਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਜਿਨ੍ਹਾਂ ਨੇ ਹਮਲਾ ਕੀਤਾ ਹੈ, ਉਨ੍ਹਾਂ ਅੱਤਵਾਦੀਆਂ ਅਤੇ ਸਾਜਿਸ਼ ਰਚਣ ਵਾਲਿਆਂ ਨੂੰ ਉਨ੍ਹਾਂ ਦੀ ਕਲਪਨਾ ਤੋਂ ਵੱਡੀ ਸਜ਼ਾ ਮਿਲੇਗੀ। ਅੱਤਵਾਦੀਆਂ ਦੀ ਬਚੀ ਖੁਚੀ ਜ਼ਮੀਨ ਨੂੰ ਮਿੱਟੀ ਵਿਚ ਮਿਲਾਉਣ ਦਾ ਸਮਾਂ ਆ ਗਿਆ ਹੈ। ਅੱਤਵਾਦੀ ਹਮਲੇ ਵਿਚ ਕਿਸੇ ਨੇ ਬੇਟਾ ਗਵਾਇਆ ਹੈ, ਕਿਸੇ ਨੇ ਭਰਾ ਤਾਂ



ਕਿਸੇ ਨੇ ਜੀਵਨ ਸਾਥੀ। ਕੋਈ ਬੰਗਾਲੀ ਬੋਲਦਾ ਸੀ, ਕੋਈ ਕੰਨੜ, ਕੋਈ ਉੜੀਆ ਕੋਈ ਬਿਹਾਰ ਤੋਂ ਸੀ। ਪਰ ਅੱਜ ਸਾਡਾ ਦੁੱਖ ਇਕ ਹੈ। ਕਸ਼ਮੀਰ ਤੋਂ ਕੰਨਿਆਕੁਮਾਰੀ ਤੱਕ ਲੋਕ ਦੁਖੀ ਹਨ। ਉਹ ਵੀਰਵਾਰ ਨੂੰ ਪੰਚਾਇਤੀ ਰਾਜ ਦਿਵਸ ਮੌਕੇ ਬਿਹਾਰ ਵਿਚ ਮਧੂਬਨੀ ਜ਼ਿਲ੍ਹੇ ਦੇ ਝੰਝਾਰਪੁਰ ਵਿਚ ਸਭਾ ਨੂੰ ਸੰਬੋਧਨ ਕਰ ਰਹੇ ਸਨ।

ਆਪਣੇ 17 ਮਿੰਟ ਦੇ ਸੰਬੋਧਨ ਵਿਚ ਪਹਿਲਾਂ ਪੀਐੱਮ ਨੇ ਮਿਥਿਲਾ ਨਾਲ ਪੂਰੇ ਦੇਸ਼ ਨੂੰ ਜੋੜਿਆ ਫਿਰ ਅੱਤਵਾਦ 'ਤੇ ਹਮਲਾ ਕੀਤਾ। ਉਨ੍ਹਾਂ 13,480 ਕਰੋੜ ਰੁਪਏ ਤੋਂ ਵੱਧ ਦੇ ਵਿਕਾਸ ਪ੍ਰੋਜੈਕਟ ਦੇਸ਼ ਨੂੰ ਸਮਰਪਿਤ ਕੀਤੇ। ਨੇਪਾਲ ਦੇ ਸਰਹੱਦੀ ਜੈਨਗਰ ਤੋਂ ਪਟਨਾ ਵਿਚਾਲੇ ਨਮੋ ਭਾਰਤ ਰੈਪਿਡ ਟ੍ਰੇਨ ਨੂੰ ਵਰਚੁਅਲ ਰੂਪ ਨਾਲ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਪ੍ਰਧਾਨ ਮੰਤਰੀ ਨੇ ਮਹਾਰਾਸ਼ਟਰ, ਕਰਨਾਟਕ, ਬਿਹਾਰ, ਕੇਰਲ, ਓਡੀਸ਼ਾ, ਅਸਾਮ, ਤੇਲੰਗਾਨਾ ਤੇ ਆਂਧਰ ਪ੍ਰਦੇਸ਼ ਦੀਆਂ ਸਰਬੋਤਮ ਪ੍ਰਦਰਸ਼ਨ ਕਰਨ ਵਾਲੀਆਂ ਪੰਚਾਇਤਾਂ ਦੇ ਪ੍ਰਤੀਨਿਧੀਆਂ ਨੂੰ ਰਾਸ਼ਟਰੀ ਪੰਚਾਇਤ ਪੁਰਸਕਾਰ ਵੀ ਦਿੱਤੇ। ਸ਼ੁਰੂਆਤ ਉਨ੍ਹਾਂ ਅੱਤਵਾਦੀ ਹਮਲੇ ਵਿਚ ਮਾਰੇ ਗਏ ਲੋਕਾਂ ਨੂੰ ਸ਼ਰਧਾਂਜਲੀ ਦੇ ਕੇ ਕੀਤੀ। ਕਿਹਾ ਕਿ ਅੱਤਵਾਦੀਆਂ ਨੇ ਮਾਸੂਮ ਦੇਸ਼ਵਾਸੀਆਂ ਨੂੰ ਜਿਸ ਬੇਰਹਿਮੀ ਨਾਲ ਮਾਰਿਆ, ਇਸ ਨਾਲ ਪੂਰਾ ਦੇਸ਼ ਦੁਖੀ ਹੈ। ਪੂਰਾ ਦੇਸ਼ ਪੀੜਤ ਪਰਿਵਾਰਾਂ ਦੇ ਨਾਲ ਹੈ। ਹਮਲੇ ਵਿਚ ਜ਼ਖ਼ਮੀ, ਜਿਨ੍ਹਾਂ ਦਾ ਇਲਾਜ ਚੱਲ ਰਿਹਾ ਉਹ ਛੇਤੀ ਸਿਹਤਯਾਬ ਹੋਣ, ਇਸ ਵਾਸਤੇ ਸਰਕਾਰ ਪੂਰੇ ਯਤਨ ਕਰ ਰਹੀ ਹੈ।

# 'ਆਪ' ਨੇ ਪੱਛੜਿਆਂ ਦੇ ਹੱਕਾਂ 'ਤੇ ਡਾਕਾ ਮਾਰਿਆ: ਵੜਿੰਗ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਆਊਟਸੋਰਸਿੰਗ, ਐਡਹਾਕ ਤੇ ਠੇਕੇ 'ਤੇ ਕੰਮ ਕਰਨ ਵਾਲੇ ਕਰਮਚਾਰੀਆਂ ਲਈ ਰਾਖਵਾਂਕਰਨ ਦਾ ਲਾਭ ਦੇਣ ਲਈ ਕਾਂਗਰਸ ਸਰਕਾਰ ਨੇ 2006 'ਚ ਕਾਨੂੰਨ ਲਿਆਂਦਾ ਸੀ। ਉਨ੍ਹਾਂ ਕਿਹਾ ਕਿ ਆਪ ਸਰਕਾਰ ਐਡਵੋਕੇਟ ਜਨਰਲ ਦਫ਼ਤਰ 'ਚ ਵਕੀਲ ਭਾਈਚਾਰੇ ਨੂੰ 25 ਪ੍ਰਤੀਸ਼ਤ ਐੱਸਸੀ ਸ਼੍ਰੇਣੀ ਨੂੰ ਰਾਖਵਾਂਕਰਨ ਦੇਣ ਦਾ ਦਾਅਵਾ ਕਰ ਰਹੀ ਹੈ,



ਜਦਕਿ 12 ਪ੍ਰਤੀਸ਼ਤ ਪੱਛੜੇ ਵਰਗ (ਬੀਸੀ) ਨੂੰ ਇਸ ਲਾਭ ਤੋ ਦੂਰ ਕਰ ਦਿੱਤਾ ਗਿਆ ਹੈ। ਕਾਂਗਰਸ ਭਵਨ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵੜਿੰਗ ਨੇ ਕਿਹਾ 19 ਦਸੰਬਰ 2021 ਨੂੰ ਤਤਕਾਲੀ ਕਾਂਗਰਸ ਸਰਕਾਰ ਨੇ ਐਕਟ ਨੂੰ ਨੋਟੀਫਾਈ ਕੀਤਾ ਸੀ। ਉਨ੍ਹਾਂ ਕਿਹਾ ਕਿ 'ਆਪ' ਨੇ ਪੱਛੜੇ ਵਰਗਾਂ ਨੂੰ ਰਾਖਵਾਂਕਰਨ ਦਾ ਲਾਭ ਲੈਣ ਨਹੀ ਦਿੱਤਾ।

# ਸਰਹੱਦ ਨਾਲ ਲੱਗਦੇ ਪਿੰਡਾਂ 'ਚ ਚੌਕਸੀ ਵਧੀ



**ਜੰਮੂ:** ਕੁਪਵਾੜਾ ਜ਼ਿਲ੍ਹਾ ਪ੍ਰਸ਼ਾਸਨ ਨੇ ਵੀਰਵਾਰ ਨੂੰ ਇਕ ਐਡਵਾਇਜ਼ਰੀ ਜਾਰੀ ਕਰ ਕੇ ਸਾਰੇ ਲੋਕਾਂ ਨੂੰ ਕਿਹਾ ਹੈ ਕਿ ਉਹ ਕਰਨਾਹ, ਕੇਰਨ, ਮੱਛਲ ਤੇ ਬੰਗਸ ਘਾਟੀ ਸਣੇ ਜ਼ਿਲ੍ਹੇ ਵਿਚ ਐੱਲਓਸੀ ਦੇ ਨਾਲ ਲੱਗਦੇ ਇਲਾਕਿਆਂ ਵਿਚ ਬਿਨਾਂ ਇਜਾਜ਼ਤ ਯਾਤਰਾ ਨਾ ਕਰਨ। ਐੱਲਓਸੀ ਨਾਲ ਲੱਗਦੇ ਇਲਾਕਿਆਂ ਵਿਚ ਸਾਰੇ ਸਰਕਾਰੀ ਤੇ ਨਿੱਜੀ ਸਕੂਲਾਂ ਅਤੇ ਸੈਲਾਨੀ ਸਰਗਰਮੀਆਂ ਦੇ ਆਯੋਜਕਾਂ ਨੂੰ ਸਬੰਧਤ ਜ਼ਿਲ੍ਹਿਆਂ ਦੇ ਡੀਸੀ ਦਫ਼ਤਰਾਂ ਤੋਂ ਇਜਾਜ਼ਤ ਲੈਣ ਲਈ ਕਿਹਾ ਗਿਆ ਹੈ। ਐੱਲਓਸੀ ਨਾਲ ਲਗਦੀਆਂ ਬਸਤੀਆਂ ਵਿਚ ਚੌਕਸੀ ਵਧਾ ਦਿੱਤੀ ਗਈ ਹੈ।

ਸਬੰਧਤ ਨੰਬਰਦਾਰਾਂ ਨੂੰ ਕਿਹਾ ਗਿਆ ਹੈ ਕਿ ਉਹ ਇਸ ਗੱਲ ਨੂੰ ਯਕੀਨੀ ਬਣਾਉਣ ਕਿ ਉਨ੍ਹਾਂ ਦੇ ਪਿੰਡ ਵਿਚੋਂ ਕੋਈ ਵੀ ਐੱਲਓਸੀ 'ਤੇ ਗ਼ੈਰ-ਜ਼ਰੂਰੀ ਰੂਪ ਨਾਲ ਨਾ ਜਾਵੇ। ਕਿਸੇ ਵੀ ਅਣਜਾਣ ਵਿਅਕਤੀ ਦੀ ਸੂਚਨਾ ਨੇੜੇ ਦੀ ਚੌਕੀ ਵਿਚ ਦਿੱਤੀ ਜਾਵੇ।

# ਕ੍ਰਿਕਟਰ ਗੌਤਮ ਗੰਭੀਰ ਨੂੰ ਜਾਨੋਂ ਮਾਰਨ ਦੀ ਧਮਕੀ



**ਨਵੀਂ ਦਿੱਲੀ:** ਭਾਰਤੀ ਕ੍ਰਿਕਟ ਟੀਮ ਦੇ ਮੁੱਖ ਕੋਚ ਗੌਤਮ ਗੰਭੀਰ ਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ ਗਈ ਹੈ। ਇਸਦੀ ਸੂਚਨਾ ਉਨ੍ਹਾਂ ਨੇ ਦਿੱਲੀ ਪੁਲਿਸ ਨੂੰ ਦਿੱਤੀ ਹੈ। ਇਹ ਧਮਕੀ ਉਨ੍ਹਾਂ ਨੂੰ 22 ਅਪ੍ਰੈਲ ਨੂੰ ਦਿੱਤੀ ਗਈ ਜਿਸ ਦਿਨ ਪਹਿਲਗਾਮ 'ਚ 26 ਲੋਕਾਂ ਦੀ ਹੱਤਿਆ ਕੀਤੀ ਗਈ ਸੀ। ਦਿੱਲੀ ਪੁਲਿਸ ਦੇ ਕਮਿਸ਼ਨਰ (ਸੈਂਟਰਲ) ਐੱਮ ਹਰਸ਼ ਵਰਧਨ ਨੇ ਕਿਹਾ ਕਿ ਸਾਨੂੰ ਗੌਤਮ ਗੰਭੀਰ ਦੀ ਈਮੇਲ 'ਤੇ ਧਮਕੀ ਦੀ ਜਾਣਕਾਰੀ ਮਿਲੀ ਹੈ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਭਾਰਤ ਨੇ ਅਰਬ ਸਾਗਰ 'ਚ ਕੀਤਾ ਮਿਜ਼ਾਈਲ ਪ੍ਰੀਖਣ

**ਸੂਰਤ:** ਜੰਮੂ-ਕਸ਼ਮੀਰ ਦੇ ਪਹਿਲਗਾਮ 'ਚ ਅੱਤਵਾਦੀ ਹਮਲੇ ਦੇ 48 ਘੰਟਿਆਂ ਦੇ ਅੰਦਰ ਅਰਬ ਸਾਗਰ 'ਚ ਭਾਰਤੀ ਜਲ ਸੈਨਾ ਦੇ ਖਤਰਨਾਕ ਜੰਗੀ ਬੇੜੇ ਆਈਐਨਐੱਸ ਸੂਰਤ ਨੇ ਮੱਧ ਦੂਰੀ ਦੀ

**ਪ੍ਰੀਖਣ ਦੌਰਾਨ ਆਈ. ਐੱਨ. ਐੱਸ. ਸੂਰਤ ਨੇ ਟੀਚੇ 'ਤੇ ਸਟੀਕ ਹਮਲਾ ਕੀਤਾ। ਇਹ ਸਾਡੀਆਂ ਰੱਖਿਆ ਸਮਰਥਾਵਾਂ ਨੂੰ ਮਜ਼ਬੂਤ ਕਰਨ 'ਚ ਮੀਲ ਦਾ ਪੱਥਰ ਹੈ।**

ਮਿਚਾਈਲ ਦਾ ਸਫਲ ਪ੍ਰੀਖਣ ਕਰ ਕੇ ਪਾਕਿਸਤਾਨ ਨੂੰ ਸਖਤ ਸੰਦੇਸ਼ ਦਿੱਤਾ। ਸਤ੍ਹਾ ਤੋਂ ਹਵਾ 'ਚ ਮਾਰ ਕਰਨ ਵਾਲੀ ਮਿਜ਼ਾਈਲ (ਐੱਮਆਰ-ਐੱਸਏਐੱਮ) ਦੀ ਮਾਰਕ ਸਮਰੱਥਾ ਲਗਪਗ 70 ਕਿਲੋਮੀਟਰ



ਹੈ। ਜਲ ਸੈਨਾ ਨੇ ਐਕਸ 'ਤੇ ਪੋਸਟ ਕੀਤਾ,'ਆਈਐਨਐੱਸ ਸੂਰਤ ਦੀ ਮਿਜ਼ਾਈਲ ਨੇ ਸਮੁੰਦਰ 'ਚ ਟੀਚੇ ਨੂੰ ਭੇਦਨ 'ਚ ਸਫਲਤਾ ਹਾਸਲ ਕੀਤੀ ਹੈ। ਪ੍ਰੀਖਣ ਦੌਰਾਨ ਆਈਐੱਨਐੱਸ ਸੂਰਤ ਨੇ ਟੀਚੇ 'ਤੇ ਸਟੀਕ ਹਮਲਾ ਕੀਤਾ। ਇਹ ਸਾਡੀਆਂ ਰੱਖਿਆ ਸਮਰਥਾਵਾਂ ਨੂੰ ਮਜ਼ਬੂਤ ਕਰਨ 'ਚ ਮੀਲ ਦਾ ਪੱਥਰ ਹੈ। ਇਹ ਪ੍ਰਾਪਤੀ ਸਵਦੇਸ਼ੀ ਜੰਗੀ ਬੇੜੇ ਡਿਜ਼ਾਇਨ, ਵਿਕਾਸ ਅਤੇ ਸੰਚਾਲਨ 'ਚ ਭਾਰਤੀ ਜਲ ਸੈਨਾ ਦੀ ਸਮਰੱਥਾ ਨੂੰ ਦਰਸਾਉਂਦੀ ਹੈ। ਇਹ ਪ੍ਰਾਪਤੀ ਆਤਮਨਿਰਭਰ ਭਾਰਤ ਲਈ ਮਾਣ ਦਾ ਪਲ ਹੈ।ਆਈਐਨਐੱਸ ਸੂਰਤ ਦੁਨੀਆ ਦੇ ਸਭ ਤੋਂ ਵੱਡੇ ਅਤੇ ਸਭਤੋਂ ਆਧੁਨਿਕ ਖਤਰਨਾਕ ਜੰਗੀ ਬੇੜਿਆਂ 'ਚੋਂ ਇਕ ਹੈ। ਇਸ 'ਚ 75 ਫੀਸਦੀ ਸਵਦੇਸ਼ੀ ਸਮੱਗਰੀ ਦੀ ਵਰਤੋਂ ਕੀਤੀ ਗਈ ਹੈ। ਇਹ ਅਤਿਆਧੁਨਿਕ ਹਥਿਆਰ-ਸੈਂਸਰ ਅਤੇ ਉੱਨਤ ਨੈੱਟਵਰਕ-ਕੇਂਦ੍ਰਿਤ ਸਮਰਥਾਵਾਂ ਨਾਲ ਲੈਸ ਹੈ।

# ਊਧਮਪੁਰ 'ਚ ਮੁਕਾਬਲੇ ਵਿਚ ਫ਼ੌਜ ਦਾ ਜਵਾਨ ਸ਼ਹੀਦ

**ਊਧਮਪੁਰ:** ਵੀਰਵਾਰ ਨੂੰ ਊਧਮਪੁਰ ਜ਼ਿਲ੍ਹੇ ਦੇ ਪਹਾੜੀ ਖੇਤਰ 'ਚ ਸੁਰੱਖਿਆ ਬਲ ਤੇ ਅੱਤਵਾਦੀਆਂ ਵਿਚਾਲੇ ਜ਼ਬਰਦਸਤ ਮੁਕਾਬਲੇ 'ਚ ਫ਼ੌਜ ਦਾ ਇਕ ਜਵਾਨ ਸ਼ਹੀਦ ਹੋ ਗਿਆ। ਸ਼ਹੀਦ ਹੋਣ ਵਾਲਾ ਜਵਾਨ ਜੰਟੂ ਅਲੀ ਸ਼ੇਖ਼ ਬੰਗਾਲ ਦੇ ਨਾਦੀਆ ਦਾ ਰਹਿਣ ਵਾਲਾ ਹੈ। ਬਸੰਤਗੜ੍ਹ ਤੋਂ ਲਗਪਗ 12 ਕਿਲੋਮੀਟਰ ਦੂਰ ਡੁਡ ਦੇ ਬਿਰਲੀ ਧਾਰ ਵਿਚ ਫ਼ੌਜ ਤੇ ਹੋਰ



**ਅੱਤਵਾਦੀਆਂ ਨੂੰ ਮਾਰਨ ਲਈ ਤਲਾਸ਼ੀ ਮੁਹਿੰਮ ਜਾਰੀ ਹੈ।**

ਸੁਰੱਖਿਆ ਬਲਾਂ ਨੇ ਸਵੇਰੇ ਸੱਤ ਵਜੇ ਸਾਂਝਾ ਆਪ੍ਰੇਸ਼ਨ ਸ਼ੁਰੂ ਕੀਤਾ। ਸੁਰੱਖਿਆ ਬਲਾਂ ਨੇ ਅੱਤਵਾਦੀਆਂ ਨੂੰ ਘੇਰਾ ਪਾਇਆ ਹੋਇਆ ਹੈ ਅਤੇ ਉਨ੍ਹਾਂ ਨੂੰ ਮਾਰਨ ਲਈ ਤਲਾਸ਼ੀ ਮੁਹਿੰਮ ਜਾਰੀ ਹੈ।

# ਪੰਜਾਬ ਸਰਕਾਰ ਨੇ ਨਸ਼ਿਆਂ ਦੇ ਖਾਤਮੇ ਲਈ 31 ਮਈ ਤੱਕ ਦਾ ਸਮਾਂ ਨਿਸ਼ਚਿਤ ਕੀਤਾ

**ਚੰਡੀਗੜ੍ਹ:** ਸੂਬੇ 'ਚ 31 ਮਈ ਤੱਕ ਹਰ ਜ਼ਿਲ੍ਹੇ ਦੇ ਪਿੰਡ ਤੇ ਸ਼ਹਿਰ 'ਚ ਨਸ਼ਾ ਪੂਰੀ ਤਰ੍ਹਾਂ ਖ਼ਤਮ ਹੋਣਾ ਚਾਹੀਦਾ ਹੈ। ਇਸ ਤੋਂ ਬਾਅਦ ਜੇਕਰ ਕਿਸੇ ਜ਼ਿਲ੍ਹੇ 'ਚੋਂ ਇਕ ਗ੍ਰਾਮ ਨਸ਼ਾ ਵੀ ਮਿਲਿਆ ਤਾਂ ਇਸ ਲਈ ਐੱਸਐੱਸਪੀ ਤੇ ਸੀਪੀ ਜ਼ਿੰਮੇਵਾਰ ਹੋਣਗੇ ਅਤੇ ਉਨ੍ਹਾਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇਗੀ।ਜਿਹੜੇ ਅਧਿਕਾਰੀ ਚੰਗਾ ਕੰਮ ਕਰਨਗੇ, ਉਨ੍ਹਾਂ ਨੂੰ ਸਨਮਾਨਿਤ ਵੀ ਕੀਤਾ ਜਾਵੇਗਾ। ਡੀਜੀਪੀ ਗੌਰਵ ਯਾਦਵ ਨੇ ਐਤਵਾਰ ਨੂੰ ਜ਼ਿਲ੍ਹਿਆਂ ਦੇ ਐੱਸਐੱਸਪੀ ਤੇ ਸੀਪੀ ਨੂੰ ਹੁਕਮ ਜਾਰੀ ਕਰ 31 ਮਈ ਤੱਕ ਦੀ ਡੈੱਡਲਾਈਨ ਦਿੱਤੀ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਨਸ਼ਿਆਂ ਖ਼ਿਲਾਫ਼ ਜ਼ੋਰਦਾਰ ਢੰਗ ਨਾਲ ਚਲਾਈ ਜਾ ਰਹੀ ਜੰਗ, ਨਸ਼ਿਆਂ ਖ਼ਿਲਾਫ਼ ਮੁਹਿੰਮ ਹੁਣ ਫ਼ੈਸਲਾਕੁੰਨ ਮੋੜ ਤੱਕ ਪੁੱਜ ਚੁੱਕੀ ਹੈ ਤੇ ਇਸ ਨੂੰ ਹੁਣ ਨਸ਼ਾ ਮੁਕਤ ਪੰਜਾਬ ਮਿਸ਼ਨ ਦਾ ਰੂਪ ਦੇ ਦਿੱਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਨਸ਼ਾ ਮੁਕਤ ਪੰਜਾਬ' ਸਿਰਫ਼ ਇਕ ਟੀਚਾ ਨਹੀਂ ਸਗੋਂ ਇਹ ਇਕ ਸਵੈਮਾਣ ਵਾਲੇ ਪੰਜਾਬ ਦੇ ਨਿਰਮਾਣ ਦਾ ਸੰਕਲਪ ਹੈ। ਪੁਲਿਸ ਪੂਰੇ ਸਮਰਪਣ ਤੇ ਦ੍ਰਿੜ ਸੰਕਲਪ ਨਾਲ ਇਸ ਚੁਣੌਤੀ ਨੂੰ ਸਵੀਕਾਰ ਕਰਦੀ ਹੈ ਤੇ ਕੁਝ ਸਮੇਂ 'ਚ ਹੀ ਇਸ ਦੇ ਨਤੀਜੇ ਦਿਸਣ ਲੱਗਣਗੇ।

ਡੀਜੀਪੀ ਨੇ ਕਿਹਾ ਕਿ ਹੁਣ ਨਸ਼ਾ ਤਸਕਰਾਂ ਖ਼ਿਲਾਫ਼ ਟਾਰਗੇਟ ਸੈੱਟ ਕਰ ਕੇ ਯੋਜਨਾਬੱਧ ਕਾਰਵਾਈ ਕੀਤੀ ਜਾਵੇਗੀ। ਸਾਰੇ ਐੱਸਐੱਸਪੀ ਤੇ ਸੀਪੀ ਆਪਣੇ-ਆਪਣੇ ਇਲਾਕਿਆਂ 'ਚ ਨਸ਼ੇ ਦੇ ਨੈੱਟਵਰਕ ਦੀ ਪਛਾਣ ਕਰਨ, ਉਨ੍ਹਾਂ ਦੀਆਂ ਜੜ੍ਹਾਂ ਤੱਕ ਪਹੁੰਚਣ ਤੇ ਉਨ੍ਹਾਂ ਨੂੰ ਜੜ੍ਹੋਂ ਖ਼ਤਮ ਕਰਨ ਦੀ ਰਣਨੀਤੀ



ਬਣਾਉਣਗੇ ਅਤੇ ਖ਼ੁਦ ਮੁਹਿੰਮ ਦੀ ਅਗਵਾਈ ਕਰਨਗੇ। ਇਹੀ ਨਹੀਂ, ਉਨ੍ਹਾਂ ਨੂੰ ਆਪਣਾ ਐਕਸ਼ਨ ਪਲਾਨ ਪੁਲਿਸ ਹੈੱਡਕੁਆਰਟਰ 'ਚ ਪੇਸ਼ ਕਰਨਾ ਪਵੇਗਾ ਤੇ ਉਸ ਦੀ ਸਮੇਂ-ਸਮੇਂ 'ਤੇ ਸਮੀਖਿਆ ਵੀ ਹੋਵੇਗੀ। ਉਨ੍ਹਾਂ ਸਪੱਸ਼ਟ ਕੀਤਾ ਕਿ ਨਸ਼ਿਆਂ ਖ਼ਿਲਾਫ਼ ਮੁਹਿੰਮ 'ਚ ਕਿਸੇ ਵੀ ਪੱਧਰ 'ਤੇ ਦੇਰੀ ਜਾਂ ਕੁਤਾਹੀ ਸਵੀਕਾਰ ਨਹੀਂ ਕੀਤੀ ਜਾਵੇਗੀ। ਤੈਅ ਡੈੱਡਲਾਈਨ ਤੋਂ ਬਾਅਦ ਵੀ ਜੇਕਰ ਕਿਸੇ ਇਲਾਕੇ 'ਚ ਡਰੱਗਜ਼ ਮਿਲਦੀ ਹੈ ਤਾਂ ਸੰਬੰਧਿਤ ਐੱਸਐੱਸਪੀ ਜਾਂ ਪੁਲਿਸ ਕਮਿਸ਼ਨਰ ਖ਼ਿਲਾਫ਼ ਅਨੁਸ਼ਾਸਨਾਤਮਕ ਕਾਰਵਾਈ ਕੀਤੀ ਜਾਵੇਗੀ।

ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਦਾ ਇਹ ਐਕਸ਼ਨ ਉਸ ਵੇਲੇ ਆਇਆ ਹੈ ਜਦੋਂ ਸਰਕਾਰ ਦੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਚੱਲ ਰਹੀ ਕਾਰਵਾਈ 'ਤੇ ਵਿਰੋਧੀ ਧਿਰ ਸਵਾਲ ਉਠਾ ਰਹੀ ਹੈ ਕਿ ਸਰਕਾਰ ਨਸ਼ਿਆਂ ਦੇ ਇਸ ਧੰਦੇ 'ਚ ਸ਼ਾਮਲ ਵੱਡੀਆਂ ਮੱਛੀਆਂ ਨੂੰ ਹੱਥ ਨਹੀਂ ਪਾ ਰਹੀ। ਕਈ ਜਗ੍ਹਾ ਨਸ਼ਿਆਂ ਦੇ ਇਸ ਕਾਲੇ ਕਾਰੋਬਾਰ 'ਚ ਤਸਕਰਾਂ ਨੂੰ ਪੁਲਿਸ ਅਧਿਕਾਰੀਆਂ ਦੀ ਸਰਪ੍ਰਸਤੀ ਦੇ ਦੋਸ਼ ਵੀ ਲੱਗਦੇ ਰਹੇ ਹਨ। ਹਾਲਾਂਕਿ ਇਸ ਦੇ ਬਾਵਜੂਦ ਪੰਜਾਬ ਸਰਕਾਰ ਨਸ਼ਿਆਂ ਖ਼ਿਲਾਫ਼ ਆਪਣੀ ਮੁਹਿੰਮ ਨੂੰ ਦ੍ਰਿੜਤਾ ਨਾਲ ਅੱਗੇ ਤੋਰ ਰਹੀ ਹੈ। ਲਗਾਤਾਰ ਨਸ਼ਾ ਤਸਕਰੀ 'ਚ ਸ਼ਾਮਲ ਲੋਕਾਂ ਖ਼ਿਲਾਫ਼ ਕਾਰਵਾਈ ਕੀਤੀ ਜਾ ਰਹੀ ਹੈ। ਨਸ਼ਿਆਂ ਖ਼ਿਲਾਫ਼ ਇਸ ਜੰਗ 'ਚ ਪੰਜਾਬ ਸਰਕਾਰ ਨੇ ਹੁਣ ਤੱਕ ਐੱਨਡੀਪੀਐੱਸ ਐਕਟ ਤਹਿਤ 4745 ਮਾਮਲੇ ਦਰਜ ਕੀਤੇ ਹਨ। 7536 ਵਿਅਕਤੀਆਂ ਨੂੰ ਗ੍ਰਿਫ਼ਤਾਰ ਵੀ ਕੀਤਾ ਜਾ ਚੁੱਕਾ ਹੈ।

# ਹਰ ਭਾਰਤੀ ਦਾ ਖ਼ੂਨ ਖੌਲ ਰਿਹੈ-ਮੋਦੀ ਨੇ 'ਮਨ ਕੀ ਬਾਤ' ਵਿੱਚ ਕਿਹਾ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਕ ਵਾਰ ਫਿਰ ਪਹਿਲਗਾਮ ਅੱਤਵਾਦੀ ਹਮਲੇ ਨੂੰ ਅੰਜਾਮ ਦੇਣ ਵਾਲੇ ਅੱਤਵਾਦੀਆਂ ਤੇ ਉਨ੍ਹਾਂ ਦੇ ਸਰਪ੍ਰਸਤਾਂ ਖ਼ਿਲਾਫ਼ ਸਖ਼ਤ ਕਾਰਵਾਈ ਦੀ ਗੱਲ ਦੁਹਰਾਈ ਹੈ। ਉਨ੍ਹਾਂ ਨੇ ਕਤਲੇਆਮ ਦੇ ਪੀੜਤ ਪਰਿਵਰਾਂ ਭਰੋਸਾ ਦਿਵਾਉਂਦਿਆਂ ਕਿਹਾ ਕਿ ਉਨ੍ਹਾਂ ਨੂੰ ਇਨਸਾਫ਼ ਮਿਲ ਕੇ ਰਹੇਗਾ। ਹਮਲੇ ਦੇ ਦੋਸ਼ੀਆਂ ਤੇ ਸਾਜ਼ਿਸ਼ ਰਚਣ ਵਾਲਿਆਂ ਨੂੰ ਸਖ਼ਤ ਜਵਾਬ ਦਿੱਤਾ ਜਾਵੇਗਾ। ਅੱਤਵਾਦ ਖ਼ਿਲਾਫ਼ ਇਸ ਜੰਗ 'ਚ ਪੂਰੀ ਦੁਨੀਆ ਉਨ੍ਹਾਂ ਨਾਲ ਖੜ੍ਹੀ ਹੈ। ਦੁਨੀਆ ਭਰ 'ਚ ਸਿਖਰਲੇ ਨੇਤਾਵਾਂ ਨੇ ਉਨ੍ਹਾਂ ਨੂੰ ਆਪਣੀਆਂ ਸੰਵੇਦਨਾਵਾਂ

ਭੇਜੀਆਂ ਹਨ। ਘਟਨਾ ਦੀਆਂ ਤਸਵੀਰਾਂ ਨੂੰ ਦੇਖ ਕੇ ਹਰ ਭਾਰਤੀ ਦਾ ਖ਼ੂਨ ਖੌਲ ਰਿਹਾ ਹੈ। ਮੋਦੀ ਨੇ ਦੇਸ਼ ਵਾਸੀਆਂ ਤੇ ਪੀੜਤ ਪਰਿਵਾਰਾਂ ਨੂੰ ਇਹ ਭਰੋਸਾ 22 ਅਪ੍ਰੈਲ ਨੂੰ ਹੋਈ ਘਟਨਾ ਤੋਂ ਬਾਅਦ ਦੂਜੀ ਵਾਰ ਦਿੱਤਾ ਹੈ।ਐਤਵਾਰ ਨੂੰ ਮਨ ਕੀ ਬਾਤ ਪ੍ਰੋਗਰਾਮ 'ਚ ਅੱਤਵਾਦੀ ਹਮਲੇ ਬਾਰੇ ਪੀਐੱਮ ਮੋਦੀ ਦਾ ਦਰਦ ਵੀ ਛਲਕਿਆ। ਉਨ੍ਹਾਂ ਨੇ ਕਿਹਾ ਕਿ ਜਦੋਂ ਮੈਂ ਤੁਹਾਡੇ ਨਾਲ ਮਨ ਦੀ ਗੱਲ ਕਰ ਰਿਹਾ ਹਾਂ ਤਾਂ ਮਨ 'ਚ ਡੂੰਘੀ ਪੀੜਾ ਹੈ। ਇਸ ਅੱਤਵਾਦੀ ਘਟਨਾ ਨੇ ਦੇਸ਼ ਦੇ ਹਰ ਨਾਗਰਿਕ ਨੂੰ ਦੁੱਖ ਪਹੁੰਚਾਇਆ ਹੈ। ਬੇਸ਼ੱਕ ਉਹ ਕਿਸੇ ਵੀ ਸੂਬੇ ਦਾ ਹੋਵੇ, ਕੋਈ ਵੀ ਭਾਸ਼ਾ ਬੋਲਦਾ ਹੋਵੇ, ਉਹ ਉਨ੍ਹਾਂ ਲੋਕਾਂ ਦੇ ਦਰਦ ਨੂੰ ਮਹਿਸੂਸ ਕਰ ਰਿਹਾ ਹੈ, ਜਿਨ੍ਹਾਂ ਨੇ ਇਸ ਹਮਲੇ 'ਚ ਆਪਣੇ ਪਰਿਵਾਰਾਂ ਨੂੰ ਗੁਆਇਆ ਹੈ। ਇਸ ਘਟਨਾ ਦੀਆਂ ਤਸਵੀਰਾਂ ਦੇਖ ਕੇ ਹਰ ਭਾਰਤੀ ਦਾ ਖ਼ੂਨ ਖੌਲ



ਰਿਹਾ ਹੈ। ਪੀਐੱਮ ਨੇ ਕਿਹਾ ਕਿ ਅੱਤਵਾਦ ਖ਼ਿਲਾਫ਼ 140 ਕਰੋੜ ਭਾਤੀਆਂ ਦੀ ਇਕਜੁੱਟਤਾ ਹੀ ਸਾਡੀ ਸਭ ਤੋਂ ਵੱਡੀ ਤਾਕਤ ਹੈ। ਇਹੀ ਅੱਤਵਾਦ ਖ਼ਿਲਾਫ਼ ਫੈਸਲਾਕੁੰਨ ਜੰਗ ਦਾ ਆਧਾਰ ਹੈ। ਅਸੀਂ ਦੇਸ਼ ਨੂੰ ਦਰਪੇਸ਼ ਇਸ ਚੁਣੌਤੀ ਦਾ ਸਾਹਮਣਾ ਕਰਨ ਲਈ ਆਪਣੇ ਸੰਕਲਪ ਨੂੰ ਮਜ਼ਬੂਤ ਕਰਨਾ ਹੈ। ਇਕ ਰਾਸ਼ਟਰ ਦੇ ਰੂਪ 'ਚ ਦ੍ਰਿੜ੍ਹ ਇੱਛਾ ਸ਼ਕਤੀ ਦਾ ਪ੍ਰਦਰਸ਼ਨ ਕਰਨਾ ਹੈ। ਦੁਨੀਆ ਦੇਖ ਰਹੀ ਹੈ ਕਿ ਅੱਤਵਾਦੀ ਹਮਲੇ ਤੋਂ ਬਾਅਦ ਪੂਰਾ ਦੇਸ਼ ਇਕ ਸੁਰ 'ਚ ਬੋਲ ਰਿਹਾ ਹੈ। ਮੋਦੀ ਨੇ ਕਿਹਾ ਕਿ ਇਹ ਹਮਲਾ ਅੱਤਵਾਦ ਦੇ ਸਰਪ੍ਰਸਤਾਂ ਦੀ ਨਿਰਾਸ਼ਾ ਤੇ ਕਾਇਰਤਾ ਦਿਖਾਉਂਦਾ ਹੈ। ਉਨ੍ਹਾਂ ਨੇ ਇਹ ਹਮਲਾ ਇਹੋ ਜਿਹੇ ਸਮੇਂ ਕੀਤਾ ਹੈ ਜਦੋਂ ਕਸ਼ਮੀਰ 'ਚ ਸ਼ਾਂਤੀ ਪਰਤ ਰਹੀ ਹੈ। ਸਕੂਲ-ਕਾਲਜਾਂ 'ਚ ਬਿਹਤਰ ਮਾਹੌਲ ਬਣ ਰਿਹਾ ਸੀ। ਵਿਕਾਸ ਪ੍ਰੋਜੈਕਟ ਰਫ਼ਤਾਰ ਫੜ੍ਹਣ ਲੱਗੇ ਸਨ। ਲੋਕਤੰਤਰ ਮਜ਼ਬੂਤ ਹੋ ਰਿਹਾ ਸੀ। ਸੈਲਾਨੀਆਂ ਦੀ ਗਿਣਤੀ 'ਚ ਰਿਕਾਰਡ ਵਾਧਾ ਹੋਣ ਨਾਲ ਸਥਾਨਕ ਲੋਕਾਂ ਦੀ ਕਮਾਈ ਵਧ ਗਈ ਸੀ। ਨੌਜਵਾਨਾਂ ਲਈ ਨਵੇਂ ਮੌਕੇ ਤਿਆਰ ਹੋ ਰਹੇ ਸਨ। ਦੇਸ਼ ਤੇ ਜੰਮੂ-ਕਸ਼ਮੀਰ ਦੇ ਦੁਸ਼ਮਣਾਂ ਨੂੰ ਇਹ ਰਾਸ ਨਹੀਂ ਆਇਆ। ਅੱਤਵਾਦੀ ਤੇ ਉਨ੍ਹਾਂ ਦੇ ਆਕਾ ਚਾਹੁੰਦੇ ਹਨ ਕਿ ਕਸ਼ਮੀਰ ਮੁੜ ਤੋਂ ਤਬਾਹ ਹੋ ਜਾਵੇ ਤੇ ਇਸ ਲਈ ਏਨੀ ਵੱਡੀ ਸਾਜ਼ਿਸ਼ ਨੂੰ ਅੰਜਾਮ ਦਿੱਤਾ।

### ਕੇ. ਕਸਤੂਰੀਰੰਗਨ ਨੂੰ ਕੀਤਾ ਯਾਦ

ਮਨ ਕੀ ਬਾਤ 'ਚ ਪੀਐੱਮ ਮੋਦੀ ਨੇ ਇਸਰੋ ਦੇ ਸਾਬਕਾ ਮੁਖੀ ਡਾ. ਕੇ ਕਸਤੂਰੀਰੰਗਨ ਨੂੰ ਯਾਦ ਕੀਤਾ ਤੇ ਕਿਹਾ ਕਿ ਜਦੋਂ ਵੀ ਉਨ੍ਹਾਂ ਨਾਲ ਮੁਲਾਕਾਤ ਹੁੰਦੀ ਸੀ, ਤਾਂ ਉਹ ਦੇਸ਼ ਦੇ ਨੌਜਵਾਨਾਂ ਦੀ ਪ੍ਰਤਿਭਾ, ਆਧੁਨਿਕੀ ਸਿੱਖਿਆ, ਪੁਲਾੜ ਵਿਗਿਆਨ ਵਿਸ਼ਿਆਂ 'ਤੇ ਹੀ ਗੱਲ ਕਰਦੇ ਸਨ। ਉਨ੍ਹਾਂ ਦੀ ਅਗਵਾਈ 'ਚ ਇਸਰੋ ਨੂੰ ਨਵੀਂ ਪਛਾਣ ਮਿਲੀ।

ਦੇਸ਼ ਦੀ ਨਵੀਂ ਰਾਸ਼ਟਰੀ ਸਿੱਖਿਆ ਨੀਤੀ ਨੂੰ ਤਿਆਰ ਕਰਨ 'ਚ ਉਨ੍ਹਾਂ ਦਾ ਅਹਿਮ ਯੋਗਦਾਨ ਰਿਹਾ। ਪੀਐੱਮ ਨੇ ਪੰਜ ਜੂਨ ਨੂੰ ਆਉਣ ਵਾਲੇ ਵਿਸ਼ਵ ਵਾਤਾਵਰਨ ਦਿਵਸ ਦਾ ਵੀ ਜ਼ਿਕਰ ਕੀਤਾ ਤੇ ਇਕ ਰੁੱਖ ਮਾਂ ਦੇ ਨਾਂ ਮੁਹਿੰਮ 'ਚ ਵਧ-ਚੜ੍ਹ ਕੇ ਹਿੱਸਾ ਲੈਣ ਦੀ ਅਪੀਲ ਕੀਤੀ। ਪੀਐੱਮ ਨੇ 108 ਸਾਲ ਪਹਿਲਾਂ ਮਹਾਤਮਾ ਗਾਂਧੀ ਦੀ ਅਗਵਾਈ 'ਚ ਬਿਹਾਰ ਦੇ ਚੰਪਾਰਨ ਤੋਂ ਸ਼ੁਰੂ ਹੋਏ ਸੱਤਿਆਗ੍ਰਿਹ ਨੂੰ ਵੀ ਯਾਦ ਕੀਤਾ। ਇਸ ਦੌਰਾਨ ਮੋਦੀ ਨੇ ਕਿਹਾ ਕਿ ਭਾਰਤ ਇਕ ਆਲਮੀ ਪੁਲਾੜ ਸ਼ਕਤੀ ਬਣ ਗਿਆ ਹੈ। ਭਾਰਤ ਪੂਰੀ ਦੁਨੀਆ 'ਚ ਸਭ ਤੋਂ ਸਸਤੇ, ਪਰ ਕਾਮਯਾਬ ਪੁਲਾੜ ਪ੍ਰੋਗਰਾਮਾਂ ਦੀ ਅਗਵਾਈ ਕਰ ਰਿਹਾ ਹੈ ਤੇ ਭਵਿੱਖ 'ਚ ਨਵੀਆਂ ਉਚਾਈਆਂ ਨੂੰ ਛੋਹਣ ਲਈ ਤਿਆਰ ਹੈ। ਕਈ ਨੌਜਵਾਨ ਪੁਲਾੜ ਸਟਾਰਟਅਪ ਦੇ ਖੇਤਰ'ਚ ਨਵੀਆਂ ਪ੍ਰਾਪਤੀਆਂ ਹਾਸਲ ਕਰ ਰਹੇ ਹਨ। ਦੇਸ਼'ਚ ਇਸ ਤਰ੍ਹਾਂ ਦੀਆਂ 325 ਤੋਂ ਵੱਧ ਕੰਪਨੀਆਂ ਚੱਲ ਰਹੀਆਂ ਹਨ।

# ਪੰਜਾਬੀ ਨੌਜਵਾਨ ਦਾ ਮਨੀਲਾ 'ਚ ਕਤਲ

ਸਾਦਿਕ: ਜ਼ਿਲ੍ਹਾ ਫ਼ਰੀਦਕੋਟ ਦੇ ਸਾਦਿਕ ਨੇੜੇ ਪਿੰਡ ਮਾਨ ਮਰਾੜ ਦੇ ਨੌਜਵਾਨ ਦਾ ਮਨੀਲਾ 'ਚ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਪਿੰਡ ਮਰਾੜ ਦੇ ਸੂਬਾ ਸਿੰਘ ਪ੍ਰੇਮੀ ਦਾ ਬੇਟਾ



ਗੁਰਵਿੰਦਰ ਸਿੰਘ ਕਰੀਬ ਦੋ ਸਾਲ ਪਹਿਲਾਂ ਰੁਜ਼ਗਾਰ ਲਈ ਮਨੀਲਾ ਗਿਆ ਸੀ। ਐਤਵਾਰ ਸਵੇਰੇ ਉਨ੍ਹਾਂ ਦੇ ਰਿਸ਼ਤੇਦਾਰ ਨੇ ਫੋਨ ਕਰ ਕੇ ਦੱਸਿਆ ਕਿ ਮਨੀਲਾ ਦੀ ਮਾਰਥਲ ਸਿਟੀ ਵਿਖੇ ਅਣਪਛਾਤੇ ਵਿਅਕਤੀਆਂ ਨੇ ਗੁਰਵਿੰਦਰ ਨੂੰ ਚਾਰ-ਪੰਜ ਗੋਲੀਆਂ ਮਾਰ ਦਿੱਤੀਆਂ, ਜਿਸ ਨਾਲ ਗੁਰਵਿੰਦਰ ਸਿੰਘ ਦੀ ਮੌਤ ਹੋ ਗਈ। ਦੱਸਿਆ ਜਾ ਰਿਹਾ ਹੈ ਕਿ ਇਹ ਕਤਲ ਲੁੱਟ ਦੀ ਨੀਅਤ ਨਾਲ ਕੀਤਾ ਗਿਆ ਹੈ।

# ਥਾਪਰ ਯੂਨੀਵਰਸਿਟੀ 'ਚ ਵਿਦਿਆਰਥੀ ਨੇ ਲਿਆ ਫਾਹਾ

**ਪਟਿਆਲਾ:** ਥਾਪਰ ਯੂਨੀਵਰਸਿਟੀ 'ਚ ਪੜ੍ਹਦੇ ਇਕ ਵਿਦਿਆਰਥੀ ਨੇ ਫਾਹਾ ਲੈ ਕੇ ਖ਼ੁਦਕੁਸ਼ੀ ਕਰ ਲਈ। ਵਿਦਿਆਰਥੀ ਦੀ ਪਛਾਣ ਅਨੀਸ਼ ਗਰਗ (19) ਵਜੋਂ ਹੋਈ ਹੈ, ਜੋ ਲੁਧਿਆਣਾ ਦਾ ਰਹਿਣ ਵਾਲਾ ਸੀ। ਸਿਵਲ ਲਾਈਨਜ਼ ਥਾਣੇ ਦੇ ਇੰਚਾਰਜ ਇੰਸਪੈਕਟਰ ਗਗਨਦੀਪ ਸਿੰਘ ਨੇ



ਦੱਸਿਆ ਕਿ ਇਹ ਘਟਨਾ ਸਨਿੱਚਰਵਾਰ ਰਾਤ ਦੀ ਹੈ। ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਦੇ ਬਿਆਨਾਂ 'ਤੇ ਕੇਸ ਦਰਜ ਕਰਕੇ ਪੋਸਟਮਾਰਟਮ ਮਗਰੋਂ ਲਾਸ਼ ਵਾਰਸਾਂ ਹਵਾਲੇ ਕਰ ਦਿੱਤੀ ਗਈ ਹੈ। ਮ੍ਰਿਤਕ ਦੇ ਪਿਤਾ ਪੰਜਾਬ ਖੇਤੀਬਾੜੀ ਯੂਨੀਵਰਸਿਟੀ 'ਚ ਐਸੋਸੀਏਟ ਪ੍ਰੋਫੈਸਰ ਹਨ। ਪਰਿਵਾਰ ਮੁਤਾਬਕ ਅਨੀਸ਼ ਕੁਝ ਸਮੇਂ ਤੋਂ ਮਾਨਸਿਕ ਤੌਰ 'ਤੇ ਪਰੇਸ਼ਾਨ ਸੀ।

# ਸਿਹਤ ਮੰਤਰੀ ਨੇ ਨਸ਼ੇ ਖਤਮ ਕਰਨ ਲਈ ਵਚਨਬੱਧਤਾ ਦੁਹਰਾਈ

**ਤਰਨਤਾਰਨ:** ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੀ ਅਲਾਮਤ ਨੂੰ ਜੜ੍ਹੋਂ ਪੁੱਟਣ ਦੇ ਲਈ ਸ਼ੁਰੂ ਕੀਤੀ ਗਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਸੂਬੇ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾਕਟਰ ਬਲਬੀਰ ਸਿੰਘ ਨੇ ਐਤਵਾਰ ਨੂੰ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਤਰਨਤਾਰਨ ਵਿਖੇ ਮੁਹਿੰਮ ਦੇ ਸਬੰਧ ਵਿਚ ਵੱਖ ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਅਹਿਮ ਮੀਟਿੰਗ ਕੀਤੀ। ਇਸ ਮੌਕੇ ਤਰਨ ਤਾਰਨ ਤੋਂ ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ, ਖਡੂਰ ਸਾਹਿਬ ਤੋਂ ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ, ਐੱਸਐੱਸਪੀ ਅਭਿਮਨਿਊ ਰਾਣਾ, ਸਿਵਲ ਸਰਜਨ ਡਾਕਟਰ ਗੁਰਪ੍ਰੀਤ ਸਿੰਘ ਰਾਏ, ਐੱਸਡੀਐੱਮ ਤਰਨਤਾਰਨ ਅਰਵਿੰਦਰਪਾਲ ਸਿੰਘ ਅਤੇ ਸਹਾਇਕ ਕਮਿਸ਼ਨਰ ਡਾ. ਕਰਨਵੀਰ ਸਿੰਘ ਵੀ ਮੌਜੂਦ ਸਨ। ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦਾ ਇੱਕੋ ਇਕ ਮੰਤਵ ਸੂਬੇ ਵਿੱਚੋਂ ਨਸ਼ਿਆਂ ਦਾ ਖਾਤਮਾ ਹੈ।

ਉਨ੍ਹਾਂ ਕਿਹਾ ਕਿ ਨਸ਼ਿਆਂ ਵਿਰੁੱਧ ਵਿੱਢੀ ਗਈ ਇਸ ਮੁਹਿੰਮ ਵਿਚ ਕਿਸੇ ਵੀ ਪੱਧਰ 'ਤੇ ਕੁਤਾਹੀ ਨੂੰ ਬਖਸ਼ਿਆ ਨਹੀਂ ਜਾਵੇਗਾ ਅਤੇ ਸੂਬਾ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਜ਼ੀਰੋ ਟਾਲਰੈਂਸ ਨੀਤੀ ਅਪਣਾਈ ਜਾ ਰਹੀ ਹੈ। ਸਿਹਤ ਮੰਤਰੀ




ਡਾ. ਬਲਬੀਰ ਸਿੰਘ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਵੱਲੋਂ ਜਿੱਥੇ ਨਸ਼ੇ ਤੋਂ ਪੀੜ੍ਹਤ ਵਿਅਕਤੀਆਂ ਦੇ ਇਲਾਜ ਨੂੰ ਯਕੀਨੀ ਬਣਾਇਆ ਜਾ ਰਿਹਾ ਹੈ, ਉੱਥੇ ਨਾਲ ਹੀ ਉਨ੍ਹਾਂ ਨੂੰ ਸਮਾਜ ਦੀ ਮੁੱਖ ਧਾਰਾ ਨਾਲ ਜੋੜਨ ਦੇ ਕੰਮ ਵੀ ਪੰਜਾਬ ਸਰਕਾਰ ਵੱਲੋਂ ਆਰੰਭੇ ਜਾ ਚੁੱਕੇ ਹਨ। ਇਲਾਜ ਉਪਰੰਤ ਉਨ੍ਹਾਂ ਨੂੰ ਕਿੱਤਾ ਮੁਖੀ ਕੰਮਾਂ ਦੀ ਸਿਖਲਾਈ ਦਿੱਤੀ ਜਾਵੇਗੀ ਤਾਂ ਜੋ ਉਨਾਂ ਨੂੰ ਰੁਜ਼ਗਾਰ ਮਿਲ ਸਕੇ। ਸਿਹਤ ਮੰਤਰੀ ਨੇ ਦੱਸਿਆ ਜ਼ਿਲ੍ਹੇ ਦੇ ਨਸ਼ਾ ਛੁਡਾਊ ਕੇਂਦਰਾਂ ਅਤੇ ਮੁੜ ਵਸੇਵਾ ਕੇਂਦਰਾਂ ਵਿਚ ਬੈਂਡਾਂ ਦੀ ਗਿਣਤੀ ਨੂੰ ਵਧਾ ਦਿੱਤਾ ਗਿਆ ਹੈ ਤਾਂ ਜੋ ਨਸ਼ੇ ਤੋਂ ਪੀੜ੍ਹਤ ਵਿਅਕਤੀਆਂ ਦਾ ਸਹੀ ਢੰਗ ਨਾਲ ਮਿਆਰੀ ਇਲਾਜ ਕੀਤਾ ਜਾਵੇ।

ਉਨ੍ਹਾਂ ਦੱਸਿਆ ਕਿ ਸੂਬਾ ਸਰਕਾਰ ਵੱਲੋਂ ਪੀੜ੍ਹਤ ਵਿਅਕਤੀਆਂ ਦੇ ਇਲਾਜ ਦੌਰਾਨ ਉਨ੍ਹਾਂ ਦੇ ਖਾਣ ਪੀਣ ਦਾ ਵੀ ਵਿਸ਼ੇਸ਼ ਧਿਆਨ ਰੱਖਿਆ ਜਾ ਰਿਹਾ ਹੈ ਤਾਂ ਜੋ ਉਨ੍ਹਾਂ ਦੀ ਮਾਨਸਿਕ ਅਤੇ ਸਰੀਰਕ ਤੰਦਰੁਸਤੀ ਵਿਚ ਜਲਦ ਤੋਂ ਜਲਦ ਸੁਧਾਰ ਹੋਵੇ। ਉਨ੍ਹਾਂ ਦੱਸਿਆ ਕਿ ਮੁੜ ਵਸੇਬਾ ਕੇਂਦਰਾਂ ਵਿਖੇ ਪੰਜਾਬ ਸਰਕਾਰ ਵੱਲੋਂ ਨਸ਼ੇ ਤੋਂ ਪੀੜਿਤ ਵਿਅਕਤੀਆਂ ਦੇ ਵਿਸ਼ੇਸ਼ ਯੋਗ ਸੈਸ਼ਨ, ਮੈਡੀਟੇਸ਼ਨ ਸੈਸ਼ਨ ਅਤੇ ਵੱਖ-ਵੱਖ ਖੇਡਾਂ ਦਾ ਵੀ ਸਿਵਲ ਸਰਜਨ ਡਾ. ਗੁਰਪ੍ਰੀਤ ਸਿੰਘ ਰਾਏ ਨੇ ਦੱਸਿਆ ਕਿ ਡੀ ਅਡਿਕਸ਼ਨ ਅਤੇ ਮੁੜ ਵਸੇਬਾ ਸੈਂਟਰਾਂ ਵਿਚ ਵਿਭਾਗ ਵੱਲੋਂ ਪੁਖਤਾ ਪ੍ਰਬੰਧ ਕੀਤੇ ਗਏ ਹਨ ਅਤੇ ਇਸ ਗੱਲ ਨੂੰ ਯਕੀਨੀ ਬਣਾਇਆ ਜਾ ਰਿਹਾ ਹੈ ਕਿ ਨਸ਼ੇ ਤੋਂ ਪੀੜ੍ਹਤ ਵਿਅਕਤੀਆਂ ਨੂੰ ਮਿਆਰੀ ਇਲਾਜ ਮਿਲੇ। ਸਿਹਤ ਵਿਭਾਗ ਦੇ ਮਾਸ ਮੀਡੀਆ ਵਿੰਗ ਅਤੇ ਫੀਲਡ ਸਟਾਫ ਵੱਲੋਂ ਡੇਂਗੂ ਅਤੇ ਮਲੇਰੀਆ ਦੀ ਰੋਕਥਾਮ ਬਾਰੇ ਵੱਧ ਤੋਂ ਵੱਧ ਜਾਗਰੂਕਤਾ ਫੈਲਾਈ ਜਾ ਰਹੀ ਹੈ ਅਤੇ ਵਿਦਿਅਕ ਸੰਸਥਾਵਾਂ 'ਚ ਜਾ ਕੇ ਡੇਂਗੂ ਅਤੇ ਮਲੇਰੀਆ ਵਿਰੁੱਧ ਵਿਸ਼ੇਸ਼ਜਾਗਰੂਕਤਾ ਸੈਸ਼ਨ ਲਗਾਏ ਜਾ ਰਹੇ ਹਨ। ਡਾ. ਗੁਰਪ੍ਰੀਤ ਸਿੰਘ ਰਾਏ ਨੇ ਦੱਸਿਆ ਕਿ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਪਿੰਡਾਂ ਵਿਚ ਘਰ ਘਰ ਜਾ ਕੇ ਨਾਗਰਿਕਾਂ ਨੂੰ ਆਪਣੇ ਘਰਾਂ ਅਤੇ ਆਲੇ ਦੁਆਲੇ ਦੀ ਸਾਫ ਸਫਾਈ ਬਾਰੇ ਪ੍ਰੇਰਿਤ ਕੀਤਾ ਜਾ ਰਿਹਾ।

ਪੰਜਾਬ ਟਾਈਮਜ਼

3 ਮਈ, ਸ਼ਨਿਚਰਵਾਰ

# ਜੰਗ ਮਸਲੇ ਦਾ ਹੱਲ ਨਹੀਂ

*ਭਾਰਤ ਅਤੇ ਪਾਕਿਸਤਾਨ ਵਿਚਕਾਰ ਇਕ ਵਾਰ ਫਿਰ ਜੰਗ ਦੇ ਬੱਦਲ ਗਹਿਰਾ ਗਏ ਹਨ। ਪਾਕਿਸਤਾਨ ਵਿਚ ਪਲ ਰਹੇ ਅਤਿਵਾਦੀ ਗਰੁੱਪ ਨਿੱਤ ਦਿਨ ਭਾਰਤ ਵਿਰੁੱਧ ਸਾਜਿਸ਼ਾਂ ਕਰਕੇ ਪਾਕਿਸਤਾਨ ਦੀ ਧਰਤੀ 'ਤੋਂ ਆਪਣੇ ਹਥਿਆਰਬੰਦ ਅੱਤਵਾਦੀਆਂ ਨੂੰ ਇਧਰ ਭੇਜਦੇ ਹਨ। 'ਦਾ ਰਜਿਸਟੈਂਟ ਫਰੰਟ' ਅਜੇਹੀ ਹੀ ਇਕ ਜਥੇਬੰਦੀ ਹੈ, ਜਿਸ ਨੇ ਪਹਿਲਗਾਮ ਦੀ ਬੈਸਰਨ ਸੈਰਗਾਹ 'ਤੇ 26 ਭਾਰਤੀਆਂ ਨੂੰ ਗੋਲੀਆਂ ਨਾਲ ਮਾਰਨ ਦੀ ਜ਼ਿੰਮੇਵਾਰੀ ਲਈ ਹੈ। ਹੁਣ ਤੱਕ ਦੋਹਾਂ ਦੇਸ਼ਾਂ ਵਿਚ 4 ਜੰਗਾਂ ਹੋ ਚੁੱਕੀਆਂ ਹਨ। ਇਨ੍ਹਾਂ ਵਿਚ ਪਾਕਿਸਤਾਨ ਨੂੰ ਨਮੋਸ਼ੀਜਨਕ ਹਾਰਾਂ ਦਾ ਮੂੰਹ ਵੇਖਣਾ ਪਿਆ ਪਰ ਇਸ ਦੇ ਬਾਵਜੂਦ ਇਸ ਦੇ ਕਈ ਵੱਡੇ ਸਿਆਸੀ ਆਗੂਆਂ ਅਤੇ ਫ਼ੌਜੀ ਜਰਨੈਲਾਂ ਨੇ ਭਾਰਤ ਵਿਰੁੱਧ ਹਮੇਸ਼ਾ ਜ਼ਹਿਰ ਹੀ ਉਗਲਿਆ ਹੈ। ਪਿਛਲੇ ਦਿਨੀਂ ਉੱਥੋਂ ਦੇ ਫ਼ੌਜ ਮੁਖੀ ਜਨਰਲ ਆਸਿਮ ਮੁਨੀਰ ਨੇ ਵੀ ਭਾਰਤ ਵਿਰੁੱਧ ਪੂਰਾ ਜ਼ਹਿਰ ਉਗਲਿਆ, ਜਿਸ ਤੋਂ ਬਾਅਦ ਪਹਿਲਗਾਮ ਵਿਚ ਦਹਿਸ਼ਤਗਰਦਾਂ ਨੇ ਭਾਰਤੀਆਂ ਦੇ ਖ਼ੂਨ ਦੀ ਹੋਲੀ ਖੇਡੀ। ਪਾਕਿਸਤਾਨ 'ਤੋਂ ਹੀ ਹਥਿਆਰਾਂ ਤੇ ਸਿਖਲਾਈ ਪ੍ਰਾਪਤ ਦਹਿਸ਼ਤਗਰਦਾਂ ਨੇ ਸਾਲ 2001 ਵਿਚ ਦੇਸ਼ ਦੀ ਸੰਸਦ 'ਤੇ ਹਮਲਾ ਕਰਕੇ ਇਸ ਦੀ ਪ੍ਰਭੂਸੱਤਾ ਨੂੰ ਵੰਗਾਰਿਆ ਸੀ।*

*ਜੁਲਾਈ 2006 ਵਿਚ ਮੁੰਬਈ ਵਿਚ ਬਹੁਤ ਸਾਰੀਆਂ ਰੇਲ ਗੱਡੀਆਂ ਵਿਚ ਬੰਬ ਧਮਾਕੇ ਕੀਤੇ ਗਏ ਸਨ। ਇਸ ਤੋਂ ਵੀ ਅੱਗੇ ਸਾਲ 2008 ਵਿਚ ਪਾਕਿਸਤਾਨੀ ਦਹਿਸ਼ਤਗਰਦਾਂ ਨੇ ਉੱਥੇ ਇਸ ਮਹਾਂਨਗਰ ਦੇ ਬਾਜ਼ਾਰਾਂ ਅਤੇ ਵੱਡੇ ਹੋਟਲਾਂ ਵਿਚ ਸੈਂਕੜੇ ਲੋਕਾਂ ਦਾ ਖ਼ੂਨ ਵਹਾਇਆ ਸੀ।*

*ਸਾਲ 2019 ਵਿਚ ਕਸ਼ਮੀਰ ਦੇ ਪੁਲਵਾਮਾ ਵਿਚ ਹੀ ਇਕ ਬਾਰੂਦ ਨਾਲ ਭਰਿਆ ਵਾਹਨ ਦਹਿਸ਼ਤਗਰਦਾਂ ਨੇ ਸੀ.ਆਰ.ਪੀ.ਐਫ. ਦੇ ਵਾਹਨ ਵਿਚ ਮਾਰ ਕੇ 40 ਜਵਾਨਾਂ ਨੂੰ ਸ਼ਹੀਦ ਕਰ ਦਿੱਤਾ ਸੀ।*

*ਹੁਣ ਪਹਿਲਗਾਮ ਨੇੜੇ 26 ਭਾਰਤੀਆਂ, ਜਿਨ੍ਹਾਂ 'ਚੋਂ ਵਧੇਰੇ ਸੈਲਾਨੀ ਸਨ, ਨੂੰ ਸ਼ਰੇਆਮ ਸਿੱਧੀਆਂ ਗੋਲੀਆਂ ਮਾਰ ਕੇ ਇਕ ਵਾਰ ਫਿਰ ਇਨ੍ਹਾਂ ਦਹਿਸ਼ਤਗਰਦਾਂ ਅਤੇ ਪਾਕਿਸਤਾਨ ਨੇ ਭਾਰਤ ਨੂੰ ਵੰਗਾਰਿਆ ਹੈ। ਇਸ ਦੇ ਵਿਰੋਧ ਵਿਚ ਇਕਜੁੱਟ ਹੋ ਕੇ ਲੋਕਾਂ ਨੇ ਰੋਸ ਪ੍ਰਗਟ ਕੀਤਾ ਹੈ। ਸਾਰੀਆਂ ਹੀ ਸਿਆਸੀ ਪਾਰਟੀਆਂ ਨੇ ਇਕ ਆਵਾਜ਼ ਵਿਚ ਸਰਕਾਰ ਨਾਲ ਇਕਜੁੱਟਤਾ ਪ੍ਰਗਟ ਕੀਤੀ ਹੈ ਅਤੇ ਇਹ ਵੀ ਕਿਹਾ ਹੈ ਕਿ ਇਨ੍ਹਾਂ ਦਹਿਸ਼ਤਗਰਦਾਂ ਰਾਹੀਂ ਗੁਆਂਢੀ ਦੇਸ਼ ਵਲੋਂ ਦਿੱਤੀ ਵੰਗਾਰ ਨੂੰ ਕਬੂਲਣਾ ਚਾਹੀਦਾ ਹੈ। ਇਸ ਭਿਆਨਕ ਅਤੇ ਦੁਖਦਾਈ ਘਟਨਾ ਤੋਂ ਬਾਅਦ ਸਰਕਾਰ ਨੇ ਵੱਡੇ ਕਦਮ ਚੁੱਕੇ ਹਨ, ਜੋ ਪਾਕਿਸਤਾਨ ਲਈ ਸਖ਼ਤ ਤਾੜਨਾ ਹੈ। ਇਹ ਵੀ ਕਿ ਭਾਰਤ ਇਨ੍ਹਾਂ ਮਨਸੂਬਿਆਂ ਨੂੰ ਹਰ ਸੂਰਤ ਵਿਚ ਠੱਲ੍ਹ ਪਾਏਗਾ। ਦੁਨੀਆ ਭਰ ਦੇ ਮੁਲਕਾਂ ਨੇ ਇਸ ਸੋਗ ਦੀ ਘੜੀ ਵਿਚ ਭਾਰਤ ਨਾਲ ਖੜ੍ਹੇ ਹੋਣ ਨੂੰ ਤਰਜੀਹ ਦਿੱਤੀ ਹੈ। ਪਿਛਲੇ ਸਮੇਂ ਵਿਚ ਚੀਨ ਅਤੇ ਵੱਡੇ ਅਰਬ ਮੁਲਕ, ਜੋ ਇਸ ਦੀ ਹਰ ਢੰਗ ਤਰੀਕੇ ਨਾਲ ਮਦਦ ਕਰਦੇ ਰਹੇ ਹਨ, ਇਸ ਤੋਂ ਕੰਨੀ ਕਤਰਾਉਣ ਲੱਗੇ ਹਨ। ਇਸ ਨੂੰ ਸਖ਼ਤ ਅੰਦਰੂਨੀ ਟਕਰਾਅ ਦਾ ਵੀ ਸਾਹਮਣਾ ਕਰਨਾ ਪੈ ਰਿਹਾ ਹੈ। ਬਲੋਚਿਸਤਾਨ ਅਤੇ ਖ਼ੈਬਰ ਪਖ਼ਤੂਨਖਵਾ ਵਰਗੇ ਰਾਜ, ਇਸ ਵਿਰੁੱਧ ਦੁਸ਼ਮਣ ਬਣ ਕੇ ਖੜ੍ਹੇ ਹੁੰਦੇ ਦਿਖਾਈ ਦੇ ਰਹੇ ਹਨ। ਇਲਜ਼ਾਮਾਂ ਤੇ ਸਵਾਲਾਂ 'ਚ ਘਿਰਿਆ ਪਾਕਿਸਤਾਨ 'ਨਾਲੇ ਚੋਰ-ਨਾਲੇ ਚਤਰ ਵਾਲੀ ਕਹਾਵਤ ਨੂੰ ਸੱਚ ਕਰ ਰਿਹਾ ਪਾਕਿਸਤਾਨ ਗਿੱਦੜ-ਭਬਕੀਆਂ ਮਾਰਨ ਤੋਂ ਬਾਜ਼ ਨਹੀਂ ਆ ਰਿਹਾ ਹੈ। ਪਹਿਲਗਾਮ 'ਚ ਜੋ ਕੁਝ ਹੋਇਆ, ਉਹ ਪੂਰੇ ਸੰਸਾਰ ਨੇ ਦੇਖਿਆ ਹੈ। ਚਾਰੇ ਪਾਸੇ ਇਸ ਜ਼ਾਲਮਪੁਣੇ ਦੀ ਨਿਖੇਧੀ ਹੋ ਰਹੀ ਹੈ। ਕਈ ਦਹਾਕਿਆਂ 'ਤੋਂ ਅੱਤਵਾਦ ਦੇ ਦਿੱਤੇ ਜ਼ਖ਼ਮ ਆਪਣੇ ਪਿੰਡਿਆ 'ਤੇ ਸਹਿਣ ਵਾਲੇ ਕਸ਼ਮੀਰੀ ਲੋਕ ਇਕ ਵਾਰ ਫਿਰ ਨਿਸ਼ਾਨੇ 'ਤੇ ਆ ਗਏ ਹਨ। ਕਈ ਲੋਕਾਂ ਦਾ ਰੁਜ਼ਗਾਰ ਠੱਪ ਹੋ ਗਿਆ ਹੈ।*

*ਮਹਿੰਗਾਈ ਨੇ ਇਸ ਵੇਲੇ ਉੱਥੋਂ ਦੇ ਸਾਰੇ ਰਿਕਾਰਡ ਤੋੜ ਦਿੱਤੇ ਹਨ। ਵਿੱਤੀ ਸਾਲ 2023-24 'ਚ ਪਾਕਿਸਤਾਨ ਦੇ ਸਿਰ 'ਤੇ 25 ਅਰਬ ਡਾਲਰ ਦਾ ਕਰਜ਼ਾ ਸੀ। ਪਾਕਿਸਤਾਨੀ ਸਰਮਾਏਦਾਰ ਹਾਕਮ ਕੌਮਾਂਤਰੀ ਮੁਦਰਾ ਕੋਸ਼ ਅੱਗੇ ਫਿਰ ਤੋਂ ਪੱਲਾ ਅੱਡ ਰਹੇ ਹਨ। ਇਕ ਰਿਪੋਰਟ ਮੁਤਾਬਕ ਚੀਨ ਤੇ ਸਾਊਦੀ ਅਰਬ ਨੇ 1.82 ਲੱਖ ਕਰੋੜ ਰੁਪਏ ਦੇ ਨਿਵੇਸ਼ ਨੂੰ ਵੀ ਰੋਕ ਦਿੱਤਾ ਹੈ। ਚੀਨ ਨੇ ਪਾਕਿਸਤਾਨ 'ਚ 1.42 ਲੱਖ ਕਰੋੜ ਰੁਪਏ ਦੇ ਨਿਵੇਸ਼ ਦੀ ਗੱਲ ਆਖੀ ਸੀ ਪਰ ਉਸ ਨੇ ਵੀ ਕਿਹਾ ਹੈ ਕਿ ਬਿਨਾ ਸੁਰੱਖਿਆ ਤੇ ਸਿਆਸੀ ਸਥਿਰਤਾ ਦੇ ਉਹ ਨਿਵੇਸ਼ ਦੇ ਕੰਮ ਨੂੰ ਅੱਗੇ ਨਹੀਂ ਤੋਰ ਸਕਦਾ। ਇਹੀ ਸੋਚ ਬਾਕੀ ਮੁਲਕਾਂ ਦੀ ਹੈ। ਪਾਕਿਸਤਾਨ ਨੂੰ ਮੰਨ ਲੈਣਾ ਚਾਹੀਦਾ ਹੈ ਕਿ ਅੱਤਵਾਦ ਉਸ ਦੀਆਂ ਜੜ੍ਹਾਂ 'ਚ ਤੇਲ ਪਾ ਕੇ ਉਸ ਨੂੰ ਵੱਡਾ ਖੋਰਾ ਲਾ ਚੁੱਕਾ ਹੈ। ਉਸ ਦੀ ਸ਼ਹਿ 'ਤੇ ਪਲਣ ਵਾਲੇ ਖ਼ੂੰਖਾਰ ਦਹਿਸ਼ਤਗਰਦਾਂ ਕਾਰਨ ਗੁਆਂਢੀ ਮੁਲਕਾਂ ਤੇ ਸੂਬਿਆਂ ਦੇ ਲੋਕਾਂ ਨੂੰ ਵੀ ਆਰਥਿਕ ਤੇ ਸੁਰੱਖਿਆ ਨਾਲ ਜੁੜੀਆਂ ਔਕੜਾਂ ਝੱਲਣੀਆਂ ਪੈਂਦੀਆਂ ਹਨ। ਸਾਲ 2024 'ਚ ਜੰਮੂ-ਕਸ਼ਮੀਰ ਦੇ ਡੋਡਾ 'ਚ ਹੋਏ ਅੱਤਵਾਦੀ ਹਮਲੇ 'ਚ ਭਾਰਤੀ ਫ਼ੌਜ ਦੇ ਇਕ ਅਧਿਕਾਰੀ ਸਣੇ ਚਾਰ ਜਵਾਨ ਸ਼ਹੀਦ ਹੋ ਗਏ ਸਨ ਤੇ ਇਕ ਪੁਲਿਸ ਮੁਲਾਜ਼ਮ ਦੀ ਮੌਤ ਹੋ ਗਈ ਸੀ। ਦਹਿਸ਼ਤਗਰਦੀ ਕਾਰਨ ਕਸ਼ਮੀਰੀ ਲੋਕਾਂ ਦੇ ਰੁਜ਼ਗਾਰ ਨੂੰ ਡੂੰਘੀ ਸੱਟ ਵੱਜੀ ਹੈ। ਗੁਲਮਰਗ 'ਚ ਬਹੁਤੇ ਲੋਕ ਘੋੜਿਆਂ ਰਾਹੀਂ ਰੁਜ਼ਗਾਰ ਕਰਦੇ ਹਨ ਪਰ ਇਸ ਤਰ੍ਹਾਂ ਦੀਆਂ ਘਟਨਾਵਾਂ ਨਾਲ ਉਨ੍ਹਾਂ ਦੇ ਧੰਦੇ 'ਤੇ ਅਸਰ ਪੈਂਦਾ ਹੈ।*

*ਪਰ ਪਾਕਿਸਤਾਨ ਭਾਰਤ ਨੂੰ ਲਗਾਤਾਰ ਪ੍ਰਮਾਣੂ ਜੰਗ ਦੀਆਂ ਧਮਕੀਆਂ ਦੇ ਰਿਹਾ ਹੈ। ਉਸ ਨੂੰ ਵੀ ਇਹ ਸਮਝ ਲੈਣਾ ਚਾਹੀਦਾ ਹੈ ਕਿ ਜੰਗ ਕਿਸੇ ਵੀ ਮੁੱਦੇ ਦਾ ਹੱਲ ਨਹੀਂ ਹੈ। ਇਸ ਵੇਲੇ ਆਲਮੀ ਸਾਂਝ ਨੂੰ ਮਜ਼ਬੂਤ ਕਰਨ ਦੀ ਲੋੜ ਹੈ।*

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਅੱਗ ਨਾ.ਲ ਅੱਗ ਨਾ ਬੁਝੇ

*ਕਿਤੇ ਨਿਰਦੋਸ਼ ਮਾਰੇ ਜਾਣ ਹੱਥੀਂ ਜ਼ਾਲਮਾਂ ਦੇ, ਚੜ੍ਹਦਾ ਏ ਗੁੱਸਾ ਦਿਲ 'ਕੋਲੇ' ਵਾਂਗੂੰ ਦਗਦੇ।*
*ਕੀ ਪਤਾ ਹ.ਲਕ-ਦਾੜ੍ਹ ਵਿਚ ਕਦ ਦੌਰਾ ਪੈਣਾ, ਮੂੰਹ ਦੇ ਵਿਚ ਕਹਿੰਦੇ ਨੇ ਹੁੰਦੀ ਹਰੇਕ ਸਗ ਦੇ।*
*'ਹਮ ਕੋ ਹਮਾਰਾ ਖ਼ੂਬ ਹੋਵੇ ਵੀ 'ਤੁਮਾਰਾ ਖ਼ੂਬ', ਝਗੜੇ ਕਿਉਂ ਪੈਣ 'ਬੋਦੀ ਟੋਪੀ ਅਤੇ ਪੱਗ' ਦੇ।*
*ਬਹੁਗਿਣਤੀ ਜਾਂ ਰੋਹਬ ਪਾਵੇ ਘੱਟ-ਗਿਣਤੀ 'ਤੇ, ਉਦੋਂ ਹੀ ਭਾਈਚਾਰੇ 'ਚ ਕ.ਲੇਸ਼ ਪੈਣ ਲੱਗਦਾ।*
*ਹੋਈ ਦੁਰਘਟਨਾ ਦੇ ਕੱਢੀਏ 'ਅਰਥ' ਪਹਿਲਾਂ, ਕਦੇ ਵੀ ਪਿੱਛੇ ਲੱਗੀਏ ਨਾ ਵੋਟਾਂ ਵਾ.ਲੇ ਠੱਗ ਦੇ।*
*ਜੰਗ ਨਾ.ਲ ਮੁੱਕਦਾ ਨਾ ਅੱਤਿਵਾਦ ਕਦੇ ਯਾਰੋ, ਅੱਗ ਸ਼ਾਂਤ ਹੋਵੇ ਨਾ ਕਦੇ ਵੀ ਨਾ.ਲ 'ਅੱਗ' ਦੇ!*

# ਅਸੀਮ ਵੀਟੋ ਪਾਵਰ ਵਰਤ ਰਹੀਆਂ ਅਫ਼ਸਰੀ ਅਦਾਲਤਾਂ

ਮੁੱਖ ਭਾਰਤੀ ਅਦਾਲਤਾਂ 'ਚ ਲੋਕਾਂ ਨੂੰ ਇਨਸਾਫ਼ ਲੈਣ ਲਈ ਵਰ੍ਹਿਆਂ ਤੱਕ ਉਡੀਕ ਕਰਨੀ ਪੈਂਦੀ ਹੈ। ਅਦਾਲਤਾਂ 'ਚ ਚਲਦੇ ਕੇਸਾਂ ਸੰਬੰਧੀ ਨਿੱਤ-ਦਿਹਾੜੇ ਅਖ਼ਬਾਰਾਂ ਵਿਚ ਰਿਪੋਰਟਾਂ ਛਪਦੀਆਂ ਹਨ ਕਿ ਉਪਰਲੀਆਂ, ਹੇਠਲੀਆਂ ਅਦਾਲਤਾਂ ਵਿਚ ਲੱਖਾਂ ਦੀ ਗਿਣਤੀ 'ਚ ਦੀਵਾਨੀ, ਫੌਜਦਾਰੀ ਅਤੇ ਹੋਰ ਮਾਮਲਿਆਂ ਸੰਬੰਧੀ ਕੇਸ ਲਟਕੇ ਪਏ ਹਨ। 2023 'ਚ ਇਕੱਤਰ ਵੇਰਵਿਆਂ ਅਨੁਸਾਰ 5.2 ਕਰੋੜ (5.2 ਮਿਲੀਅਨ) ਕੇਸ ਸੁਪਰੀਮ ਕੋਰਟ, ਹਾਈ ਕੋਰਟਾਂ, ਜ਼ਿਲ੍ਹਾ ਅਦਾਲਤਾਂ 'ਚ ਪੈਂਡਿੰਗ ਹਨ। ਜਿਨ੍ਹਾਂ ਵਿਚੋਂ 80,000 ਕੇਸ ਸੁਪਰੀਮ ਕੋਰਟ 'ਚ ਹੀ ਹਨ। ਪਰ ਅਚੰਭੇ ਵਾਲੀ ਗੱਲ ਤਾਂ ਇਹ ਹੈ ਕਿ 'ਅਫ਼ਸਰੀ



**ਗੁਰਮੀਤ ਸਿੰਘ ਪਲਾਹੀ**
**ਫੋਨ: 98158-02070**

ਅਦਾਲਤਾਂ' 'ਚ ਕੇਸ ਵਰ੍ਹਿਆਂਬੱਧੀ ਲਟਕਾਏ ਜਾਂਦੇ ਹਨ, ਫ਼ੈਸਲਾ ਲਿਖੇ ਜਾਣ ਦੀ ਉਡੀਕ 'ਚ ਪਏ ਰਹਿੰਦੇ ਹਨ, ਪਰ ਇਨ੍ਹਾਂ ਸੰਬੰਧੀ ਵੇਰਵਾ ਕਿਧਰੇ ਵੀ ਉਪਲੱਬਧ ਨਹੀਂ। ਸੈਂਕੜੇ ਹਨ ਕਿ ਹਜ਼ਾਰਾਂ ਜਾਂ ਲੱਖਾਂ। ਪਿਛਲੇ ਦਿਨੀਂ ਭਾਰਤ ਦੀ ਸੁਪਰੀਮ ਕੋਰਟ ਵੱਲੋਂ ਰਾਜਪਾਲਾਂ ਅਤੇ ਰਾਸ਼ਟਰਪਤੀ ਨੂੰ ਕਿਹਾ ਕਿ ਵਿਧਾਨ ਸਭਾਵਾਂ ਵੱਲੋਂ ਪਾਸ ਕੀਤੇ ਫ਼ੈਸਲਿਆਂ ਨੂੰ ਉਹ ਮਨਮਰਜ਼ੀ ਨਾਲ ਅਸੀਮਤ ਸਮੇਂ ਲਈ ਆਪਣੇ ਕੋਲ ਨਹੀਂ ਰੱਖ ਸਕਦੇ। ਸੁਪਰੀਮ ਕੋਰਟ ਨੇ ਉਨ੍ਹਾਂ ਨੂੰ ਤਿੰਨ ਮਹੀਨਿਆਂ 'ਚ ਫ਼ੈਸਲਾ ਸੁਣਾਉਣ ਦੇ ਹੁਕਮ ਦਿੱਤੇ ਅਤੇ ਕਿਹਾ ਕਿ ਅਸੀਮਤ ਵੀਟੋ ਦੀ ਪਾਵਰ ਤਾਂ ਸੰਵਿਧਾਨ ਵਿਚ ਵੀ ਨਹੀਂ ਹੈ।

ਇਨ੍ਹਾਂ ਕੇਸਾਂ 'ਚ ਤਾਰੀਖਾਂ ਪੈਂਦੀਆਂ ਹਨ, ਗਵਾਹੀਆਂ ਲਈਆਂ ਜਾਂਦੀਆਂ ਹਨ, ਬਹਿਸਾਂ ਵੀ ਪੂਰੀਆਂ ਹੋ ਜਾਂਦੀਆਂ ਹਨ, ਪਰ ਫ਼ੈਸਲੇ ਨਹੀਂ ਸੁਣਾਏ-ਲਿਖੇ ਜਾਂਦੇ। ਆਖ਼ਰ ਇਹ ਅਦਾਲਤਾਂ ਕਿਹੋ ਜਿਹੀਆਂ ਹਨ? ਕਿਸ ਕੰਮ ਲਈ ਬਣਾਈਆਂ ਜਾਂਦੀਆਂ ਹਨ ਇਹ ਅਦਾਲਤਾਂ? ਕਿਉਂ ਹੁੰਦਾ ਹੈ ਇੰਜ? ਕੀ ਇਹ ਸਿਆਸੀ ਦਬਾਅ ਕਾਰਨ ਹੈ? ਕੀ ਇਹ ਭ੍ਰਿਸ਼ਟਾਚਾਰ ਦਾ ਪ੍ਰਭਾਵ ਹੈ? ਜਾਂ ਕੀ ਇਹ 'ਅਫ਼ਸਰੀ ਅਦਾਲਤਾਂ' ਦੀ ਅਣਗਹਿਲੀ ਹੈ? ਜਾਂ ਇਹ ਸਮਾਂ ਟਪਾਉਣ ਵਾਲੀ ਰੁਚੀ ਕਾਰਨ ਹੈ ਜਾਂ ਆਪਣੀ ਜ਼ਿੰਮੇਵਾਰੀ ਤੋਂ ਭੱਜਣ ਕਾਰਨ ਹੈ।

ਆਖ਼ਰ ਇਹ ਅਫ਼ਸਰੀ ਅਦਾਲਤਾਂ ਕਿਹੜੀਆਂ ਹਨ? ਕਿਹੜੇ ਲੋਕ ਇਨ੍ਹਾਂ ਅਦਾਲਤਾਂ 'ਚ ਵੱਧ ਪ੍ਰਭਾਵਤ ਹੁੰਦੇ ਹਨ। ਇਹ 'ਅਫ਼ਸਰੀ ਅਦਾਲਤਾਂ' ਲੇਬਰ ਕਮਿਸ਼ਨਰ ਨਾਲ ਸੰਬੰਧਤ ਹਨ। ਇਹ ਅਫ਼ਸਰੀ ਅਦਾਲਤਾਂ ਪੇਂਡੂ ਵਿਕਾਸ ਵਿਭਾਗ ਦੀਆਂ ਅਫ਼ਸਰੀ ਅਦਾਲਤਾਂ ਨਾਲ ਸੰਬੰਧਤ ਹਨ ਜਾਂ ਸਬ-ਡਿਵੀਜ਼ਨ ਅਫ਼ਸਰੀ ਅਦਾਲਤਾਂ ਹਨ, ਜੋ ਸਿੱਧਿਆਂ ਆਮ ਲੋਕਾਂ ਦੇ ਹੱਕ-ਹਕੂਕਾਂ ਦੀ ਰਖਵਾਲੀ ਕਰਨ ਲਈ ਬਣਾਈਆਂ ਜਾਂਦੀਆਂ ਹਨ ਜਾਂ ਜਾਣੀਆਂ ਜਾਂਦੀਆਂ ਹਨ ਅਤੇ ਕਾਨੂੰਨ ਅਨੁਸਾਰ ਇਨ੍ਹਾਂ ਅਦਾਲਤਾਂ ਨੂੰ ਪੂਰੇ ਜੁਡੀਸ਼ਰੀ ਅਧਿਕਾਰ ਵੀ ਮਿਲੇ ਹੋਏ ਹਨ।

ਕਿਆਸ ਕਰੋ ਉਸ ਕਾਮੇ ਦੀ ਹਾਲਤ ਦਾ ਜਿਹੜਾ ਜ਼ਿੰਦਗੀ ਦੇ ਸੁਨਹਿਰੇ ਵਰ੍ਹੇ ਫੈਕਟਰੀ 'ਚ ਕੰਮ ਕਰਦਾ ਹੈ, ਉਸਨੂੰ ਕਾਨੂੰਨ ਅਨੁਸਾਰ ਕੁਝ ਗਰੈਚੁਇਟੀ ਅਤੇ ਇੱਕ ਹਜ਼ਾਰ ਤੋਂ ਦੋ ਕੁ ਹਜ਼ਾਰ ਰੁਪਏ ਪੈਨਸ਼ਨ ਦਾ ਪ੍ਰਾਵਧਾਨ ਹੈ। ਇਹ ਪੈਨਸ਼ਨ ਉਸਨੂੰ ਉਸ ਦੀ ਤਨਖ਼ਾਹ ਵਿਚੋਂ ਮਹੀਨਾਵਾਰ ਪ੍ਰਾਵੀਡੈਂਟ ਫੰਡ ਦੇ ਨਾਲ ਕੱਟੀ ਰਕਮ ਦੇ ਇਵਜ਼ ਵਿਚ ਪ੍ਰਾਵੀਡੈਂਟ ਫੰਡ ਕਮਿਸ਼ਨਰ ਦੇ ਦਫ਼ਤਰੋਂ ਮਿਲਦੀ ਹੈ। ਕਿੰਨੀ ਤੁਛ ਜਿਹੀ ਰਕਮ ਹੈ ਇਹ, ਕਿਸੇ ਨੂੰ ਮਖੌਲ ਜਿਹਾ ਕਰਨ ਵਾਂਗਰ। ਕਦੇ ਨਿਯਮਾਂ ਤੋਂ ਬਾਹਰ ਜਾ ਕੇ ਰੈਗੂਲਰ ਵਰਕਰਾਂ ਦੀ ਗਿਣਤੀ 10 ਪੂਰੀ ਨਹੀਂ ਹੋਣ ਦਿੰਦੇ ਅਤੇ ਕਦੇ ਉਨ੍ਹਾਂ ਨੂੰ ਠੇਕੇ ਦੇ ਕੇ ਕੰਮ ਕਰਵਾਉਂਦੇ ਹਨ ਤੇ ਵਰਕਰਾਂ ਵਾਲੀਆਂ ਸਹੂਲਤਾਂ ਤੋਂ ਵਿਰਵੇ ਕਰ ਦਿੰਦੇ ਹਨ। ਪਰ ਇਹਦੇ ਨਾਲ ਹੀ ਗਰੈਚੁਇਟੀ ਦੇਣ ਦਾ ਪ੍ਰਾਵਧਾਨ ਵੀ ਹੈ, ਹਰ ਉਸ ਕਾਮੇ ਨੂੰ ਜਿਹੜਾ ਆਪਣੇ ਮਾਲਕ ਕੋਲ ਘੱਟੋ-ਘੱਟ ਪੰਜ ਵਰ੍ਹਿਆਂ ਦੀ ਨੌਕਰੀ ਪੂਰੀ ਕਰ ਲੈਂਦਾ ਹੈ। ਪਰ ਬਹੁਤੇ ਮਾਲਕ ਇਨ੍ਹਾਂ ਕਾਮਿਆਂ ਨੂੰ ਇਸ ਫੰਡ ਤੋਂ ਕਿਸੇ ਨਾ ਕਿਸੇ ਤਰ੍ਹਾਂ ਵਿਰਵੇ ਰੱਖਦੇ ਹਨ। ਪਰ ਜਿਹੜੇ ਕਾਮੇ ਇਸ ਸਕੀਮ ਅਧੀਨ ਆ ਜਾਂਦੇ ਹਨ, ਉਨ੍ਹਾਂ ਵਿਚੋਂ ਕਈਆਂ ਨੂੰ ਆਪਣੀ ਗਰੈਚੁਇਟੀ ਦਾ ਹੱਕ ਪ੍ਰਾਪਤ ਕਰਨ ਲਈ ਜ਼ਿਲ੍ਹਿਆਂ 'ਚ ਲੇਬਰ ਵਿਭਾਗ ਵੱਲੋਂ ਬਣਾਏ ਅਸਿਸਟੈਂਟ ਲੇਬਰ ਕਮਿਸ਼ਨਰਾਂ ਦੀ ਅਦਾਲਤ ਵਿਚ ਕੇਸ ਕਰਨੇ ਪੈਂਦੇ ਹਨ। ਇਥੇ ਹੀ ਕਾਮਿਆਂ ਨੂੰ ਆਪਣੇ ਵਾਜਬ ਹੱਕ ਦੀ ਪ੍ਰਾਪਤੀ





ਲਈ ਖੱਜਲ-ਖੁਆਰੀ ਦੀ ਦਾਸਤਾਨ ਸ਼ੁਰੂ ਹੁੰਦੀ ਹੈ। ਕਾਮੇ ਵਰ੍ਹਿਆਂ-ਬੱਧੀ ਇਨ੍ਹਾਂ ਅਫ਼ਸਰੀ ਅਦਾਲਤਾਂ 'ਚ ਪੇਸ਼ ਹੁੰਦੇ ਹਨ, ਤਾਰੀਖ ਦਰ ਤਾਰੀਖ ਪੈਂਦੀ ਹੈ। ਅਤੇ ਹੈਰਾਨੀ ਦੀ ਗੱਲ ਹੈ ਕਿ ਇਨ੍ਹਾਂ ਅਦਾਲਤਾਂ 'ਚ ਫ਼ੈਸਲੇ ਸਮਾਂਬੱਧ ਨਹੀਂ ਹੁੰਦੇ, ਸਗੋਂ ਕਈ ਵੇਰ 4 ਜਾਂ 5 ਵਰ੍ਹਿਆਂ ਤੱਕ ਕੇਸ ਘਸੀਟੇ ਜਾਂਦੇ ਹਨ। ਉਸ ਹਾਲਾਤ ਵਿਚ ਜਦੋਂ ਕਾਮਾ ਆਪਣੇ ਮਾਲਕ ਵਿਰੁੱਧ ਕੇਸ ਜਿੱਤ ਵੀ ਲੈਂਦਾ ਹੈ ਤਾਂ ਮਾਲਕ ਉਸਦੀ ਅਪੀਲ ਕਿਰਤ ਕਮਿਸ਼ਨਰ ਕੋਲ ਕਰ ਦੇਂਦੇ ਹਨ। ਜਿਥੇ ਇਹ ਅਪੀਲਾਂ ਦੀ ਸੁਣਵਾਈ ਕੁਝ ਤਾਰੀਖਾਂ 'ਚ ਨਹੀਂ, ਸਗੋਂ ਲੰਮੇਰੀ ਚੱਲਦੀ ਹੈ। ਵੇਖੋ ਗੱਲ ਤਾਂ ਬੱਸ ਏਨੀ ਕੁ ਹੀ ਹੈ ਕਿ ਕਾਮੇ ਨੂੰ ਉਸਦਾ ਹੱਕ ਗਰੈਚੁਇਟੀ ਸਮੇਂ 'ਤੇ ਮਿਲੇ। ਉਸ ਲਈ ਦਲੀਲ ਅਪੀਲ ਕਾਮੇ ਵਿਰੁੱਧ ਆਖ਼ਿਰ ਕਿਉਂ? ਕਿਉਂ ਆਖ਼ਰ ਉਸਨੂੰ ਅਦਾਲਤਾਂ 'ਚ ਜਾਣਾ ਪੈਂਦਾ ਹੈ?

ਇਹੋ ਜਿਹੇ ਕੇਸ ਸੂਬੇ ਦੀ ਰਾਜਧਾਨੀ 'ਚ ਚੱਲਦੇ ਹਨ। ਵੱਡੇ ਅਫ਼ਸਰ ਨੂੰ ਵਿਹਲ ਨਹੀਂ ਹੁੰਦੀ, ਅਗਲੀ ਤਾਰੀਖ ਪੈ ਜਾਂਦੀ ਹੈ। ਪੱਲੇ ਬੰਨ੍ਹੀ ਰੋਟੀ, ਪੂਰਾ ਦਿਨ ਰਾਜਧਾਨੀ ਦੇ ਵੱਡੇ ਦਫ਼ਤਰ 'ਚ ਕਿਸਮਤ ਬਣੀ ਦਿਖਦੀ ਹੈ। ਗੱਲ ਇਥੇ ਹੀ ਖ਼ਤਮ ਨਹੀਂ ਹੁੰਦੀ, ਵਕੀਲਾਂ ਦੀਆਂ ਦਲੀਲਾਂ ਖ਼ਤਮ ਹੋ ਜਾਂਦੀਆਂ ਹਨ ਕੇਸਾਂ ਵਿਚ, ਪਰ ਫ਼ੈਸਲੇ ਲਟਕਦੇ ਰਹਿੰਦੇ ਹਨ। ਕਈ ਵੇਰ ਫ਼ੈਸਲਿਆਂ ਉਪਰੰਤ ਹਾਈ ਕੋਰਟ 'ਚ ਇਹ ਕੇਸ ਘਸੀਟ ਲਏ ਜਾਂਦੇ ਹਨ। ਸੂਬੇ ਦੇ ਕਿਰਤ ਕਮਿਸ਼ਨਰਾਂ ਦੀਆਂ ਅਦਾਲਤਾਂ ਦੇ ਦਫ਼ਤਰਾਂ 'ਚ ਅਪੀਲਾਂ ਦੀ ਗਿਣਤੀ ਦਰਜਨਾਂ 'ਚ ਹੈ, ਜਿਹੜੇ ਵਰ੍ਹਿਆਂ ਤੋਂ ਆਪਣੇ ਫ਼ੈਸਲੇ ਦੀ ਉਡੀਕ 'ਚ ਹੋਣਗੇ। ਕਿਸ ਕਿਸਮ ਦਾ ਅਦਾਲਤੀ ਇਨਸਾਫ਼ ਹੈ ਇਹ, ਜਿਸ ਦੀ ਉਡੀਕ 'ਚ ਕਾਮੇ ਬੁੱਢੇ ਬਿਰਖ ਬਣੇ ਦਿਖਦੇ ਹਨ। ਪ੍ਰਸਿੱਧ ਸ਼ਾਇਰ ਸੁਰਜੀਤ ਪਾਤਰ ਦੀ ਕਵਿਤਾ ਦਾ ਸ਼ੇਅਰ ਉਨ੍ਹਾਂ 'ਤੇ ਢੁੱਕਦਾ ਹੈ:

ਇਸ ਅਦਾਲਤ 'ਚ ਬੰਦੇ ਬਿਰਖ ਹੋ ਗਏ
ਫੈਸਲੇ ਸੁਣਦਿਆਂ ਸੁਣਦਿਆਂ ਸੁਕ ਗਏ
ਆਖੋ ਏਨਾਂ ਨੂੰ ਉਜੜੇ ਘਰੀਂ ਜਾਣ ਹੁਣ
ਇਹ ਕਦੋਂ ਤੀਕ ਏਥੇ ਖੜੇ ਰਹਿਣਗੇ।

ਬਿਲਕੁਲ ਇਹੋ ਜਿਹੇ ਅਫ਼ਸਰੀ ਇਨਸਾਫ਼ ਦੀ ਉਦਾਹਰਣ ਪੇਂਡੂ ਵਿਕਾਸ ਵਿਭਾਗ ਦੀ ਹੈ। ਪੰਚਾਇਤਾਂ ਵੱਲੋਂ ਜ਼ਿਲ੍ਹਾ ਪੰਚਾਇਤ ਅਤੇ ਵਿਕਾਸ ਅਫ਼ਸਰਾਂ ਦੇ ਦਫ਼ਤਰਾਂ 'ਚ ਨਾਜਾਇਜ਼ ਕਬਜ਼ਾ ਹਟਾਉਣ ਦੇ ਕੇਸਾਂ ਦੀ ਸੁਣਵਾਈ ਵਰ੍ਹਿਆਂ ਬੱਧੀ ਦਫ਼ਤਰਾਂ 'ਚ ਕਾਰਵਾਈ ਲਈ ਪਈ ਰਹਿੰਦੀ ਹੈ। ਫ਼ੈਸਲੇ ਹੋਣ ਉਪਰੰਤ ਸੂਬਾ ਪੰਚਾਇਤ ਅਤੇ ਵਿਕਾਸ ਦਫ਼ਤਰਾਂ 'ਚ ਅਤੇ ਨਾ ਹੀ ਸੂਬਾ ਦਫ਼ਤਰਾਂ 'ਚ ਇਨ੍ਹਾਂ ਦੀ ਸੁਣਵਾਈ ਦੀ ਕੋਈ ਸਮਾਂ ਸੀਮਾ ਹੈ। ਜੇ ਸਮਾਂ-ਸੀਮਾ ਹੈ ਵੀ ਤਾਂ ਅਫ਼ਸਰ ਉਸਨੂੰ ਮੰਨਦੇ ਹੀ ਨਹੀਂ। ਇਥੇ ਫ਼ੈਸਲੇ ਸਿਆਸੀ ਪਹੁੰਚ ਨਾਲ ਹੀ ਅੱਗੇ ਵਧਦੇ ਜਾਂ ਲਟਕਦੇ ਹਨ। ਗੱਲ ਇਥੇ ਹੀ ਬੱਸ ਨਹੀਂ ਹੁੰਦੀ। ਮਾਮਲਾ ਉਪਰੋਂ ਹੇਠਾਂ ਆਉਣ ਅਤੇ ਉਸਨੂੰ ਲਾਗੂ ਕਰਨ ਲਈ ਬਲਾਕ ਪੱਧਰ ਦੇ ਦਫ਼ਤਰਾਂ ਰਾਹੀਂ ਤਹਿਸੀਲਦਾਰਾਂ ਕੋਲ ਪਹੁੰਚਦਾ ਹੈ। ਜਿਥੇ ਮੁੜ ਕਬਜ਼ਾ ਲੈਣ ਲਈ ਲੰਮੀ ਕਾਰਵਾਈ ਹੁੰਦੀ ਹੈ। ਫਾਈਲਾਂ ਇਥੇ ਵੀ ਲਟਕਦੀਆਂ ਹਨ। ਖੂੰਜੇ ਲੱਗਦੀਆਂ ਹਨ। ਗਤੀ ਨਹੀਂ ਫੜਦੀਆਂ। ਬਹਾਨੇਬਾਜ਼ੀ ਦਾ ਸ਼ਿਕਾਰ ਹੁੰਦੀਆਂ ਹਨ।

ਡੂੰਘੀ ਨਜ਼ਰ ਨਾਲ ਜੇਕਰ ਐਸ.ਡੀ.ਐਮ. ਦਫ਼ਤਰਾਂ 'ਚ ਲੱਗੀਆਂ ਅਦਾਲਤਾਂ ਦੇ ਕੰਮਕਾਜ ਨੂੰ ਵੀ ਵੇਖਿਆ ਜਾਵੇ ਤਾਂ ਇਥੇ ਵੀ ਸੈਂਕੜੇ ਕੇਸ ਲੰਮਾ ਸਮਾਂ ਲਟਕਦੇ ਰਹਿੰਦੇ ਹਨ। ਸਧਾਰਨ ਵਿਅਕਤੀ ਦੀ ਇਨਸਾਫ਼ ਦੀ ਆਸ ਤਾਂ ਉਸ ਵੇਲੇ ਮੱਧਮ ਪੈ ਜਾਂਦੀ ਹੈ, ਜਦੋਂ ਇਨ੍ਹਾਂ ਅਫ਼ਸਰੀ ਅਦਾਲਤਾਂ ਵਿਚ, ਜੋ ਜੱਜ ਦੀ ਭੂਮਿਕਾ ਨਿਭਾਉਂਦੇ ਹਨ, ਵਕੀਲਾਂ ਦੀਆਂ ਮਣਾਂ-ਮੂੰਹ ਫ਼ੀਸਾਂ ਭਰਨੀਆਂ ਪੈਂਦੀਆਂ ਹਨ, ਉਨ੍ਹਾਂ ਦੇ ਮੁਨਸ਼ੀਆਂ ਦੇ ਨਿੱਤ-ਦਿਹਾੜੇ ਇੱਕ-ਦੁੱਕਾ ਖ਼ਰਚੇ ਉਠਾਉਣੇ ਪੈਂਦੇ ਹਨ, ਜਿਨ੍ਹਾਂ ਵਿਚ ਟਾਈਪ ਫੀਸ ਅਸ਼ਟਾਮ, ਅੰਦਰਲੀ ਫ਼ੀਸ, ਕਾਪੀ ਫ਼ੀਸ ਅਤੇ ਉਪਰੋਂ ਸੇਵਾ ਫੀਸ, ਜਿਸਦਾ ਕੋਈ ਅੰਤ ਹੀ ਨਹੀਂ ਹੁੰਦਾ। ਉਂਜ ਵੀ ਇਨ੍ਹਾਂ ਦਫ਼ਤਰਾਂ 'ਚ ਵਕੀਲਾਂ ਰਾਹੀਂ ਕੀਤੇ-ਕਰਵਾਏ ਆਪਸੀ ਸਮਝੌਤੇ ਬਹੁਤੀ ਵੇਰ ਆਮ ਲੋਕਾਂ ਨੂੰ ਇਨਸਾਫ ਤੋਂ ਦੂਰ ਰੱਖਦੇ ਹਨ, ਕਿਉਂਕਿ ਇਸ ਨਾਲ ਉਨ੍ਹਾਂ ਦੀ ਨਾ ਮਾਨਸਿਕ ਸੰਤੁਸ਼ਟੀ ਹੁੰਦੀ ਹੈ, ਨਾ ਹੀ ਉਸ ਵਿਅਕਤੀ ਨੂੰ ਸਹੀ ਹੱਕ ਮਿਲਦਾ ਹੈ।

ਵੱਖੋ-ਵੱਖਰੇ ਮਹਿਕਮਿਆਂ ਵੱਲੋਂ ਬਣਾਏ ਗਏ ਟ੍ਰਿਬਿਊਨਲਾਂ ਦੇ ਕੰਮ ਕਾਜ ਉਤੇ ਵੀ ਇਹੋ ਜਿਹੇ ਹੀ ਸਵਾਲ ਉੱਠਦੇ ਹਨ। ਗੱਲ ਸੂਚਨਾ ਕਮਿਸ਼ਨ ਦੀ ਲੈ ਲਈਏ। ਦਫ਼ਤਰਾਂ ਤੋਂ ਮੰਗੀ ਗਈ ਸੂਚਨਾ ਜੇਕਰ ਸੰਬੰਧਤ ਅਫ਼ਸਰ ਮੁਹੱਈਆ ਨਹੀਂ ਕਰਦਾ ਤਾਂ ਉਸ ਵਿਰੁੱਧ ਸ਼ਿਕਾਇਤ ਹੁੰਦੀ ਹੈ ਸੂਚਨਾ ਕਮਿਸ਼ਨ ਦਫ਼ਤਰ 'ਚ। ਹਾਲ ਉਥੇ ਵੀ ਇਹੋ ਜਿਹੀਆਂ ਅਰਜ਼ੀਆਂ ਦਾ ਇੰਜ ਹੀ ਹੁੰਦਾ ਹੈ। ਅਫ਼ਸਰ ਦਾ ਜੀਅ ਕਰਦਾ ਹੈ ਤਾਂ ਸੂਚਨਾ ਦਿੰਦਾ ਹੈ, ਨਹੀਂ ਜੀਅ ਕਰਦਾ ਤਾਂ ਨਹੀਂ ਦਿੰਦਾ। ਢੇਰਾਂ ਦੇ ਢੇਰ ਅਰਜ਼ੀਆਂ ਸੂਚਨਾ ਨਾ ਦੇਣ ਵਾਲੀਆਂ ਪਈਆਂ ਹਨ। ਇਨ੍ਹਾਂ ਸੂਬਾ ਸੂਚਨਾ ਦਫ਼ਤਰਾਂ 'ਚ ਵੀ ਕੇਸ ਚੱਲਦੇ ਹਨ, ਪਰ ਕਾਰਵਾਈਆਂ 'ਜੁਡੀਸ਼ਰੀ ਅਦਾਲਤਾਂ' ਦੀ ਕਾਰਵਾਈ ਵਾਂਗਰ ਲਟਕਦੀਆਂ ਰਹਿੰਦੀਆਂ ਹਨ। ਇਨਸਾਫ਼ ਨੂੰ ਲੋਕ ਇਥੇ ਵੀ ਉਡੀਕਦੇ ਹਨ।

ਗੱਲ ਤਾਂ ਸਪਸ਼ਟ ਹੈ ਕਿ ਅਫ਼ਸਰੀ ਅਦਾਲਤਾਂ ਦੇ ਕੰਮ-ਕਾਰ ਤਾਂ ਸਿੱਧੇ ਸਿਆਸੀ ਪ੍ਰਭਾਵ ਦੇ ਮੁਥਾਜ ਹੋਏ ਵਿਖਾਈ ਦੇਂਦੇ ਹਨ। ਕੀ ਆਮ ਆਦਮੀ ਦੀ ਚੀਖ-ਪੁਕਾਰ ਕੋਈ ਮਾਇਨੇ ਨਹੀਂ ਰੱਖਦੀ? ਕੀ ਆਮ ਆਦਮੀ ਦੀ ਇਨਸਾਫ਼ ਲਈ ਚਾਹਤ ਕੋਈ ਮਾਇਨੇ ਨਹੀਂ ਰੱਖਦੀ? ਕੀ ਆਮ ਆਦਮੀ ਇਨਸਾਫ਼ ਦੀ ਸੜਕਾਂ ਤੇ ਭਟਕਣਾ ਕੋਈ ਮਾਇਨੇ ਨਹੀਂ ਰੱਖਦੀ? ਕੀ ਅਫ਼ਸਰਸ਼ਾਹੀ, ਇੰਨੀ ਸਿਆਸੀ ਮੁਥਾਜ, ਅਵੇਸਲੀ ਹੋ ਚੁੱਕੀ ਹੈ ਕਿ ਆਮ ਆਦਮੀ ਉਸਦੀ ਲਿਸਟ ਵਿਚੋਂ ਬਾਹਰ ਹੋ ਗਿਆ ਹੈ? ਆਮ ਆਦਮੀ ਨਾਲ ਧੱਕਾ ਹੁੰਦਾ ਹੈ ਤਾਂ ਉਹ ਪੰਚਾਇਤੇ ਚੜ੍ਹਦਾ ਹੈ। ਤਾਰੀਖਾਂ ਦਾ ਸਾਹਮਣਾ ਕਰਦਾ ਹੈ। ਥਾਣੇ ਜਾਂਦਾ ਹੈ ਤਾਂ ਭਟਕਦਾ ਹੈ। ਅਦਾਲਤੇ ਜਾਂਦਾ ਹੈ ਤਾਂ ਲੰਮੀ ਪ੍ਰਕਿਰਿਆ ਉਸਨੂੰ ਡਰਾਉਂਦੀ ਹੈ। ਅਫ਼ਸਰੀ ਅਦਾਲਤ ਉਸਨੂੰ ਇਨਸਾਫ਼ ਤੋਂ ਵਿਰਵਾ ਰੱਖਦੀ ਹੈ। 'ਸਿਆਸੀ ਇਨਸਫ' ਉਸਨੂੰ ਸਿਰਫ਼ ਲਾਰਾ-ਲੱਪਾ ਦਿੰਦਾ ਹੈ ਤਾਂ ਫਿਰ ਆਖ਼ਰ ਆਮ ਆਦਮੀ ਲਈ ਇਨਸਾਫ ਕਿਥੇ ਹੈ? ਕਿਹੜੇ ਘੁਰਨੇ 'ਚ ਵੜਿਆ ਹੈ ਉਸ ਲਈ ਇਨਸਾਫ, ਜਿਸਦੀ ਪ੍ਰਾਪਤੀ ਉਹਦੀਆਂ ਅੱਖਾਂ 'ਚ ਚਮਕ ਲਿਆਏਗੀ?

# ਦਹਿਸ਼ਤੀ ਹਮਲੇ ਅਤੇ ਲਾਸ਼ਾਂ ਉੱਪਰ ਘਿਣਾਉਣੀ ਸਿਆਸਤ







***ਦਹਿਸ਼ਤੀ ਹਮਲਿਆਂ ਦਾ ਲਾਹਾ ਭਾਜਪਾ ਕਿਵੇਂ ਲੈਂਦੀ ਹੈ ਅਤੇ ਇਸ ਨੂੰ ਘੱਟ-ਗਿਣਤੀ ਮੁਸਲਮਾਨਾਂ ਵਿਰੁੱਧ ਨਫ਼ਰਤ ਅਤੇ ਰਾਸ਼ਟਰਵਾਦੀ ਜਨੂੰਨ ਭੜਕਾਉਣ ਲਈ ਕਿਵੇਂ ਵਰਤਦੀ ਹੈ, ਇਨ੍ਹਾਂ ਪੱਖਾਂ ਦੀ ਚਰਚਾ ਇਸ ਲੇਖ ਵਿਚ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤੀ ਹੈ। -ਸੰਪਾਦਕ***

22 ਅਪ੍ਰੈਲ ਨੂੰ ਕਸ਼ਮੀਰ ਦੇ ਪਹਿਲਗਾਮ ਨੇੜੇ ਬੈਸਰਾਨ ਵਿਚ, ਜੋ ਆਪਣੀ ਕੁਦਰਤੀ ਖ਼ੂਬਸੂਰਤੀ ਕਾਰਨ ਸੈਲਾਨੀਆਂ ਲਈ 'ਮਿੰਨੀ ਸਵਿਟਰਜ਼ਰਲੈਂਡ' ਵਜੋਂ ਮਸ਼ਹੂਰ ਹੈ, ਦਹਿਸ਼ਤਗਰਦਾਂ ਵੱਲੋਂ 26 ਲੋਕਾਂ ਨੂੰ ਬੇਰਹਿਮੀ ਨਾਲ ਕਤਲ ਕਰ ਦੇਣ ਦੀ ਜਿੰਨੀ ਵੀ ਨਿਖੇਧੀ ਕੀਤੀ ਜਾਵੇ, ਉਹ ਥੋੜ੍ਹੀ ਹੈ। ਇਨ੍ਹਾਂ ਵਿਚ ਚੌਵੀ ਹਿੰਦੂ ਸੈਲਾਨੀਆਂ ਦੇ ਨਾਲ ਇਕ ਈਸਾਈ ਸੈਲਾਨੀ ਅਤੇ ਇਕ ਸਥਾਨਕ ਖੱਚਰ ਵਾਲਾ ਸਈਅਦ ਆਦਿਲ ਹੁਸੈਨ ਸ਼ਾਹ ਵੀ ਸੀ। ਪਰ ਇਸ ਤੋਂ ਵੀ ਘਿਣਾਉਣੀ ਹੈ ਹੁਕਮਰਾਨ ਭਗਵਾ ਬਰਗੇਡ ਦੀ ਫਿਰਕੂ ਸਿਆਸਤ ਜੋ ਇਸ ਕਤਲੇਆਮ ਦੇ ਬਹਾਨੇ ਕਸ਼ਮੀਰੀ ਅਤੇ ਮੁਸਲਮਾਨ ਭਾਈਚਾਰਿਆਂ ਵਿਰੁੱਧ ਨਫ਼ਰਤ ਫੈਲਾ ਕੇ ਆਪਣੇ ਫਾਸ਼ੀਵਾਦੀ ਮਨਸੂਬਿਆਂ ਨੂੰ ਅੰਜਾਮ ਦੇਣ ਲਈ ਹਿੰਸਕ ਮਾਹੌਲ ਬਣਾ ਰਹੀ ਹੈ। ਹੋ ਸਕਦਾ ਹੈ ਦਹਿਸ਼ਤਗਰਦਾਂ ਨੇ ਸੈਲਾਨੀਆਂ ਦਾ ਧਰਮ ਪੁੱਛ ਕੇ ਗੋਲੀਆਂ ਮਾਰੀਆਂ ਹੋਣ, ਪਰ ਆਰ.ਐੱਸ.ਐੱਸ.-ਭਾਜਪਾ ਦਾ ਪ੍ਰਚਾਰ ਤੰਤਰ

**ਬੂਟਾ ਸਿੰਘ ਮਹਿਮੂਦਪੁਰ**

'ਧਰਮ ਪੁੱਛਣ' ਦਾ ਬਿਰਤਾਂਤ ਪ੍ਰਚਾਰ ਕੇ ਸਮੁੱਚੇ ਮੁਸਲਮਾਨ ਫਿਰਕੇ ਨੂੰ ਦਹਿਸ਼ਤਵਾਦ ਦਾ ਹਮਾਇਤੀ ਦੱਸਣ ਦੀ ਘਿਣਾਉਣੀ ਖੇਡ ਖੇਡ ਰਿਹਾ ਹੈ। ਸੋਸ਼ਲ ਮੀਡੀਆ ਪਲੈਟਫਾਰਮਾਂ ਉੱਪਰ ਮੁਸਲਮਾਨਾਂ ਵਿਰੁੱਧ ਕਿੰਨੀ ਡੂੰਘੀ ਨਫ਼ਰਤ ਫੈਲਾਈ ਜਾ ਰਹੀ ਹੈ, ਇਸਦਾ ਨਮੂਨਾ ਇਹ 'ਸ਼ਰਧਾਂਜਲੀ' ਸੰਦੇਸ਼ ਹੈ: ਆਜ ਸੇ ਸ਼ੁਰੂ ਕਰੋ ਜੋ ਉਨਹੋਨੇ ਕੀਯਾ/ਨਾਮ ਪੂਛੋ, ਪੇਟ ਪਰ ਲਾਤ ਮਾਰੋ/ਨਾਮ ਪੂਛੋ, ਕਾਮ ਸੇ ਨਿਕਾਲੋ/ਨਾਮ ਪੂਛੋ, ਸਮਾਨ ਮਤ ਖ਼ਰੀਦੋ/ਨਾਮ ਪੂਛੋ, ਟੈਕਸੀ ਕੈਂਸਲ ਕਰੋ/ਨਾਮ ਪੂਛੋ, ਔਰ ਪੂਰੀ ਤਰ੍ਹਾਂ ਸੇ ਬਹਿਸ਼ਕਾਰ ਕਰੋ/ਏਕ ਸੇ ਦੋ ਹਫ਼ਤੋਂ ਕੀ ਪ੍ਰੇਸ਼ਾਨੀ ਹੋਗੀ/ਲੇਕਿਨ ਨਤੀਜੇ ਬਹੁਤ ਅੱਛੇ ਆਏਂਗੇ। ਵਪਾਰੀ 'ਬਾਬਾ' ਰਾਮਦੇਵ ਦਾ 'ਸ਼ਰਬਤ ਜਹਾਦ' ਦਾ ਬਿਆਨ ਦਰਸਾਉਂਦਾ ਹੈ ਕਿ ਮੁਸਲਮਾਨਾਂ ਨੂੰ ਬਦਨਾਮ ਕਰਨ ਲਈ ਕਿੰਨੀ ਤਰ੍ਹਾਂ ਦੇ ਭਗਵਾ ਲਸ਼ਕਰਾਂ ਨੇ ਆਪੋ ਆਪਣੇ ਮੋਰਚੇ ਮੱਲੇ ਹੋਏ ਹਨ।

ਇਹ ਕਾਂਡ ਵਾਪਰਦੇ ਸਾਰ ਹੀ ਮੋਦੀ ਸਾਊਦੀ ਅਰਬ ਦੇ ਦੌਰੇ 'ਤੋਂ ਤੁਰੰਤ ਵਾਪਸ ਆ ਗਿਆ, ਸਮੁੱਚੀ ਭਗਵਾ ਲੀਡਰਸ਼ਿੱਪ ਨੇ ਵੀ ਬਾਕੀ ਸਾਰੇ 'ਰੁਝੇਵੇਂ' ਛੱਡ ਕੇ 'ਸਰਹੱਦ ਪਾਰਲੇ ਦਹਿਸ਼ਤਵਾਦ' ਵਿਰੁੱਧ ਕਮਰ ਕੱਸ ਲਈ ਅਤੇ ਐਲਾਨ ਕਰ ਦਿੱਤਾ ਕਿ ਇਸ ਕਾਂਡ ਪਿੱਛੇ 'ਟੀ.ਆਰ.ਐੱਫ.' (ਦੀ ਰਜਿਸਟੈਂਸ ਫਰੰਟ) ਦਾ ਹੱਥ ਹੋਣ ਦਾ ਸ਼ੱਕ ਹੈ ਜੋ ਕੱਟੜ ਇਸਲਾਮਿਕ ਧੜੇ ਲਸ਼ਕਰ-ਏ-ਤਾਇਬਾ ਵੱਲੋਂ ਆਪਣੇ ਤੋਂ ਧਿਆਨ ਹਟਾਉਣ ਲਈ ਖੜ੍ਹੀ ਕੀਤੀ ਗਈ ਓਹਲਾ ਜਥੇਬੰਦੀ ਹੈ। ਮੀਡੀਆ ਰਿਪੋਰਟਾਂ ਅਨੁਸਾਰ ਚਾਰ ਜਾਂ ਛੇ 'ਦਹਿਸ਼ਤਗਰਦਾਂ' ਨੇ ਫ਼ੌਜੀ ਭੇਸ ਧਾਰ ਕੇ ਹਮਲਾ ਕੀਤਾ ਅਤੇ ਇਸ ਕਤਲੇਆਮ ਦੀ ਜ਼ਿੰਮੇਵਾਰੀ 'ਰਜ਼ਿਸਟੈਂਸ ਫਰੰਟ' ਵੱਲੋਂ ਲਈ ਗਈ ਹੈ। ਡੂੰਘਾਈ ਵਿਚ ਜਾਂਚ ਕੀਤੇ ਬਿਨਾਂ ਹੀ ਸਟੇਟ ਦੀਆਂ ਏਜੰਸੀਆਂ ਨੂੰ ਇਹ ਪਤਾ ਕਿਵੇਂ ਲੱਗ ਗਿਆ ਕਿ ਹਮਲਾ ਕਰਨ ਵਾਲੇ ਪਾਕਿਸਤਾਨੀ ਸਨ ਅਤੇ ਦੋ ਸਥਾਨਕ ਕਸ਼ਮੀਰੀਆਂ, ਅਨੰਤਨਾਗ ਦੇ ਆਦਿਲ ਗੁਰੀ ਅਤੇ ਪੁਲਵਾਮਾ ਦੇ ਅਹਿਸਾਨ, ਨੇ ਉਨ੍ਹਾਂ ਦੀ ਮੱਦਦ ਕੀਤੀ? ਇਸ ਬਹਾਨੇ ਹੁਣ ਕਸ਼ਮੀਰੀਆਂ ਦੇ ਘਰਾਂ ਉੱਪਰ ਬੁਲਡੋਜ਼ਰ ਚਲਾਉਣਾ ਸ਼ੁਰੂ ਕਰ ਦਿੱਤਾ ਗਿਆ ਹੈ, ਅਤੇ ਵੱਡੇ ਪੱਧਰ 'ਤੇ ਗ੍ਰਿਫ਼ਤਾਰੀਆਂ ਕੀਤੀਆਂ ਜਾ ਰਹੀਆਂ ਹਨ।

ਜੇ ਭਾਰਤੀ ਰਾਜ ਅਤੇ ਇਸ ਦੀਆਂ ਸੁਰੱਖਿਆ ਏਜੰਸੀਆਂ ਐਨੀਆਂ ਹੀ ਕਾਰਜ-ਕੁਸ਼ਲ ਹਨ ਕਿ ਕੁਝ ਘੰਟਿਆਂ ਵਿਚ ਹੀ ਦਹਿਸ਼ਤਵਾਦੀ ਕਾਂਡਾਂ ਲਈ ਜ਼ਿੰਮੇਵਾਰ ਤਾਕਤਾਂ ਦੀ ਸ਼ਨਾਖ਼ਤ ਕਰਨ ਦੇ ਸਮਰੱਥ ਹਨ ਤਾਂ ਪਹਿਲਗਾਮ ਜਾਂ ਪੁਲਵਾਮਾ ਵਰਗੇ ਹਮਲਿਆਂ ਨੂੰ ਰੋਕਣ ਲਈ ਅਗਾਊਂ ਕਦਮ ਕਿਉਂ ਨਹੀਂ ਚੁੱਕਦੀਆਂ? ਪੁਲਵਾਮਾ ਹਮਲੇ ਸਮੇਂ ਵੀ ਕਿਹਾ ਗਿਆ ਸੀ ਕਿ ਖ਼ੁਫੀਆ ਏਜੰਸੀਆਂ ਦੀ ਅਸਫ਼ਲਤਾ ਨਹੀਂ ਹੈ। ਫਰੰਟਲਾਈਨ ਰਸਾਲੇ ਵੱਲੋਂ ਤੱਥਾਂ ਦੀ ਛਾਣਬੀਣ ਕਰਨ 'ਤੇ ਇਹ ਸਾਹਮਣੇ ਆਇਆ ਸੀ ਕਿ ਏਜੰਸੀਆਂ ਕੋਲ ਹਮਲੇ ਦੇ ਖ਼ਦਸ਼ੇ ਦੀਆਂ 13 ਖ਼ੁਫ਼ੀਆ ਰਿਪੋਰਟਾਂ ਸਨ। ਫਿਰ ਹਮਲਾ ਕਿਵੇਂ ਹੋ ਗਿਆ। ਜੇ ਖ਼ੁਫ਼ੀਆ ਏਜੰਸੀਆਂ ਨੂੰ ਅਪ੍ਰੈਲ ਦੇ ਪਹਿਲੇ ਹਫ਼ਤੇ ਕੁਝ ਸੂਹ ਮਿਲ ਗਈ ਸੀ ਕਿ 'ਸਰਹੱਦ ਪਾਰੋਂ ਦਹਿਸ਼ਤਗਰਦਾਂ' ਨੇ ਘੁਸਪੈਠ ਕੀਤੀ ਹੈ ਅਤੇ ਉਨ੍ਹਾਂ ਵੱਲੋਂ ਕੁਝ ਹੋਟਲਾਂ ਦੀ ਛਾਣਬੀਣ ਕੀਤੀ ਗਈ ਹੈ, ਫਿਰ ਸੰਭਾਵੀ ਹਮਲੇ ਨੂੰ ਨਾਕਾਮ ਕਰਨ ਲਈ ਕੀ ਸੁਰੱਖਿਆ ਪੇਸ਼ਬੰਦੀ ਕੀਤੀ ਗਈ? ਐਨੀ ਵੱਡੀ ਗਿਣਤੀ ਵਿਚ ਗਏ ਸੈਲਾਨੀਆਂ ਨੂੰ ਮੁੱਢਲੀ ਸੁਰੱਖਿਆ ਵੀ ਮੁਹੱਈਆ ਕਿਉਂ ਨਹੀਂ ਕਰਵਾਈ ਗਈ? ਕੀ ਹਮਲੇ ਹੋਣ ਦੀ ਖੁੱਲ੍ਹ ਜਾਣ-ਬੁੱਝ ਕੇ ਦਿੱਤੀ ਜਾਂਦੀ ਹੈ ਤਾਂ ਜੋ ਲਾਸ਼ਾਂ ਉੱਪਰ ਭਾਜਪਾ ਘਿਣਾਉਣੀ ਸਿਆਸਤ ਕਰ ਸਕੇ? ਕੀ ਸਾਰਾ ਦੋਸ਼ ਪਾਕਿਸਤਾਨ ਉੱਪਰ ਮੜ੍ਹ ਕੇ ਭਗਵਾ ਹਕੂਮਤ ਜਵਾਬਦੇਹੀ ਤੋਂ ਮੁਕਤ ਹੋ ਸਕਦੀ ਹੈ? ਸਵਾਲ ਤਾਂ ਇਹ ਵੀ ਹੈ ਕਿ ਅਜਿਹੇ ਕਾਂਡ ਭਾਜਪਾ ਦੇ ਰਾਜ ਵਿਚ ਹੀ ਕਿਉਂ ਵਾਪਰਦੇ ਹਨ। ਕੀ ਅਜਿਹੇ ਕਤਲੇਆਮ 'ਹਿੰਦੂ ਅੱਤਵਾਦ' ਕਰਦੇ ਹਨ ਜਿਵੇਂ ਅਮਰੀਕਾ ਦੀ ਸਾਬਕਾ ਸੈਕਟਰੀ ਆਫ ਸਟੇਟ ਮੈਡੇਲੀਨ ਅਲਬਰਾਈਟ ਨੇ ਆਪਣੀ ਕਿਤਾਬ 'ਦੀ ਮਾਈਟੀ ਅਤੇ ਦੀ ਅਲਮਾਈਟੀ' ਦੀ ਆਦਿਕਾ ਵਿਚ ਸਾਬਕਾ ਰਾਸ਼ਟਰਪਤੀ ਬਿੱਲ ਕਲਿੰਟਨ ਦੇ ਹਵਾਲੇ ਨਾਲ ਲਿਖਿਆ ਸੀ ਕਿ ਚਿੱਠੀ ਸਿੰਘਪੁਰਾ ਵਿਚ 38 ਸਿੱਖਾਂ ਦੇ ਕਤਲੇਆਮ ਲਈ 'ਹਿੰਦੂ ਅੱਤਵਾਦੀ' ਜ਼ਿੰਮੇਵਾਰ ਹਨ?

ਗੋਦੀ ਮੀਡੀਆ ਆਪਣੀ ਖ਼ਸਲਤ ਅਨੁਸਾਰ ਅਖਾਉਤੀ ਮਾਹਰਾਂ (ਸਾਬਕਾ ਫ਼ੌਜੀ ਅਧਿਕਾਰੀਆਂ ਜਾਂ ਆਪੇ ਬਣੇ 'ਸੁਰੱਖਿਆ ਮਾਹਰਾਂ') ਨੂੰ ਸ਼ਾਮਲ ਕਰਕੇ ਇਹ ਜਨੂੰਨ ਭੜਕਾਉਣ ਵਿਚ ਸ਼ਾਮਲ ਹੈ ਅਤੇ ਪਾਕਿਸਤਾਨ ਨੂੰ ਸਬਕ ਸਿਖਾਉਣ ਲਈ ਇਕ ਹੋਰ 'ਸਰਜੀਕਲ ਸਟਰਾਈਕ' ਕਰਨ ਦੇ ਜੰਗਬਾਜ਼ ਸੱਦੇ ਦੇ ਰਿਹਾ ਹੈ। ਆਪਣੇ 23 ਅਪ੍ਰੈਲ ਦੇ ਭਾਸ਼ਣ ਵਿਚ ਮੋਦੀ ਨੇ ਪਾਕਿਸਤਾਨ ਦਾ ਨਾਂ ਲਏ ਬਗੈਰ ਸਖ਼ਤ ਤੋਂ ਸਖ਼ਤ ਸਜ਼ਾ ਦੇਣ ਅਤੇ ਦਹਿਸ਼ਤੀਆਂ ਦੇ ਸੁਰਖਿਅਤ ਅੱਡੇ ਮਿੱਟੀ 'ਚ ਮਿਲਾ ਦੇਣ ਦਾ ਵਾਅਦਾ ਕੀਤਾ ਹੈ। ਮੋਦੀ-ਸ਼ਾਹ ਵਜ਼ਾਰਤ ਨੇ ਪਾਕਿਸਤਾਨ ਨੂੰ ਸਬਕ ਸਿਖਾਉਣ ਲਈ ਪੁਰਾਣੇ ਸਮਝੌਤੇ ਤਹਿਤ ਜਾ ਰਿਹਾ ਦਰਿਆਈ ਪਾਣੀ ਬੰਦ ਕਰਨ, ਪਾਕਿਸਤਾਨੀ ਦੂਤਾਵਾਸ ਦੇ ਅਧਿਕਾਰੀਆਂ ਅਤੇ ਪਾਕਿਸਤਾਨੀ ਨਾਗਰਿਕਾਂ ਨੂੰ ਭਾਰਤ ਵਿਚੋਂ ਨਿਕਲ ਜਾਣ ਵਰਗੇ ਆਦੇਸ਼ ਦੇ ਕੇ ਅਤੇ ਪਾਕਿਸਤਾਨੀ ਯੂ ਟਿਊਬ ਚੈਨਲਾਂ ਉੱਪਰ ਪਾਬੰਦੀ ਲਾ ਕੇ ਆਪਣੇ ਰਾਸ਼ਟਰਵਾਦੀ ਵੋਟ ਬੈਂਕ ਨੂੰ ਇਹ ਸੰਦੇਸ਼ ਦੇਣ ਦੀ ਕੋਸ਼ਿਸ਼ ਕੀਤੀ ਹੈ ਕਿ ਸਰਕਾਰ ਇਸ ਕਾਂਡ ਲਈ ਜ਼ਿੰਮੇਵਾਰ ਤਾਕਤਾਂ ਨਾਲ ਸਖ਼ਤੀ ਨਾਲ ਨਜਿੱਠਣ ਲਈ ਦ੍ਰਿੜ ਹੈ। ਨਿਰਸੰਦੇਹ ਪਾਕਿਸਤਾਨੀ ਰਾਜ ਕੱਟੜ ਇਸਲਾਮੀ ਤਾਕਤਾਂ ਦੀ ਪੁਸ਼ਤਪਨਾਹੀ ਕਰਦਾ ਹੈ। ਪਾਕਿਸਤਾਨੀ ਹਕੂਮਤ ਨੂੰ ਠੋਸ ਸਬੂਤਾਂ ਨਾਲ ਕੌਮਾਂਤਰੀ ਪੱਧਰ 'ਤੇ ਨਿਖੇੜਨ ਦੀ ਬਜਾਏ ਇਹ ਜੰਗਬਾਜ਼ ਪੈਂਤੜਾ ਦੋਹਾਂ ਮੁਲਕਾਂ ਦੇ ਸੰਬੰਧ ਹੋਰ ਵਿਗਾੜਨ ਵਾਲਾ ਹੈ। ਜਿੱਥੋਂ ਤੱਕ ਦਰਿਆਈ ਪਾਣੀਆਂ ਦਾ ਸਵਾਲ ਹੈ, ਪਾਕਿਸਤਾਨ ਦਾ ਸਿੰਜਾਈ ਪ੍ਰਬੰਧ ਜ਼ਿਆਦਾਤਰ ਦਰਿਆਈ ਪਾਣੀਆਂ ਉੱਪਰ ਨਿਰਭਰ ਹੋਣ ਕਾਰਨ ਇਸ ਨਾਲ ਲੰਮੇ ਸਮੇਂ 'ਚ ਉੱਥੋਂ ਦੇ ਲੋਕਾਂ ਨੂੰ ਕਾਫ਼ੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਪਰ ਮਾਹਰਾਂ ਅਨੁਸਾਰ ਫੌਰੀ ਤੌਰ 'ਤੇ ਇਸਦਾ ਪਾਕਿਸਤਾਨ ਨੂੰ ਜਾ ਰਹੇ ਪਾਣੀ ਉੱਪਰ ਕੋਈ ਖ਼ਾਸ ਅਸਰ ਨਹੀਂ ਪਵੇਗਾ। ਅਜਿਹੇ ਕਦਮਾਂ ਨਾਲ ਦੋਹਾਂ ਮੁਲਕਾਂ ਦੇ ਸੰਬੰਧ ਹੋਰ ਖਰਾਬ ਹੋਣਗੇ ਅਤੇ ਆਮ ਲੋਕਾਂ ਨੂੰ ਹੋਰ ਜ਼ਿਆਦਾ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਵੇਗਾ।

ਜੰਮੂ-ਕਸ਼ਮੀਰ ਨੂੰ ਦਹਾਕਿਆਂ ਤੋਂ ਫ਼ੌਜੀ ਛਾਉਣੀ ਬਣਾਏ ਹੋਣ ਦੇ ਬਾਵਜੂਦ ਪੂਰਾ ਸੁਰੱਖਿਆ ਅਤੇ ਸੂਹੀਆਤੰਤਰ ਸੈਲਾਨੀਆਂ ਨੂੰ ਸੁਰੱਖਿਆ ਦੇਣ 'ਚ ਅਸਫ਼ਲ ਕਿਉਂ ਰਿਹਾ? ਇਸ ਲਈ ਕੌਣ ਜ਼ਿੰਮੇਵਾਰ ਹੈ, ਪਾਕਿਸਤਾਨ ਨੂੰ ਸਬਕ ਸਿਖਾਉਣ ਦੇ ਐਲਾਨਾਂ ਦੇ ਕੰਨ-ਪਾੜਵੇਂ ਸ਼ੋਰ ਹੇਠ ਇਨ੍ਹਾਂ ਸਵਾਲਾਂ ਨੂੰ ਦਬਾਇਆ ਜਾ ਰਿਹਾ ਹੈ। ਇਸ ਬੇਹੱਦ ਸੰਵੇਦਨਸ਼ੀਲ ਮੌਕੇ 'ਤੇ ਕੱਟੜ ਇਸਲਾਮਿਕ ਦਹਿਸ਼ਤਵਾਦੀ ਗਰੁੱਪਾਂ ਨੂੰ ਪਾਲਣ-ਪੋਸਣ 'ਚ ਅਤੇ ਕਸ਼ਮੀਰ ਮਸਲੇ ਨੂੰ ਆਪਣੇ ਸੌੜੇ ਮੁਫ਼ਾਦਾਂ ਲਈ ਵਰਤਣ 'ਚ ਪਾਕਿਸਤਾਨ ਦੀ ਹੁਕਮਰਾਨ ਜਮਾਤ ਦੀ ਲੋਕ-ਦੁਸ਼ਮਣ ਭੂਮਿਕਾ ਦੀ ਗੱਲ ਕਰਦਿਆਂ ਸਾਨੂੰ ਭਾਰਤੀ ਹਾਕਮ ਜਮਾਤ ਵੱਲੋਂ ਕਸ਼ਮੀਰੀ ਲੋਕਾਂ ਨਾਲ ਦਹਾਕਿਆਂ ਤੋਂ ਕੀਤੀ ਜਾ ਰਹੀਆਂ ਵਧੀਕੀਆਂ, ਅਤੇ ਖ਼ਾਸ ਕਰਕੇ ਆਰ.ਐੱਸ.ਐੱਸ.-ਭਾਜਪਾ ਹਕੂਮਤ ਵੱਲੋਂ ਸਮੁੱਚੇ ਕਸ਼ਮੀਰ ਨੂੰ ਖੁੱਲ੍ਹੀ ਜੇਲ੍ਹ ਵਿਚ ਬਦਲ ਕੇ ਕਸ਼ਮੀਰ ਦੀ ਨਿਆਰੀ ਹਸਤੀ ਮਿਟਾਉਣ ਦੀ ਨੀਤੀ ਨੂੰ ਹਰਗਿਜ਼ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ ਜਿਸਨੇ ਕਸ਼ਮੀਰੀਆਂ ਨੂੰ ਹੋਰ ਜ਼ਿਆਦਾ ਬੇਗਾਨਗੀ ਅਤੇ ਅਲਹਿਦਗੀ ਵੱਲ ਧੱਕਿਆ ਹੈ।

ਅਜਿਹੇ ਕਾਂਡਾਂ ਪਿੱਛੇ ਪਾਕਿਸਤਾਨ ਦਾ ਹੱਥ ਹੋਣ ਦਾ ਬਿਰਤਾਂਤ ਸਿਰਜ ਕੇ ਭਗਵਾ ਹਕੂਮਤ ਜਵਾਬਦੇਹੀ ਤੋਂ ਬਚ ਨਹੀਂ ਸਕਦੀ। ਨਾ ਮੋਦੀ-ਸ਼ਾਹ ਵਜ਼ਾਰਤ ਨੇ ਮਨੀਪੁਰ ਦੇ ਕਤਲੇਆਮ 'ਚ ਆਪਣੀ ਨੀਤੀ ਦੀ ਭੂਮਿਕਾ ਨੂੰ ਸਵੀਕਾਰਿਆ, ਨਾ ਹੁਣ ਇਹ ਆਪਣੀ ਕਸ਼ਮੀਰ ਨੀਤੀ ਵੱਲੋਂ ਮਚਾਈ ਤਬਾਹੀ ਦੀ ਜ਼ਿੰਮੇਵਾਰੀ ਲੈਣਗੇ। ਭਾਜਪਾ ਆਗੂਆਂ ਨੇ ਸੁਰੱਖਿਆ 'ਚ ਕੋਤਾਹੀ ਦਾ ਠੀਕਰਾ ਕਸ਼ਮੀਰ ਸਰਕਾਰ ਸਿਰ ਭੰਨਣ ਦੀ ਕੋਸ਼ਿਸ਼ ਵੀ ਕੀਤੀ ਜਦਕਿ ਇਹ ਜੱਗ ਜ਼ਾਹਰ ਹੈ ਕਿ 2019 'ਤੋਂ ਲੈ ਕੇ ਜੰਮੂ-ਕਸ਼ਮੀਰ ਦੇ ਪ੍ਰਸ਼ਾਸਨ ਦਾ ਸੰਚਾਲਨ ਕੇਂਦਰ ਸਰਕਾਰ ਵੱਲੋਂ ਥੋਪੇ ਨੌਕਰਸ਼ਾਹ ਕਰ ਰਹੇ ਹਨ। ਪੰਜ ਸਾਲ ਤੋਂ ਇਹ ਸਰਕਾਰ ਦਾਅਵਾ ਕਰ ਰਹੀ ਹੈ ਕਿ 2019 'ਚ ਜੰਮੂ-ਕਸ਼ਮੀਰ ਦਾ ਵਿਸ਼ੇਸ਼ ਦਰਜਾ ਖ਼ਤਮ ਕਰਕੇ ਅਤੇ ਦਹਿਸ਼ਤਵਾਦ ਦਾ ਲੱਕ ਤੋੜ ਕੇ ਇਸਨੇ ਕਸ਼ਮੀਰ ਦਾ ਮਸਲਾ 'ਹਮੇਸ਼ਾ ਲਈ ਹੱਲ' ਕਰ ਦਿੱਤਾ ਹੈ ਅਤੇ ਕਸ਼ਮੀਰ ਵਿਚ ਸ਼ਾਂਤੀ ਅਤੇ ਤਰੱਕੀ ਦਾ ਨਵਾਂ ਯੁਗ ਸ਼ੁਰੂ ਹੋ ਗਿਆ ਹੈ। ਹਿੰਦੂ ਰਾਸ਼ਟਰਵਾਦ ਦੇ ਜ਼ਹਿਰੀਲੇ ਪ੍ਰਚਾਰ ਦੇ ਡੰਗੇ ਅਤੇ ਇਨ੍ਹਾਂ ਹਕੂਮਤੀ ਦਾਅਵਿਆਂ ਨਾਲ ਨਸ਼ਿਆਏ ਹਿੰਦੂ ਜਨੂੰਨੀ ਟੋਲੇ ਕਸ਼ਮੀਰੀਆਂ ਨੂੰ ਜ਼ਲੀਲ ਕਰਨ ਲਈ ਸੋਸ਼ਲ ਮੀਡੀਆ ਉੱਪਰ ਇਹ ਜਸ਼ਨੀਂ ਐਲਾਨ ਕਰਦੇ ਦੇਖੇ ਗਏ ਕਿ ਹੁਣ ਉਹ ਕਸ਼ਮੀਰ ਘਾਟੀ 'ਚ ਜਾ ਕੇ ਪਲਾਟ ਖ਼ਰੀਦ ਸਕਣਗੇ ਅਤੇ ਕਸ਼ਮੀਰੀਅ ਕੁੜੀਆਂ ਨਾਲ ਵਿਆਹ ਕਰਾਉਣਗੇ। ਸੰਘ ਬਰਗੇਡ, ਜੋ ਆਰਥਕ-ਸਮਾਜਿਕ ਬੇਚੈਨੀ 'ਚੋਂ ਪੈਦਾ ਹੋਏ ਹਰ ਮਸਲੇ ਨੂੰ 'ਰਾਸ਼ਟਰੀ ਸੁਰੱਖਿਆ' ਦਾ ਮਸਲਾ ਬਣਾ ਕੇ ਸਟੇਟ ਦੀ ਹਥਿਆਰਬੰਦ ਤਾਕਤ ਦੇ ਜ਼ੋਰ ਕੁਚਲਣ ਦਾ ਸ਼ੁਕੀਨ ਹੈ, ਵੱਲੋਂ ਲਿਆਂਦੀ 'ਸ਼ਾਂਤੀ' ਦੇ ਭਰਮਾਏ ਸੈਲਾਨੀਆਂ ਨੂੰ ਇਸਦਾ ਮੁੱਲ ਆਪਣੀਆਂ ਜਾਨਾਂ ਗਵਾ ਕੇ ਤਾਰਨਾ ਪਿਆ ਹੈ। ਹਜ਼ਾਰਾਂ ਸੈਲਾਨੀਆਂ ਦੀ ਸੁਰੱਖਿਆ ਲਈ ਉੱਥੇ ਨੇੜੇ-ਤੇੜੇ ਵੀ ਕੋਈ ਸੁਰੱਖਿਆ ਟੁਕੜੀ ਨਹੀਂ ਸੀ। ਪਿਛਲੇ ਸਮੇਂ 'ਚ ਆਮ ਲੋਕਾਂ ਉੱਪਰ 'ਦਹਿਸ਼ਤਵਾਦੀ' ਹਮਲੇ ਵਧੇ ਹਨ। ਸੈਲਾਨੀਆਂ ਦਾ ਕਤਲੇਆਮ ਉਨ੍ਹਾਂ ਹਮਲਿਆਂ ਦੀ ਅਗਲੀ ਕੜੀ ਹੈ। ਕੀ ਇਸਦੀ ਮੁੱਖ ਜ਼ਿੰਮੇਵਾਰ ਆਰ.ਐੱਸ.ਐੱਸ. ਨਹੀਂ ਹੈ, ਜਿਸਨੇ ਸੈਲਾਨੀਆਂ ਨੂੰ ਗੁੰਮਰਾਹ ਕਰਕੇ ਖ਼ਤਰੇ ਦੇ ਮੂੰਹ ਧੱਕਿਆ, ਜਾਂ ਜਾਣ-ਬੁੱਝ ਕੇ ਉੱਥੋਂ ਸੁਰੱਖਿਆ ਹਟਾ ਦਿੱਤੀ ਤਾਂ ਜੋ ਅਜਿਹਾ ਕੋਈ ਕਾਂਡ ਵਾਪਰਨ ਦੀ ਸੂਰਤ 'ਚ ਇਸਦਾ ਲਾਹਾ ਲਿਆ ਜਾ ਸਕੇ?

ਹਰ ਅਮਨਪਸੰਦ ਇਨਸਾਨ ਚਾਹੁੰਦਾ ਹੈ ਕਿ ਅਜਿਹੇ ਘਿਣਾਉਣੇ ਜੁਰਮ ਕਰਨ ਵਾਲਿਆਂ ਨੂੰ ਸਖ਼ਤ ਸਜ਼ਾ ਮਿਲੇ ਅਤੇ ਇਸ ਪਿੱਛੇ ਕੰਮ ਕਰਦੀਆਂ ਇਨਸਾਨੀਅਤ ਵਿਰੋਧੀ ਤਾਕਤਾਂ ਦੇ ਖ਼ੂਨੀ ਚਿਹਰੇ ਬੇਪਰਦ ਹੋਣ। ਸਭ ਨੂੰ ਪਤਾ ਹੈ ਕਿ ਚਾਹੇ ਚਿੱਠੀਸਿੰਘ ਪੁਰਾ ਹੋਵੇ, ਗੋਧਰਾ ਅੱਗਜ਼ਨੀ ਕਾਂਡ, ਪਾਰਲੀਮੈਂਟ ਉੱਪਰ ਹਮਲਾ ਹੋਵੇ ਜਾਂ ਪੁਲਵਾਮਾ, ਭਾਜਪਾ ਦੇ ਰਾਜ ਵਿਚ ਹੋਏ ਕਿਸੇ ਵੀ ਕਤਲੇਆਮ ਦੀ ਸਹੀ ਜਾਂਚ ਨਹੀਂ ਕਰਵਾਈ ਜਾਂਦੀ। ਹੁਣ ਵੀ ਇਹੀ ਵਾਪਰੇਗਾ। ਇਸ ਕਤਲੇਆਮ ਦਾ ਰਾਜਨੀਤਕ ਲਾਹਾ ਲਿਆ ਜਾਵੇਗਾ ਅਤੇ ਫਿਰ ਭਗਵਾ ਬਰਗੇਡ ਮੁਸਲਮਾਨਾਂ/ਕਸ਼ਮੀਰੀਆਂ ਵਿਰੁੱਧ ਕੋਈ ਹੋਰ ਮੁੱਦਾ ਖੜ੍ਹਾ ਕਰ ਲਵੇਗਾ। ਪਰ ਜੋ ਮਾਰੇ ਗਏ, ਉਨ੍ਹਾਂ ਨੂੰ ਨਿਆਂ ਦੇਣ ਦਾ ਸਵਾਲ ਅਤੇ ਅਸਲ ਮੁਜਰਮਾਂ ਨੂੰ ਬੇਪਰਦ ਕਰਨ ਦਾ ਸਵਾਲ ਪਹਿਲਾਂ ਵਾਂਗ ਹੀ ਬੇ-ਹੱਲ ਰਹੇਗਾ। ਅਜਿਹਾ ਜ਼ਹਿਰੀਲਾ ਜੰਗਬਾਜ਼ ਪ੍ਰਚਾਰ ਭਾਰਤ ਅਤੇ ਪਾਕਿਸਤਾਨ ਦੋਹਾਂ ਹਕੂਮਤਾਂ ਨੂੰ ਰਾਸ ਆਉਂਦਾ ਹੈ। 'ਰਾਸ਼ਟਰੀ ਹਿਤ' ਦੋਹਾਂ ਹਕੂਮਤਾਂ ਲਈ ਆਪੋ-ਆਪਣੇ ਮੁਲਕ ਦੇ ਆਰਥਕ ਤੇ ਹੋਰ ਮਸਲਿਆਂ 'ਤੋਂ ਧਿਆਨ ਭਟਕਾਉਣ ਲਈ ਬਹੁਤ ਕਾਰਗਰ ਸੰਦ ਹੈ ਅਤੇ ਇਸ ਨੂੰ ਬਖ਼ੂਬੀ ਵਰਤਿਆ ਜਾ ਰਿਹਾ ਹੈ।

ਮੀਡੀਆ ਰਿਪੋਰਟਾਂ ਅਤੇ ਸੋਸ਼ਲ ਮੀਡੀਆ ਪੋਸਟਾਂ 'ਤੋਂ ਸਪਸ਼ਟ ਹੈ ਕਿ ਇਸ ਕਾਂਡ ਤੋਂ ਬਾਅਦ ਕਸ਼ਮੀਰੀਆਂ ਨੇ ਜ਼ਖ਼ਮੀ ਅਤੇ ਹੋਰ ਸੈਲਾਨੀਆਂ ਦੀ ਕਿੰਨੀ ਡੂੰਘੀ ਹਮਦਰਦੀ ਨਾਲ ਮੱਦਦ ਕੀਤੀ ਅਤੇ ਉਹ ਕਿੰਨੀ ਵੱਡੀ ਗਿਣਤੀ 'ਚ ਸੜਕਾਂ 'ਤੇ ਆ ਕੇ ਇਸ ਕਤਲੇਆਮ ਦਾ ਵਿਰੋਧ ਕਰ ਰਹੇ ਹਨ। ਸੈਲਾਨੀਆਂ ਨੇ ਕਸ਼ਮੀਰੀਆਂ ਦੀ ਮਹਿਮਾਨਨਿਵਾਜ਼ੀ ਅਤੇ ਇਸ ਸੰਕਟ ਦੀ ਘੜੀ ਦਿਖਾਈ ਇਨਸਾਨੀਅਤ ਨੂੰ ਬੇਹੱਦ ਸਲਾਹਿਆ ਹੈ। ਇਸਦੇ ਬਾਵਜੂਦ, ਸੰਘ ਪਰਿਵਾਰ ਅਤੇ ਇਸਦਾ ਪ੍ਰਚਾਰਤੰਤਰ ਕਸ਼ਮੀਰੀਆਂ ਵਿਰੁੱਧ ਨਫ਼ਰਤ ਫੈਲਾਉਣ ਲਈ ਪੂਰੀ ਬੇਸ਼ਰਮੀਂ ਨਾਲ ਸਰਗਰਮ ਹੈ। ਸੋਸ਼ਲ ਮੀਡੀਆ ਉੱਪਰ ਜਿਨਸੀ ਹਿੰਸਾ ਵਾਲੇ ਸੰਦੇਸ਼ਾਂ ਦੀ ਭਰਮਾਰ ਹੈ। ਨਤੀਜੇ ਵੀ ਸਪਸ਼ਟ ਹਨ। ਮੁਲਕ ਦੇ ਵੱਖ-ਵੱਖ ਹਿੱਸਿਆਂ 'ਚੋਂ ਕਸ਼ਮੀਰੀ ਵਿਦਿਆਰਥੀਆਂ ਉੱਪਰ ਹਮਲਿਆਂ ਦੀਆਂ ਬੇਹੱਦ ਚਿੰਤਾਜਨਕ ਰਿਪੋਰਟਾਂ ਆ ਰਹੀਆਂ ਹਨ। ਪੁਲਵਾਮਾ ਹਮਲੇ 'ਤੋਂ ਬਾਅਦ ਵੀ ਭਾਰਤ ਦੇ ਵੱਖ-ਵੱਖ ਹਿੱਸਿਆਂ ਵਿਚ ਕਸ਼ਮੀਰੀਆਂ ਨੂੰ ਜਿਸਮਾਨੀ ਹਮਲਿਆਂ, ਮਕਾਨ ਖਾਲੀ ਕਰਨ ਦੀਆਂ ਧਮਕੀਆਂ ਅਤੇ ਹੋਰ ਜ਼ੁਲਮਾਂ ਦਾ ਸਾਹਮਣਾ ਕਰਨਾ ਪਿਆ ਸੀ ਅਤੇ ਉਨ੍ਹਾਂ ਉੱਪਰ ਗ਼ਦਾਰ ਅਤੇ ਦਹਿਸ਼ਤਗਰਦ ਦਾ ਠੱਪਾ ਲਾਇਆ ਗਿਆ ਸੀ। ਹੁਣ ਵੀ ਉਸੇ ਤਰ੍ਹਾਂ ਦੀ ਮੁਹਿੰਮ ਸ਼ੁਰੂ ਕਰ ਦਿੱਤੀ ਗਈ ਹੈ। ਸ੍ਰੀਨਗਰ ਆਧਾਰਤ ਵਿਦਿਆਰਥੀ ਜਥੇਬੰਦੀ, ਜੰਮੂ-ਕਸ਼ਮੀਰ ਸਟੂਡੈਂਟਸ ਐਸੋਸੀਏਸ਼ਨ ਦੇ ਅਹੁਦੇਦਾਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਪੰਜਾਬ, ਹਿਮਾਚਲ ਪ੍ਰਦੇਸ਼, ਉੱਤਰ ਪ੍ਰਦੇਸ਼, ਉੱਤਰਾਖੰਡ ਅਤੇ ਜੰਮੂ ਵਿਚੋਂ ਕਸ਼ਮੀਰੀ ਵਿਦਿਆਰਥੀਆਂ, ਖ਼ਾਸ ਕਰਕੇ ਲੜਕੀਆਂ ਦੇ ਰੋਜ਼ਾਨਾ 600 ਤੋਂ ਲੈ ਕੇ 700 ਫੋਨ ਆ ਰਹੇ ਹਨ। ਆਪਣੇ ਬਚਾਅ ਲਈ ਉਨ੍ਹਾਂ ਨੇ ਖ਼ੁਦ ਨੂੰ ਹੋਸਟਲਾਂ ਜਾਂ ਕਿਰਾਏ ਦੇ ਕਮਰਿਆਂ ਵਿਚ ਬੰਦ ਕਰ ਲਿਆ ਹੈ। ਫਿਰਕੂ ਅਨਸਰ ਉਨ੍ਹਾਂ ਦੇ ਦਰਵਾਜ਼ੇ ਭੰਨਦੇ ਹੋਏ ਗੰਦੀਆਂ ਗਾਹਲਾਂ ਕੱਢਦੇ ਹਨ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਦਿੰਦੇ ਹਨ। ਇਨ੍ਹਾਂ ਧਮਕੀਆਂ ਤੋਂ ਭੈਭੀਤ ਇਹ ਲੜਕੀਆਂ ਸੁਰੱਖਿਆ ਲਈ ਮੱਦਦ ਦੀ ਮੰਗ ਕਰਦੀਆਂ ਹਨ। ਦਿੱਲੀ ਦੇ ਕੁਝ ਨਿਊਜ਼ ਰੂਮਾਂ ਵਿਚ ਵੀ ਕਸ਼ਮੀਰੀ ਪੱਤਰਕਾਰਾਂ ਨੂੰ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਕਰਨ ਦੀਆਂ ਰਿਪੋਰਟਾਂ ਹਨ।

ਭਾਰਤ ਦੇ ਲੋਕਾਂ ਨੂੰ ਜ਼ਹਿਰੀਲੇ ਰਾਸ਼ਟਰਵਾਦੀ ਪ੍ਰਚਾਰ ਦੇ ਵਹਿਣ 'ਚ ਵਗਣ ਦੀ ਬਜਾਏ ਅਜਿਹੀ ਨਾਜ਼ੁਕ ਘੜੀ ਅਤਿਅੰਤ ਸੂਝ ਤੋਂ ਕੰਮ ਲੈਂਦਿਆਂ ਭਾਜਪਾ-ਸੰਘ ਦੀ ਪਾਟਕ-ਪਾਊ ਸਿਆਸਤ ਤੋਂ ਬਚਣਾ ਚਾਹੀਦਾ ਹੈ ਅਤੇ ਨਿਰਪੱਖ ਕੌਮਾਂਤਰੀ ਜਾਂਚ ਲਈ ਦਬਾਅ ਪਾਉਣਾ ਚਾਹੀਦਾ ਹੈ ਤਾਂ ਜੋ ਇਹ ਸਾਹਮਣੇ ਆਵੇ ਕਿ ਇਸ ਵਿਚ ਗੁਆਂਢੀ ਪਾਕਿਸਤਾਨ ਸਰਕਾਰ ਦਾ ਕਿੰਨਾ ਹੱਥ ਹੈ ਅਤੇ ਇਸ ਵਿਚ ਭਾਜਪਾ ਦੇ ਕਸ਼ਮੀਰ ਨੀਤੀ ਦੀ ਕੀ ਭੂਮਿਕਾ ਹੈ।

---

# ਯੁੱਧ ਦਾ ਵਿਰੋਧ ਅਤੇ ਦੇਸ਼ਧ੍ਰੋਹ ਵਿਚਕਾਰ ਫ਼ਰਕ

ਮੈਂ ਉਨ੍ਹਾਂ ਸਰਹੱਦਾਂ ਨੂੰ ਨਹੀਂ ਮੰਨਦਾ ਜਿਹੜੀਆਂ ਸਰਹੱਦਾਂ ਦੇ ਆਰ-ਪਾਰ ਦੇ ਹਾਕਮਾਂ ਨੇ ਇਸ ਮਿੱਥ ਦਾ ਐਲਾਨ ਕੀਤਾ ਕਿ ਇਹ ਦੇਸ਼ ਇਕ ਦੂਜੇ ਦੇ ਦੁਸ਼ਮਣ ਹਨ। ਕਿਸੇ ਵੀ ਦੇਸ਼ ਵਿਚ ਨਾਗਰਿਕਤਾ ਸਿਰਫ਼ ਕਾਨੂੰਨੀ ਦਾਇਰੇ ਦੀ ਪਛਾਣ ਨਹੀਂ ਹੁੰਦੀ, ਇਹ ਮਨੁੱਖੀ ਜ਼ਿੰਮੇਵਾਰੀ, ਆਦਰਸ਼ ਅਤੇ ਚੇਤਨਾ ਨਾਲ ਵੀ ਜੁੜੀ ਹੁੰਦੀ ਹੈ।

ਇਤਿਹਾਸ ਦੇ ਪੰਨਿਆਂ 'ਤੇ ਅਨੇਕਾਂ ਉਦਾਹਰਣਾਂ ਮਿਲਦੀਆਂ ਹਨ ਜਿੱਥੇ ਨਾਗਰਿਕਾਂ ਨੇ ਆਪਣੇ ਦੇਸ਼ ਦੀ ਸਰਕਾਰ ਜਾਂ ਨੀਤੀਆਂ ਦੇ ਵਿਰੁੱਧ ਆਵਾਜ਼ ਚੁੱਕੀ, ਪਰੰਤੂ ਉਹ ਆਪਣੇ ਦੇਸ਼ ਨਾਲ ਨਹੀਂ, ਸਗੋਂ ਵੱਧ ਵਫ਼ਾਦਾਰੀ ਨਾਲ ਜੁੜੇ ਰਹੇ। ਇਸ ਪ੍ਰਸੰਗ ਵਿਚ, ਜਦੋਂ ਕੋਈ ਨਾਗਰਿਕ ਆਪਣੇ ਦੇਸ਼ ਦੁਆਰਾ ਸਮਝੇ ਜਾਂਦੇ ਦੁਸ਼ਮਣ ਦੇਸ਼ ਦੇ ਨਾਲ ਯੁੱਧ ਦਾ ਵਿਰੋਧ ਕਰਦਾ ਹੈ, ਤਾਂ ਸਵਾਲ ਉਠਦਾ ਹੈ ਕਿ ਕੀ ਉਹ ਦੇਸ਼ਧ੍ਰੋਹੀ ਹੈ?

ਯੁੱਧ ਦਾ ਵਿਰੋਧ ਆਮ ਤੌਰ 'ਤੇ ਅਹਿੰਸਾ, ਮਨੁੱਖੀ ਅਧਿਕਾਰਾਂ, ਜਾਂ ਨੈਤਿਕਤਾ ਦੇ ਆਦਰਸ਼ਾਂ ਉੱਤੇ ਆਧਾਰਤ ਹੁੰਦਾ ਹੈ। ਮਨੁੱਖੀ ਇਤਿਹਾਸ ਨੇ ਸਿਖਾਇਆ ਹੈ ਕਿ ਹਮੇਸ਼ਾ ਹਿੰਸਾ ਹੀ ਸਮੱਸਿਆਵਾਂ ਦਾ ਹੱਲ ਨਹੀਂ ਹੁੰਦੀ। ਬਹੁਤ ਵਾਰ, ਨਾਗਰਿਕ ਸੰਘਰਸ਼ ਅਤੇ ਜੰਗ ਨੂੰ ਮਨੁੱਖਤਾ ਲਈ ਵਿਨਾਸ਼ਕਾਰੀ ਸਮਝਦੇ ਹੋਏ ਵਿਰੋਧ ਕਰਦੇ ਹਨ। ਉਨ੍ਹਾਂ ਦੀ ਆਵਾਜ਼ ਲੋਕਤੰਤਰ ਦੀ ਖ਼ੂਬਸੂਰਤੀ ਅਤੇ ਨੈਤਿਕ ਅਜ਼ਾਦੀ ਦਾ ਇਜ਼ਹਾਰ ਹੁੰਦੀ ਹੈ। ਅਜਿਹਾ ਵਿਅਕਤੀ, ਜੇਕਰ ਸਿਰਫ਼ ਸਵੈ-ਵਿਚਾਰ ਅਤੇ ਅਹਿੰਸਕ ਢੰਗ ਨਾਲ ਯੁੱਧ ਦਾ ਵਿਰੋਧ ਕਰ ਰਿਹਾ ਹੈ, ਤਾਂ ਉਹ ਕਦੇ ਵੀ ਦੇਸ਼ਧ੍ਰੋਹੀ ਨਹੀਂ ਕਿਹਾ ਜਾ ਸਕਦਾ। ਦੇਸ਼ਧ੍ਰੋਹ ਇੱਕ ਵਿਅਕਤੀ ਦੀ ਐਸੀ ਕਰਵਾਈ ਹੈ ਜਿਸ ਨਾਲ ਉਹ ਸਿੱਧਾ ਆਪਣੇ ਦੇਸ਼ ਦੇ ਨੁਕਸਾਨ ਜਾਂ ਸ਼ਤਰੂ ਦੀ ਮਦਦ ਕਰਦਾ ਹੈ। ਜਿਵੇਂ ਰਾਜ ਦੀ ਗੁਪਤ ਜਾਣਕਾਰੀ ਲੀਕ ਕਰਨਾ, ਦੁਸ਼ਮਣ ਦੇਸ਼ ਦੀ ਖ਼ੁਫ਼ੀਆ ਮਦਦ ਕਰਨਾ ਜਾਂ ਸੈਨਾ ਦੀ ਕਮਜ਼ੋਰੀ ਨੂੰ ਉਜਾਗਰ ਕਰਨਾ ਆਦਿ। ਅਸਲ ਵਿੱਚ, ਦੇਸ਼ਧ੍ਰੋਹੀ ਹਮੇਸ਼ਾ ਵਿਅਕਤੀ ਦੀ ਨੀਅਤ ਅਤੇ ਕਿਰਿਆਸ਼ੀਲਤਾ ਤੋਂ ਪੈਦਾ ਹੁੰਦਾ ਹੈ, ਨਾ ਕਿ ਉਸਦੇ ਵਿਚਾਰਾਂ ਤੋਂ।

ਇਸ ਤਰ੍ਹਾਂ, ਜੇਕਰ ਕੋਈ ਵਿਅਕਤੀ ਯੁੱਧ ਨੂੰ ਨੈਤਿਕ ਅਧਾਰਾਂ ਉੱਤੇ ਗ਼ਲਤ ਸਮਝਦਾ ਹੈ ਅਤੇ ਸੰਵੇਦਨਸ਼ੀਲਤਾ ਨਾਲ ਉਸਦਾ ਵਿਰੋਧ ਕਰਦਾ ਹੈ, ਪਰ ਆਪਣੇ ਦੇਸ਼ ਨੂੰ ਕਦੇ ਨੁਕਸਾਨ ਨਹੀਂ ਪਹੁੰਚਾਉਂਦਾ, ਤਾਂ ਉਹ ਦੇਸ਼ਪ੍ਰੇਮੀ ਹੈ। ਇਕ ਹੋਰ ਤਰੀਕੇ ਨਾਲ। ਕਈ ਵਾਰੀ, ਅਜਿਹੀ ਆਵਾਜ਼ ਸਮਾਜ ਨੂੰ ਸੰਤੁਲਨ ਅਤੇ ਨੈਤਿਕ ਦਿਸ਼ਾ ਵੱਲ ਲੈ ਜਾਂਦੀ ਹੈ। ਦੇਸ਼ਪ੍ਰੇਮ ਦੀ ਪਰਿਭਾਸ਼ਾ ਸਿਰਫ਼ ਅੰਨ੍ਹੇ ਅਨੁਸਰਨ ਵਿਚ ਨਹੀਂ, ਸਗੋਂ ਚੁਸਤ ਚੇਤਨਾ, ਨੈਤਿਕਤਾ ਅਤੇ ਦੂਰਦਰਸ਼ਤਾ ਵਿਚ ਹੈ। ਯੁੱਧ ਦੀ ਨਿਰਪੱਖ ਸਮੀਖਿਆ ਕਰਨਾ ਅਤੇ ਵਿਰੋਧ ਕਰਨਾ, ਨਾਗਰਿਕਤਾ ਦੀ ਉੱਚਤਮ ਪ੍ਰਿੱਖਿਆ ਹੈ, ਜੋ ਕਿ ਮਨੁੱਖਤਾ ਅਤੇ ਦੇਸ਼ ਦੋਹਾਂ ਪ੍ਰਤੀ ਸੱਚੀ ਵਫ਼ਾਦਾਰੀ ਦਾ ਪ੍ਰਮਾਣ ਹੈ। ***-ਮਦਨਦੀਪ ਸਿੰਘ***

## ਨਿਰਵਿਘਨ ਪ੍ਰਕਾਸ਼ਨ ਦੇ 26ਵੇਂ ਸਾਲ 'ਚ (ਪਹਿਲੀ ਜਨਵਰੀ 2000-2025)

ਪੰਜਾਬ ਟਾਈਮਜ਼ ਦੇ ਬਾਨੀ ਸੰਪਾਦਕ ਸ. ਅਮੋਲਕ ਸਿੰਘ ਜੰਮੂ ਅਤੇ ਉਨ੍ਹਾਂ ਦੇ ਸਹਿਯੋਗੀ ਸਾਥੀਆਂ ਪ੍ਰੋ. ਜੋਗਿੰਦਰ ਸਿੰਘ ਰਮਦੇਵ, ਸਵਰਨਜੀਤ ਸਿੰਘ ਢਿੱਲੋਂ, ਗੁਰਿੰਦਰ ਗਿੱਲ, ਅਯੋਧਿਆ ਸਲਵਾਨ ਅਤੇ ਸ. ਰਾਜਿੰਦਰ ਸਿੰਘ ਬੈਂਸ ਨੂੰ ਸਮਰਪਿਤ ਪੰਜਾਬ ਟਾਈਮਜ਼ ਦੀ 26ਵੀਂ ਵਰ੍ਹੇਗੰਢ

# 'ਪੰਜਾਬ ਟਾਈਮਜ਼ ਨਾਈਟ'

## 17 ਮਈ 2025 ਸ਼ਨਿਚਰਵਾਰ ਸ਼ਾਮੀ 6:00 ਵਜੇ

**Atlantis Banquets**
1273 N. Rand Road,
Arlington Heights, IL 60004

### ਚੀਫ ਗੈਸਟ



ਦਰਸ਼ਨ ਸਿੰਘ ਧਾਲੀਵਾਲ

### ਗੈਸਟ ਆਫ ਆਨਰ



ਅਮਰਜੀਤ ਢੀਂਡਸਾ



ਗੁਰਬਖਸ਼ ਰਾਹੀ



ਹਰਮਨ ਥਿੰਦ





ਸ. ਅਮੋਲਕ ਸਿੰਘ ਜੰਮੂ

### ਗੈਸਟ ਆਫ ਆਨਰ



ਜੇ ਪੀ ਖਹਿਰਾ



ਲਖਵੀਰ ਢੀਂਡਸਾ



ਪਾਲਾ ਸ਼ੇਰਮਾਰ



ਲਵ ਮਿਨਹਾਸ

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ



ਦਰਸ਼ਨ ਸਿੰਘ ਗਰੇਵਾਲ | ਡਾ. ਹਰਗੁਰਮੁਖਪਾਲ ਸਿੰਘ | ਹਰਦਿਆਲ ਸਿੰਘ ਦਿਓਲ | ਡਾ. ਗੁਰਦਿਆਲ ਸਿੰਘ ਬਸਰਾਨ | ਜੈਦੇਵ ਸਿੰਘ ਭੱਠਲ | ਜਗਦੀਸ਼ਰ ਸਿੰਘ ਕਲੇਰ | ਗੁਰਚਰਨ ਸਿੰਘ ਗਰੇਵਾਲ | ਹਰਜੀਤ ਸਿੰਘ ਸਾਹੀ | ਦਰਸ਼ਨ ਸਿੰਘ ਦਰੜ | ਮਨਦੀਪ ਸਿੰਘ ਭੂਰਾ



ਰਘਬੀਰ ਸਿੰਘ ਘੁੰਨ | ਪਰਮਿੰਦਰ ਸਿੰਘ ਵਾਲੀਆ | ਅਮਰੀਕ ਸਿੰਘ (ਅਮਰ ਕਾਰਪੈਟ) | ਜਸਕਰਨ ਸਿੰਘ ਧਾਲੀਵਾਲ | ਡਾ. ਤੇਜਿੰਦਰ ਸਿੰਘ ਮੰਡੇਰ | ਅਵਤਾਰ ਸਿੰਘ ਸਪਰਿੰਗਫੀਲਡ | ਗੁਲਜ਼ਾਰ ਸਿੰਘ ਮੁਲਤਾਨੀ | ਭੁਪਿੰਦਰ ਸਿੰਘ ਧਾਲੀਵਾਲ | ਗੁਰਦੇਵ ਸਿੰਘ ਜੌੜਾ | ਅੰਮ੍ਰਿਤਪਾਲ ਸਿੰਘ ਸੰਘਾ | ਆਗਿਆਪਾਲ ਸਿੰਘ ਬਾਠ



ਜਸਵੀਰ ਕੌਰ ਢਿਲੋਂ | ਡਾ. ਇਨਕਲਾਬੀ ਥਾਂਦੀ | ਡਾ. ਨਵਦੀਪ ਕੌਰ ਸੰਧੂ | ਬਲਵਿੰਦਰ ਕੌਰ (ਨਿੱਕੀ) ਸੇਖੋਂ | ਹਰਵਿੰਦਰ ਪਾਲ ਸਿੰਘ ਲੈਲ | ਜਗਜੀਤ ਸਿੰਘ ਢੀਂਡਸਾ | ਸਰਵਣ ਸਿੰਘ ਟਿਵਾਣਾ | ਸੁਖਮੇਲ ਸਿੰਘ ਅਟਵਾਲ | ਸ. ਹੈਪੀ ਸਿੰਘ ਹੀਰ | ਅਮੋਲਕ ਸਿੰਘ ਗਾਖਲ | ਜੱਸੀ ਗਿੱਲ

# PUNJAB TIMES NIGHT 2025

## ਵਿਸ਼ੇਸ਼ ਮਹਿਮਾਨ



ਡਾ. ਹਰਜਿੰਦਰ ਸਿੰਘ ਦਿਲਗੀਰ (ਸਿੱਖ ਹਿਸਟੋਰੀਅਨ) | ਇਕਬਾਲ ਮਾਹਲ (ਟੀ.ਵੀ. ਪ੍ਰਸਨੈਲਿਟੀ) | ਪ੍ਰੋ. ਸੁਹਿੰਦਰ ਬੀਰ | ਦਵਿੰਦਰ ਕੌਰ ਗੁਰਾਇਆ | ਦਵੀ ਦਵਿੰਦਰ (ਸੰਪਾਦਕ: ਸਪੋਕਸਮੈਨ) | ਕੁਲਦੀਪ ਕੌਰ (ਮੁਖੀ ਪੱਤਰਕਾਰੀ ਵਿਭਾਗ)

## ਸਾਡੇ ਸਪਾਂਸਰ



ਗੁਰਚਰਨ ਸਿੰਘ ਝੱਜ | ਜਸਮੀਰ ਸਿੰਘ | ਮੱਖਣ ਬੈਂਸ | ਰਜਿੰਦਰ ਟਾਂਡਾ | ਗੁਰਚਰਨ ਮਾਨ | ਸੈਮ ਚਾਹਲ | ਕੁਲਵਿੰਦਰ | ਜਗਜੀਤ ਨੌਸ਼ਹਿਰਵੀ | ਡਾ. ਦਲਬੀਰ ਪੰਨੂ | ਹਰਵਿੰਦਰ ਵਾਲੀਆ | ਲਖਵੀਰ ਜੌਹਲ | ਮਨਜੀਤ ਨਾਗਰਾ




ਭਾਈ ਮਹਿੰਦਰ ਸਿੰਘ | ਜੈਰਾਮ ਸਿੰਘ ਕਾਹਲੋਂ | ਰਾਜਵੀਰ ਬੋਪਾਰਾਏ | ਕੁਲਦੀਪ ਗਿੱਲ | ਮੁਖਤਿਆਰ ਖਹਿਰਾ | ਹਰਜਿੰਦਰ ਜਿੰਦੀ | ਜਰਨੈਲ ਸਿੰਘ ਮਿਆਣੀ | ਪਰਮਿੰਦਰ ਗੋਲਡੀ | ਡਾ. ਵਿਕਰਮ ਗਿੱਲ | ਦਵਿੰਦਰ ਸਿੰਘ ਰੰਗੀ | ਜਗਪਾਲ ਗਰੇਵਾਲ | ਗੁਰਮੇਲ ਕੰਗ



ਲੱਕੀ ਸਹੋਤਾ | ਡਾ. ਹਰਜਿੰਦਰ ਖਹਿਰਾ | ਅਜੈਬ ਲੱਖਣ | ਜਸਪਾਲ ਘੋਤੜਾ | ਡਾ. ਰਛਪਾਲ ਸਿੰਘ ਬਾਜਵਾ | ਰਘਵਿੰਦਰ ਸਿੰਘ ਮਾਹਲ | ਠਾਕਰ ਬਸਾਤੀ | ਸਨੀ ਕੁਲਾਰ | ਰੋਨੀ ਕੁਲਾਰ | ਪ੍ਰਦੀਪ ਕਾਹਲੋਂ | ਜੱਸੀ ਸਿੰਘ | ਰਾਣਾ ਸਿੰਘ ਵਿਰਕ | ਧਰਮਿੰਦਰ ਖਟੜਾ | ਯਾਦਵਿੰਦਰ ਖਟੜਾ



ਲਖਬੀਰ ਸਿੰਘ ਸੰਧੂ | ਜਗਦੀਸ਼ ਸਿੰਘ ਸੰਧੂ | ਜਸਬੀਰ ਸਿੰਘ | ਕੁਲਬੀਰ ਸਿੰਘ | ਸ਼ਿਵਇੰਦਰ ਸਿੰਘ | ਮੱਖਣ ਸਿੰਘ ਕਲੇਰ | ਸਤਨਾਮ ਸਿੰਘ ਔਲਖ | ਨਵਤੇਜ ਸੋਹੀ | ਕਮਲਜੀਤ ਘੁਮਾਣ | ਬਲਜੀਤ ਟਿਵਾਣਾ | ਜਸਵਿੰਦਰ ਗਿੱਲ | ਪਿੰਦੀ ਛੀਨਾ | ਪਾਲ ਖਲੀਲ



ਜਸਬੀਰ ਪਲੀਆ | ਸੁਰਿੰਦਰ ਪਲੀਆ | ਅਮਰਦੇਵ ਬਦੇਸ਼ਾ | ਪ੍ਰਦੀਪ ਸਲਵਾਨ | ਰਜਿੰਦਰ ਦਿਆਲ | ਸੰਤੋਖ ਸਿੰਘ ਡੀ ਸੀ | ਨਰਿੰਦਰ ਸਿੰਘ ਸਰਾਂ | ਰਾਣਾ ਸੇਖੋਂ | ਗੁਰਮੁਖ ਸਿੰਘ ਭੁੱਲਰ | ਪਾਲ ਧਾਲੀਵਾਲ | ਸੁਖਪਾਲ ਗਿੱਲ | ਬਲਬੀਰ ਬੈਦਵਾਨ

**ਪੰਜਾਬ ਟਾਈਮਜ਼ ਦੀ 26ਵੀਂ ਵਰ੍ਹੇਗੰਢ ਮੌਕੇ 17 ਮਈ ਨੂੰ ਕਰਵਾਈ ਜਾ ਰਹੀ 'ਪੰਜਾਬ ਟਾਈਮਜ਼ ਨਾਈਟ' ਵਿਚ ਸ਼ਾਇਰ, ਸਾਹਿਤਕਾਰ, ਗੀਤਕਾਰ ਅਤੇ ਗਾਇਕ ਤੁਹਾਡਾ ਮਨੋਰੰਜਨ ਕਰਨਗੇ।**

**ਸਹਿਯੋਗੀ ਸੰਸਥਾਵਾਂ:** ਪੰਜਾਬੀ ਕਲਚਰਲ ਸੁਸਾਇਟੀ (ਪੀ ਸੀ ਐਸ) ਸ਼ਿਕਾਗੋ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸ਼ਿਕਾਗੋ; ਪੰਜਾਬ ਸਪੋਰਟਸ ਕਲੱਬ-ਸ਼ਿਕਾਗੋ; ਸ਼ੇਰੇ ਪੰਜਾਬ ਸਪੋਰਟਸ ਕਲੱਬ-ਸ਼ਿਕਾਗੋ (ਮਿਡਵੈਸਟ); ਪੰਜਾਬੀ ਅਮੈਰੀਕਨ ਆਰਗੇਨਾਈਜ਼ੇਸ਼ਨ ਸ਼ਿਕਾਗੋ (ਪਾਓ); ਫਾਈਵ ਰਿਵਰਜ਼ ਐਂਟਰਟੇਨਮੈਂਟ, ਪੰਜਾਬੀ ਕਲਚਰਲ ਆਰਗੇਨਾਈਜੇਸ਼ਨ-ਮਿਲਵਾਕੀ; ਗੁਰੂ ਲਾਧੋ ਰੇ ਸੇਵਾ ਸੁਸਾਇਟੀ, ਪੰਜਾਬੀ ਹੈਰੀਟੇਜ ਆਰਗੇਨਾਈਜ਼ੇਸ਼ਨ (ਪੀ ਐਚ ਓ), ਸੰਤ ਬਾਬਾ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ-ਇੰਡੀਆਨਾ; ਸੰਤ ਬਾਬਾ ਪ੍ਰੇਮ ਸਿੰਘ ਜੀ ਸਪੋਰਟਸ ਕਲੱਬ ਸਾਊਥਬੈਂਡ, ਇੰਡੀਆਨਾ; ਪੰਜਾਬੀ ਅਮੈਰੀਕਨ ਯੂਥ ਕਲੱਬ ਇੰਡੀਆਨਾ; ਪੰਜਾਬੀ ਕਲਚਰਲ ਸੁਸਾਇਟੀ ਆਫ ਮਿਸ਼ੀਗਨ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਸਿਨਸਿਨੈਟੀ; ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਡੇਅਟਨ (ਓਹਾਇਓ); ਯੂਨਾਈਟਡ ਸਪੋਰਟਸ ਕਲੱਬ ਕੈਲੀਫੋਰਨੀਆ; ਇੰਡੋ ਅਮੈਰੀਕਨ ਕਲਚਰਲ ਆਰਗੇਨਾਈਜ਼ੇਸ਼ਨ ਸੈਕਰਾਮੈਂਟੋ; ਇੰਡੋ ਅਮੈਰੀਕਨ ਹੈਰੀਟੇਜ ਫੋਰਮ ਫਰਿਜ਼ਨੋ; ਇੰਡੋ ਯੂ ਐਸ ਹੈਰੀਟੇਜ ਐਸੋਸੀਏਸ਼ਨ ਫਰਿਜ਼ਨੋ, ਸਵੇਰਾ ਇੰਕ।

ਮੀਡੀਆ ਪਾਰਟਨਰ: ਰੇਡੀਓ ਚੰਨ ਪ੍ਰਦੇਸੀ, ਦੇਸੀ ਜੰਕਸ਼ਨ, ਢੋਲ ਰੇਡੀਓ, ਪੀ.ਟੀ.ਸੀ।

# ਬਾਬਾ ਭਕਨਾ ਦਾ ਲਾਡਲਾ ਸੀ ਵਿਛੜਿਆ ਕਵੀ-ਗਾਇਕ ਪਸ਼ੌਰਾ ਸਿੰਘ ਢਿੱਲੋਂ

ਅਮਰੀਕਾ-ਵਾਸੀ ਪੰਜਾਬੀ ਕਵੀ ਤੇ ਗਾਇਕ ਪਸ਼ੌਰਾ ਸਿੰਘ ਢਿੱਲੋਂ ਪਿਛਲੇ ਦਿਨੀਂ ਅਚਾਨਕ ਵਿਛੋੜਾ ਦੇ ਗਿਆ। ਕੰਮਕਾਜੀ ਜੀਵਨ ਸਮੇਂ ਕਿੱਤੇ ਵਜੋਂ ਉਹ ਲੈਂਡਸਕੇਪਿਸਟ ਸੀ। ਸੰਯੁਕਤ ਰਾਸ਼ਟਰ ਅਧੀਨ ਅਨੇਕ ਦੇਸਾਂ ਵਿਚ ਕੰਮ ਕਰਨ ਮਗਰੋਂ ਉਹਦਾ ਕਿੱਤਾ ਉਹਨੂੰ ਕੈਲੀਫ਼ੋਰਨੀਆ ਲੈ ਪਹੁੰਚਿਆ। ਸੇਵਾਮੁਕਤ ਹੋ ਕੇ ਟਿਕਣ ਲਈ ਉਹਨੂੰ ਪੰਜਾਬੀਆਂ ਦੀ ਭਰਪੂਰ ਵਸੋਂ ਵਾਲਾ ਕੈਲੀਫ਼ੋਰਨੀਆ ਹੀ ਠੀਕ ਲੱਗਿਆ ਤੇ ਉਹ ਮਡੇਰਾ ਨਗਰ ਵਿਚ ਵਸ ਗਿਆ।

ਆਪਣੇ ਕੰਮਕਾਜੀ ਜੀਵਨ ਦੇ ਆਰੰਭਕ ਪੰਜ ਸਾਲ ਉਹਨੇ ਪੰਜੌਰ ਦੇ ਬਾਗ਼ ਤੇ ਚੰਡੀਗੜ੍ਹ ਵਿਚ ਕੰਮ ਕੀਤਾ ਜਿਸ ਵਿਚ ਰੋਜ਼ ਗਾਰਡਨ ਵੀ ਸ਼ਾਮਲ ਸੀ। ਉਹਦੀ ਖ਼ੁਸ਼ਕਿਸਮਤੀ ਨੂੰ ਕਿੱਤੇ ਦਾ ਰਾਹ ਦਿਖਾਉਣ ਲਈ ਪ੍ਰਸਿੱਧ



**ਗੁਰਬਚਨ ਸਿੰਘ ਭੁੱਲਰ**
**ਫੋਨ: 80763-63058**

ਲੈਂਡਸਕੇਪਿਸਟ ਹਰਦਿਆਲ ਸਿੰਘ ਜੌਹਲ ਸੀ ਤੇ ਲਿਖਣ ਦੀ ਹਲਾਸ਼ੇਰੀ ਦੇਣ ਲਈ ਮਹਿੰਦਰ ਸਿੰਘ ਰੰਧਾਵਾ ਸੀ।

ਚੰਡੀਗੜ੍ਹ ਦੀ ਬੁਨਿਆਦ 1952 ਵਿਚ ਰੱਖੀ ਗਈ ਸੀ। ਰੋਜ਼ ਗਾਰਡਨ ਦੇ ਮਹਿਕਣ-ਟਹਿਕਣ ਪਿਛੋਂ 7 ਅਪਰੈਲ 1968 ਨੂੰ ਉਥੇ ਪਹਿਲਾ 'ਰੋਜ਼ ਫ਼ੈਸਟੀਵਲ' ਮਨਾਇਆ ਗਿਆ। ਉਭਰਦੇ ਕਵੀ ਪਸ਼ੌਰਾ ਸਿੰਘ ਢਿੱਲੋਂ ਨੇ ਚੰਡੀਗੜ੍ਹ ਨੂੰ ਸੋਲਾਂ ਸਾਲ ਦੀ ਮੁਟਿਆਰ ਦੇ ਰੂਪ ਵਿਚ ਚਿਤਵਿਆ। ਪੂਰੇ ਚੰਡੀਗੜ੍ਹ ਵਿਚ ਰੰਧਾਵਾ ਜੀ ਦੇ ਲਾਏ ਬਿਰਛ-ਬੂਟਿਆਂ ਨੂੰ ਉਸ ਮੁਟਿਆਰ ਦਾ ਹਾਰ-ਸ਼ਿੰਗਾਰ ਮੰਨ ਕੇ ਕਾਫ਼ੀ ਲੰਮੀ ਕਵਿਤਾ 'ਰੂਹ ਮੇਰੇ ਪੰਜਾਬ ਦੀ' ਲਿਖੀ। ਸਮਾਗਮ ਦੀ ਪ੍ਰਧਾਨਗੀ ਰੰਧਾਵਾ ਜੀ ਕਰ ਰਹੇ ਸਨ। ਨੌਜਵਾਨ ਕਵੀ ਨੂੰ ਮੌਕੇ ਲਈ ਢੁੱਕਵੀਂ ਕਵਿਤਾ ਬੜੇ ਜਜ਼ਬੇ ਤੇ ਤਰੰਨਮ ਨਾਲ ਗਾਉਂਦਿਆਂ ਸੁਣ ਕੇ ਪ੍ਰਭਾਵਿਤ ਹੋਏ ਉਹ ਅਚਾਨਕ ਉਠੇ। ਸਵਾਗਤ ਸਮੇਂ ਪਾਇਆ ਗਿਆ ਸੱਜਰੇ ਖ਼ੁਸ਼ਬੂਦਾਰ ਫੁੱਲਾਂ ਦਾ ਦੂਹਰਾ ਹਾਰ ਉਨ੍ਹਾਂ ਨੇ ਆਪਣੇ ਗਲ ਵਿਚੋਂ ਲਾਹ ਕੇ ਕਵੀ ਦੇ ਗਲ ਵਿਚ ਪਾ ਦਿੱਤਾ। ਸਰੋਤਿਆਂ ਦੀਆਂ ਤਾੜੀਆਂ ਨਾਲ ਭਰੇ ਮੈਦਾਨ ਦਾ ਗੂੰਜਣਾ ਸੁਭਾਵਿਕ ਸੀ। ਕਵੀ ਨੂੰ ਤਾਂ ਉਤਸ਼ਾਹ ਮਿਲਣਾ ਹੀ ਹੋਇਆ। ਉਹ ਹਮੇਸ਼ਾ ਆਖਦਾ ਸੀ ਕਿ ਉਹਨੂੰ ਕਿੱਤੇ ਤੇ ਸਾਹਿਤ-ਸਭਿਆਚਾਰ ਨਾਲ ਸੰਬੰਧਿਤ ਕਈ ਇਨਾਮ ਮਿਲੇ ਹਨ, ਪਰ ਉਹਦੇ ਲਈ ਸਭ ਤੋਂ ਵੱਡਾ ਮਾਣ-ਸਨਮਾਨ ਰੰਧਾਵਾ ਜੀ ਦਾ ਉਹ ਹਾਰ ਹੀ ਹੈ।

ਉਸੇ ਸਮੇਂ ਉਹਦੀ ਹੋਣਹਾਰੀ ਪਛਾਣਦਿਆਂ ਹਰਦਿਆਲ ਸਿੰਘ ਜੌਹਲ ਨੇ ਸਲਾਹ ਦਿੱਤੀ ਕਿ ਇਸ ਰਾਹ ਅੱਗੇ ਵਧਣਾ ਹੈ ਤਾਂ ਲੰਡਨ ਦੀ ਲੈਂਡਸਕੇਪ ਇੰਸਟੀਚਿਊਟ ਤੋਂ ਸਿਖਲਾਈ ਲੈ। ਉਥੋਂ ਸਿਖਲਾਈ ਲੈਣ ਪਿੱਛੋਂ ਉਹਦੇ ਪੇਸ਼ਾਵਰ ਮੈਂਬਰ ਵਜੋਂ ਉਹਨੇ ਸੰਯੁਕਤ ਰਾਸ਼ਟਰ ਅਧੀਨ ਕਈ ਦੇਸਾਂ ਵਿਚ ਕੰਮ ਕੀਤਾ। ਇਨ੍ਹਾਂ ਵਿਚ ਇੰਗਲੈਂਡ, ਤਨਜ਼ਾਨੀਆ, ਨਾਏਜੀਰੀਆ, ਦੁਬਈ ਤੇ ਅਮਰੀਕਾ ਦਾ ਕੈਲੀਫ਼ੋਰਨੀਆ ਮੁੱਖ ਸਨ। ਉਹਦੀ ਕਵਿਤਾ ਹਰ ਉਸ ਦੇਸ ਵਿਚ ਵੀ ਪੰਜਾਬੀਆਂ ਦੀ ਪ੍ਰਸ਼ੰਸਾ ਖੱਟਦੀ ਰਹੀ ਜਿਥੇ ਵੀ ਉਹ ਲੈਂਡਸਕੇਪਿਸਟ ਵਜੋਂ ਕੰਮ ਕਰਨ ਲਈ ਪਹੁੰਚਿਆ।

ਕੈਲੀਫ਼ੋਰਨੀਆ ਦੇ ਪੰਜਾਬੀ ਮੰਚਾਂ ਦਾ ਤਾਂ ਉਹ ਸ਼ਿੰਗਾਰ ਬਣਿਆ ਹੀ ਰਿਹਾ। ਉਹਦੇ ਨਾਲ ਮੇਰੀ ਪਹਿਲੀ ਮੁਲਾਕਾਤ ਵੀ ਉਥੋਂ ਦੇ ਇਕ ਸਾਹਿਤਕ ਇਕੱਠ ਵਿਚ ਹੀ ਹੋਈ। 2006 ਵਿਚ ਮੈਂ ਤੇ ਮੇਰੀ ਸਾਥਣ ਤਿੰਨ ਕੁ ਮਹੀਨਿਆਂ ਲਈ ਅਮਰੀਕਾ ਗਏ। ਸਾਡਾ ਜਾਣਾ ਸੁਣ ਕੇ ਜਸਬੀਰ ਭੁੱਲਰ ਮੈਨੂੰ ਕਹਿਣ ਲਗਿਆ, "ਭੈਣ ਇੰਦਰਬੀਰ ਕੈਲੀਫ਼ੋਰਨੀਆ ਹੀ ਰਹਿੰਦੀ ਹੈ। ਉਹਦਾ ਪਤੀ ਪਸ਼ੌਰਾ ਸਿੰਘ ਢਿੱਲੋਂ ਉਥੇ ਚੰਗਾ ਜਾਣਿਆ ਜਾਂਦਾ ਕਵੀ ਹੈ। ਉਨ੍ਹਾਂ ਨੂੰ ਜ਼ਰੂਰ ਮਿਲ ਕੇ ਆਇਓ। ਮੈਂ ਉਨ੍ਹਾਂ ਨੂੰ ਵੀ ਤੁਹਾਡਾ ਉਥੇ ਆਏ ਹੋਣਾ ਦੱਸ ਦਿਆਂਗਾ।"

ਅਸੀਂ ਸਾਂ-ਫਰਾਂਸਿਸਕੋ ਕੋਲ ਬੇਅ-ਏਰੀਏ ਵਿਚ ਆਪਣੀ ਬੇਟੀ ਕੋਲ ਠਹਿਰੇ ਹੋਏ ਸੀ। ਮਡੇਰਾ ਕਾਰ ਰਾਹੀਂ ਉਥੋਂ ਢਾਈ-ਤਿੰਨ ਘੰਟੇ ਦੂਰ ਸੀ। ਅਸੀਂ ਉਥੇ ਜਾਣਾ ਆਪਣੀ ਸੂਚੀ ਵਿਚ ਰੱਖ ਲਿਆ, ਪਰ ਮੁਲਾਕਾਤ ਦਾ ਸਬੱਬ ਪਹਿਲਾਂ ਹੀ ਬਣ ਗਿਆ। ਇਕ ਦਿਨ ਸਾਡੇ ਨੇੜੇ ਹੀ ਇਕ ਸਾਹਿਤਕ ਇਕੱਤਰਤਾ ਸੀ। ਉਸ ਵਿਚ ਆਇਆ ਹੋਇਆ ਪਸ਼ੌਰਾ ਸਿੰਘ ਢਿੱਲੋਂ ਬੜੇ ਹਿਤ ਨਾਲ ਮਿਲਿਆ ਅਤੇ ਉਹਨੇ ਮਡੇਰਾ ਆਉਣ ਦਾ ਸੱਦਾ ਦਿੱਤਾ। ਉਹਦੀ ਸਾਧਾਰਨ ਗੱਲਬਾਤ ਦੇ ਲਹਿਜੇ ਵਿਚ ਵੀ ਮਿਠਾਸ ਹੁੰਦੀ ਸੀ। ਜਦੋਂ ਮੈਂ ਇਕ ਲੇਖਕ ਮਿੱਤਰ ਨਾਲ ਉਹਦੇ ਮਿੱਠ-ਬੋਲੜੇ ਹੋਣ ਦਾ ਜ਼ਿਕਰ ਕੀਤਾ, ਉਹ ਬੋਲਿਆ, "ਜੇ ਕਦੀ ਇਨ੍ਹਾਂ ਨੂੰ ਗਾਉਂਦਿਆਂ ਸੁਣੋਂ!"

ਉਹਨੂੰ ਗਾਉਂਦਿਆਂ ਸੁਣਨ ਦਾ ਮੌਕਾ ਵੀ ਛੇਤੀ ਹੀ ਬਣ ਗਿਆ। ਅਮਰੀਕੀ-ਪੰਜਾਬੀ ਕਹਾਣੀ ਕਾਨਫ਼ਰੰਸ ਦੇ ਪ੍ਰਬੰਧਕਾਂ ਨੇ ਮੈਨੂੰ ਪ੍ਰਧਾਨਗੀ ਕਰਨ ਤੇ ਪਰਚਾ ਪੜ੍ਹਨ ਲਈ ਕਹਿ ਦਿੱਤਾ। ਆਪਣੇ ਸਾਹਿਤਕ ਰਿਵਾਜ ਅਨੁਸਾਰ ਕਾਨਫ਼ਰੰਸ ਦੇ ਅੰਤ ਉੱਤੇ ਕਵੀ-ਦਰਬਾਰ ਹੋਇਆ। ਮੰਚ ਉੱਤੇ ਚੜ੍ਹੇ ਪਸ਼ੌਰਾ ਸਿੰਘ ਨੇ ਪਹਿਲਾਂ 'ਦਿੱਲੀ ਤੋਂ ਆਏ ਦਿਲਦਾਰਾਂ' ਦਾ ਸਵਾਗਤ ਕੀਤਾ ਤੇ ਆਪਣੇ ਘਰ ਆਉਣ ਦਾ ਸੱਦਾ ਦੁਹਰਾਇਆ, ਫੇਰ ਉਹਦੀ ਸੁਰ ਗੂੰਜੀ: "ਜੇ ਕੋਈ ਸਾਡੀ ਕਲਾ 'ਚ ਭੋਰਾ ਕੁਦਰਤ



ਹੋਈ, ਤਾਂ ਉਹ ਆਪੇ ਆਪਣਾ ਰੰਗ ਲਿਆਏਗੀ।" ਮਗਰੋਂ ਦੇ ਲੰਮੇ ਵਾਹ ਵਿਚ ਮੈਂ ਦੇਖਿਆ, ਉਹ ਇਨ੍ਹਾਂ ਸਤਰਾਂ ਦੇ ਬਿਲਕੁਲ ਅਨੁਸਾਰ ਤੇ ਸਾਹਿਤਕ ਰਿਵਾਜ ਦੇ ਉਲਟ ਆਪਣੀ ਕਵਿਤਾ ਦਾ ਹੋਕਾ ਆਪ ਨਹੀਂ ਸੀ ਦਿੰਦਾ, ਕਵਿਤਾ ਨੂੰ ਹੀ ਬੋਲਣ ਦਿੰਦਾ ਸੀ। ਉਹ ਅਮਰੀਕੀ ਪੰਜਾਬੀ ਪੱਤਰਾਂ ਤੇ ਸਭਾਵਾਂ ਤੱਕ ਸੀਮਤ ਰਹਿੰਦਿਆਂ ਭਾਰਤੀ ਪੰਜਾਬੀ ਪਾਠਕਾਂ ਤੱਕ ਪੁੱਜਣ ਵੱਲੋਂ ਬਿਲਕੁਲ ਅਵੇਸਲਾ ਸੀ।

ਅਸੀਂ ਮਿਲਣ ਗਏ ਤਾਂ ਉਹਨੇ ਕੁਛ ਹੋਰ ਮਿੱਤਰ ਵੀ ਬੁਲਾਏ ਹੋਏ ਸਨ। ਸਾਰਿਆਂ ਵਿਚ ਕਵੀ ਉਹ ਇਕੱਲਾ ਹੀ ਸੀ। ਉਹਨੇ ਖ਼ੂਬ ਰੰਗ ਬੰਨ੍ਹਿਆ। ਮੈਂ ਉਹਨੂੰ ਕੈਲੀਫ਼ੋਰਨੀਆ ਤੱਕ ਸੀਮਤ ਰਹਿਣ ਦਾ ਉਲਾਂਭਾ ਦਿੱਤਾ ਤੇ ਖ਼ਰੜੇ ਬਾਰੇ ਪੁੱਛਿਆ। ਕਹਿੰਦਾ, ਇਥੇ ਆਏ ਜਸਬੀਰ ਨੇ ਵੀ ਕਿਹਾ ਸੀ, ਪਰ ਕਿਤਾਬ ਛਪਵਾਉਣ ਬਾਰੇ ਤਾਂ ਮੈਂ ਕਦੀ ਸੋਚਿਆ ਨਹੀਂ। ਮੈਂ ਹੱਸ ਕੇ ਆਖਿਆ, ਮੈਨੂੰ ਜਸਬੀਰ ਨਾ ਸਮਝਣਾ, ਮੇਰੇ ਜਾਣ ਤੋਂ ਪਹਿਲਾਂ ਦਸ ਦਿਨਾਂ ਦੇ ਅੰਦਰ-ਅੰਦਰ ਖਰੜਾ ਮੇਰੇ ਕੋਲ ਪਹੁੰਚ ਜਾਣਾ ਚਾਹੀਦਾ ਹੈ ਤਾਂ ਜੋ ਜੇ ਕੋਈ ਵਿਚਾਰਨ ਵਾਲੀਆਂ ਗੱਲਾਂ ਹੋਣ, ਇਥੇ ਹੀ ਵਿਚਾਰ ਲਈਏ। 2007 ਵਿਚ ਮੇਰੇ ਲੰਮੇ ਮੁੱਖਬੰਦ ਨਾਲ ਪੁਸਤਕ 'ਦੀਵਾ ਬਲੇ ਸਮੁੰਦਰੋਂ ਪਾਰ' ਛਪ ਗਈ। ਉਹ ਆਇਆ ਤਾਂ ਜਸਬੀਰ ਦੀ ਹਿੰਮਤ ਨਾਲ ਚੰਡੀਗੜ੍ਹ ਭਰਵਾਂ ਸਮਾਗਮ ਹੋਇਆ। ਸਰੋਤੇ ਉਹਦੇ ਛੁਪੇ ਰਹਿਣ 'ਤੇ ਹੈਰਾਨ ਤੇ ਕਵਿਤਾਵਾਂ ਸੁਣ ਕੇ ਉਹਦੇ ਨਾਲ ਕਵੀ ਵਜੋਂ ਹੋਈ ਜਾਣ-ਪਛਾਣ 'ਤੇ ਖ਼ੁਸ਼ ਹੋਏ। ਉਨ੍ਹੀਂ ਦਿਨੀਂ ਅਜਿਹੇ ਸੰਬੰਧ ਬਣੇ, ਉਹਨੇ ਮੈਨੂੰ ਹਮੇਸ਼ਾ ਜਸਬੀਰ ਤੇ ਮੇਰੇ ਵਿਚ ਉਹਦੇ ਲਈ ਭੋਰਾ ਵੀ ਫ਼ਰਕ ਨਾ ਹੋਣ ਦਾ ਅਹਿਸਾਸ ਦਿੱਤਾ।

ਉਹਦੀ ਕਵਿਤਾ ਦਾ ਵਿਸ਼ਾ ਇਕੋ ਸੀ, ਲੋਕ। ਸਾਧਾਰਨ ਲੋਕਾਂ ਦੇ ਦੁਖ-ਸੁਖ, ਰੀਝਾਂ ਤੇ ਮਜਬੂਰੀਆਂ, ਵਡੇਰਾਸ਼ਾਹੀ ਹੱਥੋਂ, ਸਿਆਸਤ ਹੱਥੋਂ ਉਨ੍ਹਾਂ ਦੀ ਖੱਜਲ-ਖੁਆਰੀ, ਪਰ ਇਸ ਸਭ ਦੇ ਬਾਵਜੂਦ ਉਨ੍ਹਾਂ ਦੀ ਸਮਰੱਥਾ ਵਿਚ ਭਰੋਸਾ। ਦੇਸ ਦੀ ਵਰਤਮਾਨ ਹਾਲਤ ਵੱਲ ਦੇਖਦਿਆਂ ਉਹਦੀਆਂ ਕਵਿਤਾਵਾਂ ਪ੍ਰਸੰਗਕ ਵੀ ਸਨ ਅਤੇ ਭਾਈਚਾਰਕ, ਸਮਾਜਕ, ਸਭਿਆਚਾਰਕ, ਆਰਥਕ, ਰਾਜਨੀਤਕ, ਆਦਿ ਵਿਸ਼ਿਆਂ ਦੀ ਕਲਾਮਈ ਪੇਸ਼ਕਾਰੀ ਵੀ ਸਨ। ਮੇਰਾ ਲੱਖਣ ਹੈ, ਉਹ ਸਮਕਾਲ ਦਾ ਇਕੋ-ਇਕ ਪੰਜਾਬੀ ਕਵੀ ਸੀ ਜਿਸ ਨੇ ਪਿਆਰ ਦੀ ਕਵਿਤਾ ਲਿਖੀ ਹੀ ਨਹੀਂ। ਆਪਣੇ ਲੋਕਾਂ ਦਾ ਔਖਾ ਜੀਵਨ ਚੇਤੇ ਕਰ ਕੇ ਉਹ ਆਪਣੀ ਸੁਖੀ ਜ਼ਿੰਦਗੀ ਦੀ ਬੇਵੱਸ ਬੇਚੈਨੀ ਮਹਿਸੂਸ ਕਰਦਾ। ਇਕ ਥਾਂ ਉਹ ਲਿਖਦਾ ਹੈ: "ਮਾਂ ਸੇਜਲ ਨੈਣੀਂ ਤਕਦੀ ਰਹੀ, ਜੂਹ ਪਾਰ ਲੰਘਾ ਪਿਓ ਮੁੜ ਆਇਆ, ਉਹ ਮੇਰੀਆਂ ਮੰਨਤਾਂ ਮੰਨਦੇ ਰਹੇ, ਖ਼ੁਦ ਜਿਉਂਦੇ ਜੀਣ ਅਜ਼ਾਬਾਂ ਦਾ।... ਲੈ ਚਮਕ ਅਮਾਨਤ ਤੁਰ ਆਇਆਂ, ਸੰਗ ਚੰਨ-ਚਾਨਣੀ ਰਲਿਆ ਹਾਂ, ਮੇਰੇ ਸਿਰ ਤੋਂ ਕਰਜ਼ਾ ਨਹੀਂ ਲਹਿਣਾ, ਮੇਰੇ ਪਿੰਡ ਦੇ ਜੂਨ-ਖ਼ਰਾਬਾਂ ਦਾ!"

ਉਹਦੀ ਇਸ ਸੋਚਧਾਰਾ ਦਾ ਅਡੋਲ ਆਧਾਰ ਸੀ ਚੜ੍ਹਦੀ ਉਮਰ ਬਾਬਾ ਸੋਹਣ ਸਿੰਘ ਭਕਨਾ ਦੀ ਬੁੱਕਲ ਵਿਚ ਬੀਤੇ ਹੋਣਾ। ਬਾਬਾ ਜੀ ਉਹਦੇ ਨੇੜਲੇ ਰਿਸ਼ਤੇਦਾਰ ਸਨ। ਉਹਦੇ ਦਾਦਾ ਜੀ ਦੀ ਭੈਣ, ਪੂਜਣਜੋਗ ਬੇਬੇ ਬਿਸ਼ਨ ਕੌਰ ਬਾਬਾ ਭਕਨਾ ਦੀ ਜੀਵਨ-ਸਾਥਣ ਸੀ। ਦਾਦਾ-ਪਰਿਵਾਰ ਪਾਕਿਸਤਾਨ ਤੋਂ ਉੱਜੜ ਕੇ ਆਇਆ ਤਾਂ ਭੈਣ-ਭਣੋਈਏ ਦੇ ਘਰ ਭਕਨੇ ਆਸਰਾ ਮਿਲਿਆ। ਕੁਛ ਸਮੇਂ ਮਗਰੋਂ ਪਰਿਵਾਰ ਆਪਣੇ ਨਵੇਂ ਟਿਕਾਣੇ ਜਾ ਵਸਿਆ। ਪਸ਼ੌਰਾ ਸਿੰਘ ਨੂੰ ਉਹ ਪੜ੍ਹਾਈ ਲਈ ਭਕਨੇ ਹੀ ਛੱਡ ਗਏ ਜਿਥੇ ਉਹਨੇ ਬਾਬਾ ਜੀ ਦੇ ਆਪਣੀ ਜ਼ਮੀਨ ਵਿਚ ਖ਼ਾਸ ਕਰ ਕੇ ਦੇਸਭਗਤਾਂ ਦੇ ਬੱਚਿਆਂ ਲਈ ਖੋਲ੍ਹੇ ਜਨਤਾ ਹਾਈ ਸਕੂਲ ਤੋਂ ਦਸਵੀਂ ਪਾਸ ਕੀਤੀ। ਇਸ ਸਦਕਾ ਉਹਨੇ ਬਾਬਾ ਜੀ ਦੀ ਜੀਵਨ-ਸ਼ੈਲੀ ਨੇੜਿਓਂ ਦੇਖੀ-ਵਾਚੀ ਹੋਈ ਸੀ, ਉਨ੍ਹਾਂ ਤੋਂ ਗ਼ਦਰ ਲਹਿਰ ਦੀਆਂ ਬੇਮਿਸਾਲ ਕੁਰਬਾਨੀਆਂ ਬਾਰੇ ਸੁਣਿਆ ਹੋਇਆ ਸੀ ਅਤੇ ਇਸੇ ਕਾਰਨ ਵੱਡਾ ਹੋ ਕੇ ਗ਼ਦਰ ਲਹਿਰ ਦੇ ਅਦੁੱਤੀ ਸੂਰਬੀਰਤਾ ਵਾਲੇ ਇਤਿਹਾਸ ਨੂੰ ਦਿਲਚਸਪੀ ਤੇ ਸ਼ਰਧਾ ਨਾਲ ਪੜ੍ਹਿਆ-ਜਾਣਿਆ ਹੋਇਆ ਸੀ।

2006 ਦੀ ਪਹਿਲੀ ਮੁਲਾਕਾਤ ਸਮੇਂ ਬਣਿਆ ਸਾਡਾ ਸੰਪਰਕ ਲਗਾਤਾਰ ਵਧਦਾ ਹੀ ਰਿਹਾ। ਕਦੇ-ਕਦੇ ਕਵਿਤਾ ਲਿਖਣ ਤੋਂ ਇਲਾਵਾ ਉਹਦਾ ਮੁੱਖ ਰੁਝੇਵਾਂ ਕੁਛ ਹੋਰ ਪੰਜਾਬੀਆਂ ਨਾਲ ਮਿਲ ਕੇ ਸਕੂਲੀ ਪੜ੍ਹਾਈ ਵਿਚ ਅਮਰੀਕੀ ਪੰਜਾਬੀਆਂ ਦੇ ਤੇ ਗਦਰ ਪਾਰਟੀ ਦੇ ਇਤਿਹਾਸ ਨੂੰ ਅਤੇ ਪੰਜਾਬੀ ਦੇ ਵਿਸ਼ੇ ਨੂੰ ਥਾਂ ਦਿਵਾਉਣ ਲਈ ਜਤਨ ਕਰਨਾ ਸੀ। ਜਦੋਂ ਕੋਈ ਸਫਲਤਾ ਮਿਲਦੀ, ਉਹਦਾ ਬਹੁਤ ਉਤਸ਼ਾਹੀ ਫੋਨ ਆਉਂਦਾ, ਭਾਅ ਜੀ, ਅਸੀਂ ਐਜੂਕੇਸ਼ਨ ਡਿਪਾਰਟਮੈਂਟ ਵਾਲਿਆਂ ਤੋਂ ਅਮਕੀ ਮੰਗ ਮੰਨਵਾਉਣ ਵਿਚ ਕਾਮਯਾਬ ਹੋ ਗਏ ਹਾਂ!

ਉਹਦੀ ਦੂਜੀ ਚਿੰਤਾ ਅਮਰੀਕੀ ਪੰਜਾਬੀਆਂ ਨੂੰ ਗਦਰ ਪਾਰਟੀ ਦੇ ਨਾਂ ਤੋਂ ਬਿਨਾਂ ਉਸ ਬਾਰੇ ਹੋਰ ਕੋਈ ਵੀ ਜਾਣਕਾਰੀ ਨਾ ਹੋਣਾ ਸੀ। ਉਹ ਆਖਦਾ, ਅਗਲੀਆਂ ਪੀੜ੍ਹੀਆਂ ਦੀ ਗੱਲ ਤਾਂ ਛੱਡੋ, ਹੁਣ ਵਾਲੀ ਪਹਿਲੀ ਪੀੜ੍ਹੀ ਨੂੰ ਵੀ ਗ਼ਦਰੀ ਇਤਿਹਾਸ ਤੇ ਥਾਂਵਾਂ ਦੀ ਕੋਈ ਜਾਣਕਾਰੀ ਨਹੀਂ। ਮੈਂ ਬਾਬਾ ਭਕਨਾ ਸਮੇਤ ਕੁਛ ਸੰਗਰਾਮੀਆਂ ਦੇ ਸ਼ਬਦ-ਚਿੱਤਰਾਂ ਦੀ ਆਪਣੀ ਪੁਸਤਕ 'ਸ਼ਬਦ ਵੀ, ਸੰਗਰਾਮ ਵੀ' ਉਹਨੂੰ ਭੇਜੀ ਤਾਂ ਉਹਨੇ ਕਿਹਾ, ਜੇ ਤੁਸੀਂ ਬਾਬਾ ਜੀ ਦੇ ਸ਼ਬਦ-ਚਿੱਤਰ ਨੂੰ ਕੁਛ ਵਿਸਤਾਰ ਦੇ ਕੇ ਪੁਸਤਕ ਬਣਾ ਦਿਓ, ਆਪਾਂ ਪੰਜਾਬੀ ਦੇ ਨਾਲ ਹੀ ਅੰਗਰੇਜ਼ੀ ਵਿਚ ਵੀ ਛਪਵਾ ਕੇ ਮੁਫ਼ਤ ਵੰਡ ਦੇਈਏ।

ਸਾਡੀ ਇਹ ਵਿਉਂਤ ਬੜੇ ਸੋਹਣੇ ਢੰਗ ਨਾਲ ਨੇਪਰੇ ਚੜ੍ਹੀ ਤੋਂ ਮੈਂ ਆਖਿਆ, "ਬਾਬਾ ਜੀ ਦਾ ਰਾਜਨੀਤਕ ਜੀਵਨ ਤੇ ਗਦਰ ਲਹਿਰ ਦਾ ਇਤਿਹਾਸ ਤਾਂ ਖੁੱਲ੍ਹੀਆਂ ਗੱਲਾਂ ਹਨ। ਅਨੇਕ ਲੇਖਕਾਂ ਨੇ ਲਿਖੀਆਂ ਹਨ ਤੇ ਅਨੇਕ ਲਿਖਣਗੇ। ਲੋੜ ਉਨ੍ਹਾਂ ਦੇ ਘਰ, ਵਿਹੜੇ, ਸਭਾਤਾਂ, ਬਾਬੇ ਦੇ ਡੇਰੇ ਤੇ ਬੇਬੇ ਦੀ ਰਸੋਈ ਬਾਰੇ ਲਿਖਣ ਦੀ ਹੈ ਜੋ ਸਿਰਫ਼ ਤੁਸੀਂ ਹੀ ਲਿਖ ਸਕਦੇ ਹੋ।" ਵਾਰਤਿਕ ਲਿਖਣ ਤੋਂ ਉਹ ਕੁਛ ਝਿਜਕਦਾ ਸੀ, ਪਰ ਆਖ਼ਰ ਮੇਰੀ ਗੱਲ ਦਾ ਮਹੱਤਵ ਸਮਝਦਿਆਂ ਉਹਨੇ ਕਲਮ ਚੁੱਕ ਲਈ। ਕੁਛ ਪੰਨੇ ਉਹਨੇ ਮੇਰੇ ਨਜ਼ਰ ਮਾਰਨ ਲਈ ਭੇਜੇ। ਮੇਰੇ ਨਿੱਕੇ-ਮੋਟੇ ਸੁਝਾਵਾਂ ਮਗਰੋਂ ਉਹ ਇਸੇ ਕੰਮ ਵਿਚ ਰੁੱਝਿਆ ਹੋਇਆ ਸੀ। ਮੌਤ ਬੜੀ ਚੰਦਰੀ ਹੈ। ਵਿਚ-ਵਿਚਾਲੇ ਆਈ ਨੂੰ "ਸਾਹ ਲੈ ਮੌਤੇ ਕਾਹਲੀਏ, ਮੈਂ ਅਜੇ ਨਾ ਵਿਹਲਾ" ਕਹੇ ਤੋਂ ਵੀ ਉਹ ਉਡੀਕ ਕਰਨਾ ਮੰਨੀ ਨਹੀਂ!

# ਸਿਰੜ, ਸਿਦਕ ਤੇ ਸੁਹਿਰਦਤਾ ਦੀ ਮੂਰਤ ਸੁਖਦੇਵ ਮਾਦਪੁਰੀ

12 ਜੂਨ, 1935 ਨੂੰ ਪਿੰਡ ਮਾਦਪੁਰ, ਤਹਿਸੀਲ ਸਮਰਾਲਾ, ਜ਼ਿਲ੍ਹਾ ਲੁਧਿਆਣਾ ਵਿਖੇ ਪਿਤਾ ਸ. ਦਿਆ ਸਿੰਘ ਅਤੇ ਮਾਤਾ ਸੁਰਜੀਤ ਕੌਰ ਦੇ ਘਰ ਸੁਖਦੇਵ ਮਾਦਪੁਰੀ ਦਾ ਜਨਮ ਹੋਇਆ। ਪ੍ਰਾਇਮਰੀ ਦੀ ਪੜ੍ਹਾਈ ਆਪਣੇ ਪਿੰਡ ਤੋਂ, ਮੈਟ੍ਰਿਕ ਜਸਪਾਲੋਂ ਤੋਂ ਅਤੇ ਜੇ.ਬੀ.ਟੀ ਕੁਰਾਲੀ ਤੋਂ ਕਰ ਕੇ ਮਾਦਪੁਰੀ ਪਿੰਡ ਢਿੱਲਵਾਂ, ਜ਼ਿਲ੍ਹਾ ਲੁਧਿਆਣਾ ਦੇ ਪ੍ਰਾਇਮਰੀ ਸਕੂਲ 'ਚ 1954 ਵਿਚ ਅਧਿਆਪਕ ਲੱਗ ਗਏ ਤੇ 1978 ਤੱਕ

**ਸੁਖਚੈਨ ਸਿੰਘ ਕੁਰੜ**

ਆਪਣੀ ਡਿਊਟੀ ਨਿਭਾਉਂਦੇ ਰਹੇ। ਇਸ ਸਮੇਂ ਦੌਰਾਨ ਹੀ ਉਨ੍ਹਾਂ ਦਾ ਸਾਹਿਤਕ ਸਫ਼ਰ ਸ਼ੁਰੂ ਹੋਇਆ ਮੰਨਿਆ ਜਾਂਦਾ ਹੈ। ਇਸ ਦੌਰਾਨ ਨਾਲ-ਨਾਲ ਹੀ ਉਨ੍ਹਾਂ ਨੇ ਪ੍ਰਾਈਵੇਟ ਤੌਰ 'ਤੇ ਆਪਣੀ ਪੜ੍ਹਾਈ ਜਾਰੀ ਰੱਖੀ ਅਤੇ ਪੰਜਾਬੀ ਦੀ ਐਮ.ਏ. ਕਰ ਲਈ।

1978 ਤੋਂ 1980 ਤੱਕ 'ਪੰਜਾਬ ਸਕੂਲ ਸਿੱਖਿਆ ਬੋਰਡ' ਵਿਚ ਬਤੌਰ ਵਿਸ਼ਾ ਮਾਹਿਰ ਸੇਵਾ ਨਿਭਾਈ। 1980 ਤੋਂ 1993 ਤੱਕ ਸਿੱਖਿਆ ਬੋਰਡ ਦੇ ਬੱਚਿਆਂ ਲਈ ਨਿਕਲਦੇ ਪਰਚਿਆਂ 'ਪੰਖੜੀਆਂ' ਅਤੇ 'ਪ੍ਰਾਇਮਰੀ ਸਿੱਖਿਆ' ਦਾ ਸੰਪਾਦਨ ਕੀਤਾ। 'ਪੰਜਾਬ ਸਕੂਲ ਸਿੱਖਿਆ ਬੋਰਡ' ਮੋਹਾਲੀ ਤੋਂ ਹੀ ਉਹ ਬਤੌਰ ਸਹਾਇਕ ਡਾਇਰੈਕਟਰ ਸੇਵਾ ਨਿਵਰਿਤ ਹੋਇਆ ਅਤੇ 1993 ਤੋਂ 1996 ਤੱਕ 'ਪੰਜਾਬੀ ਬਾਲ ਸਾਹਿਤ ਪ੍ਰਾਜੈਕਟ' ਦੇ ਸੰਚਾਲਕ ਵਜੋਂ ਕਾਰਜ ਕੀਤਾ। ਉਹ ਬਹੁਪੱਖੀ ਸਾਹਿਤਕਾਰ -ਕਵੀ, ਕਹਾਣੀਕਾਰ, ਵਾਰਤਕਕਾਰ, ਸੰਪਾਦਕ, ਅਨੁਵਾਦਕ ਅਤੇ ਖੋਜਾਰਥੀ ਸਨ। ਕਲਮ ਦੀ ਮਿਹਰਬਾਨੀ ਸਦਕਾ ਉਹ ਸੁਭਾਅ ਪੱਖੋਂ ਨੇਕ, ਨਿੱਘੇ ਤੇ ਮਿਲਾਪੜੇ ਵੀ ਸਨ।

ਉਨ੍ਹਾਂ ਨੇ ਆਪਣੇ ਮੁੱਢਲੇ ਸ਼ੌਕ, ਲੋਕ ਸਭਿਆਚਾਰ ਦੀ ਸਾਂਭ ਸੰਭਾਲ ਨੂੰ ਲੈ ਕੇ ਆਪਣੀ ਜ਼ਿੰਦਗੀ ਵਿਚ ਲੋਕ ਖੇਡਾਂ, ਲੋਕ ਗੀਤ, ਲੋਕ ਕਹਾਣੀਆਂ, ਲੋਕ ਬੁਝਾਰਤਾਂ, ਪੰਜਾਬੀ ਸਭਿਆਚਾਰ, ਬਾਲ ਸਾਹਿਤ ਬਾਰੇ ਤੀਹ ਦੇ ਕਰੀਬ ਕਿਤਾਬਾਂ ਲਿਖੀਆਂ।

ਸੁਖਦੇਵ ਮਾਦਪੁਰੀ ਖੁਦ ਦੱਸਦੇ ਹਨ ਕਿ ਲੋਕ ਗੀਤਾਂ ਨੂੰ ਇਕੱਠੇ ਕਰਨ ਦਾ ਫੁਰਨਾ ਉਨ੍ਹਾਂ ਦੇ ਮਨ 1954 'ਚ ਅਚਾਨਕ ਹੀ ਆਇਆ ਸੀ। ਸੋਚਿਆ 'ਮਨਾਂ ਬਾਪੂ, ਬੇਬੇ ਤੇ ਤਾਈ ਨੇ ਆਖ਼ਰ ਮਰ ਜਾਣੈ ਨਾਲ ਹੀ ਇਹ ਗੀਤ ਵੀ ਮੁੱਕ ਜਾਣਗੇ। ਕਿਉਂ ਨਾ ਇਨ੍ਹਾਂ ਨੂੰ ਕਿਸੇ ਕਾਪੀ ਤੇ ਲਿਖ ਲਵਾਂ।' ਉਸ ਵੇਲੇ ਦੀ ਮਨ ਦੀ ਆਵਾਜ਼ ਨੇ ਕਾਪੀ ਤੇ ਕਲਮ ਨਾਲ ਸਾਂਝ ਬਣਾ ਦਿੱਤੀ।

ਮਾਦਪੁਰੀ ਨੇ ਇੱਕ ਸਾਲ ਵਿਚ ਵੱਡੇ ਅਕਾਰ ਦੀ ਕਾਪੀ ਉੱਤੇ 1231 ਲੋਕ-ਗੀਤ ਉਤਾਰ ਲਏ। ਅਗਲੀ ਕਾਪੀ ਸ਼ੁਰੂ ਹੋਈ, ਭਰ ਗਈ, ਸਫ਼ਰ ਫਿਰ ਵੀ ਜਾਰੀ।

ਉਹ ਕਹਿੰਦੇ ਇਹ ਗੌਣ ਸਦੀਆਂ ਪੁਰਾਣੇ ਪੰਜਾਬ ਦੇ ਸਮਾਜਿਕ ਇਤਿਹਾਸ ਦੀਆਂ ਬਾਤਾਂ ਪਾਉਂਦੇ ਨੇ। ਜਿਹੜੀ ਦੁੱਖਾਂ ਭਰੀ ਤੇ ਔੜਾਂ ਮਾਰੀ ਜ਼ਿੰਦਗੀ ਪੰਜਾਬ ਦੀ ਔਰਤ ਨੇ ਭੋਗੀ ਹੈ, ਇਹ ਉਸ ਦਾ ਇਤਿਹਾਸਕ ਦਸਤਾਵੇਜ਼ ਹਨ। ਆਪਣੀ ਵੇਦਨਾ ਨੂੰ ਬਿਆਨ ਕਰਦੇ ਇਨ੍ਹਾਂ ਗੀਤਾਂ ਨੂੰ ਔਰਤ



ਨੇ ਖ਼ੁਦ ਸਿਰਜਿਆ ਹੈ। ਜਦੋਂ ਉਹ ਇਨ੍ਹਾਂ ਨੂੰ ਸੁਰ ਵਿਚ ਗਾਉਂਦੀਆਂ ਹਨ ਤਾਂ ਚਾਰੇ ਬੰਨੇ ਸਿਸਕੀਆਂ ਤੇ ਹਉਕੇ ਸੁਣਾਈ ਦਿੰਦੇ ਹਨ।

ਮਾਦਪੁਰੀ ਦਾ ਪਹਿਲਾ ਲੇਖ ਨਵੰਬਰ-ਦਸੰਬਰ 1954 ਦੇ 'ਪੰਜਾਬੀ ਦੁਨੀਆ ' ਵਿਚ ਛਪਿਆ। ਪਿਆਰਾ ਸਿੰਘ ਪਦਮ ਦਾ ਪਹਿਲਾਂ ਥਾਪੜਾ ਕੰਧੇ 'ਤੇ ਆਣ ਟਿਕਿਆ। ਉਦੋਂ ਇਸ ਸਿਰੜੀ ਦੀ ਉਮਰ ਮਸਾਂ 20 ਸਾਲ ਦੀ ਸੀ। ਦੂਜਾ ਥਾਪੜਾ ਕੁਲਵੰਤ ਸਿੰਘ ਵਿਰਕ ਦਾ ਸੀ। ਇਹੋ ਜਿਹੇ ਥਾਪੜਿਆਂ ਦੀ ਹੱਲਾਸ਼ੇਰੀ ਸਦਕਾ ਤਾਂ ਮਾਦਪੁਰੀ ਫਿਰ ਬਸ ਵਗਦੇ ਪਾਣੀ ਵਾਂਗ ਅੱਗੇ ਹੀ ਅੱਗੇ ਵਧਦਾ ਲੋਕ ਧਾਰਾ ਦਾ ਆਪ ਇੱਕ ਵੱਡਾ ਦਰਿਆ ਹੋ ਨਿੱਬੜਿਆ।

ਮਾਦਪੁਰੀ ਨੇ ਪੰਜਾਬ ਦੀਆਂ ਲੋਕ ਕਹਾਣੀਆਂ, ਲੋਕ ਬੁਝਾਰਤਾਂ, ਅਖੌਤਾਂ ਅਤੇ ਲੋਕ ਬੋਲੀਆਂ ਨੂੰ ਪਿੰਡ-ਪਿੰਡ ਜਾ ਕੇ ਇਕੱਤਰ ਕੀਤਾ। ਗਾਉਂਦਾ ਪੰਜਾਬ, ਫੁੱਲਾਂ ਭਰੀ ਚੰਗੇਰ-1979, ਖੰਡ ਮਿਸ਼ਰੀ ਦੀਆਂ ਡਲੀਆਂ-2003, ਲੋਕ ਗੀਤਾਂ ਦੀ ਸਮਾਜਿਕ ਵਿਆਖਿਆ-2003, ਨੈਣੀ ਨੀਂਦ ਨਾ ਆਵੇ-2004, ਕਿੱਕਲੀ ਕਲੀਰ ਦੀ, ਸ਼ਾਵਾ ਨੀ ਬੰਬੀਹਾ ਬੋਲੇ, ਬੋਲੀਆਂ ਦਾ ਪਾਵਾਂ ਬੰਗਲਾ, ਕੱਲਰ ਦੀਵਾ ਮੱਚਦਾ, ਬੁਝਾਰਤਾਂ, ਜ਼ਰੀ ਦਾ ਟੋਟਾ-1957, ਪਰਾਇਆ ਧਨ (ਨਾਟਕ), ਗਾਉਂਦਾ ਪੰਜਾਬ (ਮਾਲਵੇ ਦੇ ਲੋਕ-ਗੀਤ), ਪੰਜਾਬ ਦੀਆਂ ਵਿਰਾਸਤੀ ਖੇਡਾਂ, ਕਿੱਕਲੀ ਕਲੀਰ ਦੀ, ਫੁੱਲਾਂ ਭਰੀ ਚੰਗੇਰ, ਪੰਜਾਬ ਦੇ ਲੋਕ ਨਾਇਕ, ਪੰਜਾਬ ਦੀਆਂ ਲੋਕ ਖੇਡਾਂ, ਬਾਤਾਂ ਦੇਸ ਪੰਜਾਬ ਦੀਆਂ, ਨੈਣਾ ਦੇ ਵਣਜਾਰੇ-1962, ਮਹਿਕ ਪੰਜਾਬ ਦੀ: ਪੰਜਾਬ ਦੇ ਜੱਟਾਂ ਦੀ ਲੋਕਧਾਰਾ, ਖੰਡ ਮਿਸ਼ਰੀ ਦੀਆਂ ਡਲੀਆਂ-2003, ਲੋਕ ਗੀਤਾਂ ਦੀਆਂ ਕੂਲ੍ਹਾਂ: ਸ਼ਗਨਾਂ ਦੇ ਗੀਤ, ਲੋਕ ਦੋਹੇ ਤੇ ਮਾਹੀਆ, ਪੰਜਾਬੀ ਸਭਿਆਚਾਰ ਦੀ ਆਰਸੀ (ਸੋਮੇ ਤੇ ਪਰੰਪਰਾ)-2006 ਆਦਿ ਢੇਰ ਸਾਰੀਆਂ ਕਿਤਾਬਾਂ ਪੰਜਾਬੀ ਸਾਹਿਤ ਤੇ ਲੋਕਧਾਰਾ ਦੀ ਝੋਲੀ ਪਾਈਆਂ।

ਬਾਲ ਸਾਹਿਤ ਵਿਚ ਜਾਦੂ ਦਾ ਸ਼ੀਸ਼ਾ-1962, ਕੇਸੂ ਦੇ ਫੁੱਲ-1962, ਸੋਨੇ ਦਾ ਬੱਕਰਾ-1962 ਦੇ ਨਾਂ ਜ਼ਿਕਰਯੋਗ ਹਨ।

ਆਪ ਦੀ ਲੇਖਣੀ ਵਿਚ ਇੱਕ ਨਾਟਕ 'ਪਰਾਇਆ ਧਨ' ਤੇ ਜੀਵਨੀ 'ਮਹਾਨ ਸੁਤੰਤਰਤਾ ਸੰਗਰਾਮੀ ਸਤਿਗੁਰ ਰਾਮ ਸਿੰਘ ਦਾ ਨਾਂ ਵੀ ਜ਼ਿਕਰਯੋਗ ਹੈ। ਭਾਸ਼ਾ ਵਿਭਾਗ ਪੰਜਾਬ ਵੱਲੋਂ ਉਨ੍ਹਾਂ ਨੂੰ ਸ਼੍ਰੋਮਣੀ ਪੰਜਾਬੀ ਬਾਲ ਸਾਹਿਤ ਲੇਖਕ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਵੱਲੋਂ ਵੀ 'ਕਰਤਾਰ ਸਿੰਘ ਧਾਲੀਵਾਲ ਪੁਰਸਕਾਰ' ਮਿਲਿਆ। ਸਾਹਿਤ ਅਕਾਦਮੀ ਦਿੱਲੀ ਨੇ ਵੀ ਉਸ ਨੂੰ ਵੱਕਾਰੀ ਐਵਾਰਡ ਸਾਹਿਤ ਅਕਾਦਮੀ ਪੁਰਸਕਾਰ 2015 ਦੇ ਕੇ ਮਾਣ ਦਿੱਤਾ।

26 ਅਪਰੈਲ 2020 ਦਾ ਦਿਨ ਪੰਜਾਬੀ ਸਾਹਿਤ ਦੀ ਦੁਨੀਆਂ ਵਿਚ ਸੁਖਦੇਵ ਮਾਦਪੁਰੀ ਦਾ ਸਰੀਰਕ ਤੌਰ 'ਤੇ ਆਖ਼ਰੀ ਦਿਨ ਸੀ। ਸੁਖਦੇਵ ਮਾਦਪੁਰੀ ਦਾ ਨਾਂ ਪੰਜਾਬੀ ਲੋਕਧਾਰਾ ਦੀ ਇੱਕ ਸੰਸਥਾ ਵਜੋਂ ਪੰਜਾਬੀ ਸਾਹਿਤ ਵਿਚ ਹਮੇਸ਼ਾ ਜਿਉਂਦਾ ਰਹੇਗਾ।

# ਪੰਜਾਬ ਦਾ ਅਜ਼ੀਮ ਹੀਰੋ, ਨਵੇਂ ਲਾਹੌਰ ਦਾ ਪਿਓ – ਸਰ ਗੰਗਾ ਰਾਮ

## ਪੁਰਾਣਾ ਸ਼ਹਿਦ

***ਹਜ਼ਾਰਾਂ ਗੁੰਮਨਾਮ ਸੂਰਮਿਆਂ ਦੀਆਂ ਬਹੁਤ ਹੀ ਦਿਲਚਸਪ ਅਣਲਿਖੀਆਂ ਕਹਾਣੀਆਂ (ਜਿਨ੍ਹਾਂ ਵਿਚ ਸਿੱਖਿਆ ਵੀ ਹੈ, ਇਤਿਹਾਸ ਵੀ ਤੇ ਸਾਹਿਤ ਵੀ) ਨੂੰ ਪਾਠਕਾਂ ਤਕ ਪੁਜਦਾ ਕਰਨ ਲਈ ਅਸੀਂ ਇਹ ਨਵਾਂ ਕਾਲਮ 'ਪੁਰਾਣਾ ਸ਼ਹਿਦ' ਸ਼ੁਰੂ ਕਰਨ ਜਾ ਰਹੇ ਹਾਂ। ਸਾਨੂੰ ਆਸ ਹੈ ਕਿ ਪਾਠਕਾਂ ਵਲੋਂ ਭਰਪੂਰ ਹੁੰਗਾਰਾ ਮਿਲੇਗਾ। -ਸੰਪਾਦਕ***


**ਜਸਟਸ ਸੱਯਦ ਆਸਫ਼ ਸ਼ਾਹਕਾਰ**

ਮਜ਼ਬੀ ਪਾਗਲਪੁਣੇ ਨਾਲ ਅੰਨ੍ਹਾ ਹੋਇਆ ਮੁਸਲਮਾਨਾਂ ਦਾ ਇਕ ਜਲੂਸ ਹਿੰਦੂਆਂ ਦੇ ਕੁਝ ਰਿਹਾਇਸ਼ੀ ਇਲਾਕਿਆਂ ਨੂੰ ਅੱਗਾਂ ਲਾ ਕੇ ਤਬਾਹ ਬਰਬਾਦ ਕਰਨ ਮਗਰੋਂ ਸਰ ਗੰਗਾ ਰਾਮ ਦੇ ਬੁੱਤ ਵੱਲ ਆ ਗਿਆ। ਪਹਿਲੇ ਉਨ੍ਹਾਂ ਇਸ ਨੂੰ ਪੱਥਰ ਮਾਰੇ ਫ਼ਿਰ ਲੁੱਕ ਨਾਲ ਇਹਦਾ ਮੂੰਹ ਕਾਲ਼ਾ ਕੀਤਾ, ਏਸ ਮਗਰੋਂ ਇਕ ਬੰਦਾ ਜੁੱਤੀਆਂ ਦਾ ਹਾਰ ਲੈ ਕੇ ਬੁੱਤ ਦੇ ਗਲ ਵਿਚ ਪਾਉਣ ਲਈ ਚੜ੍ਹਿਆ। ਏਸ ਦੌਰਾਨ ਪੁਲਿਸ ਆ ਗਈ, ਗੋਲੀ ਚੱਲ ਗਈ ਫੱਟੜ ਹੋਣ ਵਾਲਿਆਂ ਵਿਚ ਇਹ ਜੁੱਤੀਆਂ ਦਾ ਹਾਰ ਪਾਉਣ ਵਾਲਾ ਵੀ ਸੀ। ਸਾਰੇ ਜਲੂਸ ਰੌਲ਼ਾ ਪਾ ਦਿੱਤਾ: 'ਫ਼ੱਟਾ-ਫਟ ਕਰੋ, ਇਹਨੂੰ ਗੰਗਾ ਰਾਮ ਹਸਪਤਾਲ ਲੈ ਚਲੋ'।

ਇਹ ਲਫ਼ਜ਼ ਸਆਦਤ ਹਸਨ ਮੰਟੋ ਨੇ ਆਪਣੀ ਇਕ ਮਸ਼ਹੂਰ ਕਹਾਣੀ ਵਿਚ ਲਿਖੇ।

ਇਹ ਬੰਦਾ ਕੌਣ ਸੀ ਤੇ ਮਜ਼ਬੀ ਪਾਗਲਪੁੰਨੇ ਏਸ ਬੰਦੇ ਨਾਲ ਕੀ ਕੀਤਾ। ਇਹ ਗੱਲ ਹਰ ਪੰਜਾਬੀ ਨੂੰ ਕਦੇ ਨਹੀਂ ਭੁੱਲਣੀ ਚਾਹੀਦੀ। ਇਹ ਉਹ ਬੰਦਾ ਏ ਜਿਹਨੂੰ ਇਨਸਾਨੀਅਤ ਦਾ ਅਜ਼ੀਮ ਖ਼ਾਦਮ, ਪੰਜਾਬੀ ਕੌਮ ਦਾ ਨਾ ਭੁੱਲਣ ਵਾਲਾ ਮਹਾਨ ਹੀਰੋ ਤੇ ਨਵੇਂ ਲਾਹੌਰ ਦਾ ਪਿਓ ਕਿਹਾ ਜਾਵੇ ਤੇ ਗ਼ਲਤ ਨਹੀਂ ਹੋਵੇਗਾ। ਏਸ ਬੰਦੇ ਆਪਣੀ ਜ਼ਿੰਦਗੀ ਵਿਚ ਕਿਤਨੇ ਇਨਸਾਨਾਂ ਦਾ ਭਲਾ ਕੀਤਾ, ਇਹ ਗੱਲ 'ਤੇ ਵੱਖਰੀ ਰਹਿ ਗਈ ਪਰ ਇਹਦੇ ਮਰਨ ਦੇ ਮਗਰੋਂ ਅੱਜ ਤੱਕ ਕਿਤਨੇ ਇਨਸਾਨਾਂ ਦਾ ਭਲਾ ਹੋਇਆ, ਇਹਦੀ ਗਿਣਤੀ ਕਰਨੀ ਔਖਾ ਕੰਮ ਏ। ਏਸ ਦੇ ਭੱਲੇ ਦਾ ਕੰਮ ਮੁੱਕ ਨਹੀਂ ਗਿਆ, ਸਗੋਂ ਅੱਜ ਵੀ ਚਾਲੂ ਏ ਤੇ ਰਹਿੰਦੀ ਦੁਨੀਆ ਤੱਕ ਚਾਲੂ ਰਹੇਗਾ। ਅੱਜ ਵੀ ਏਸ ਬੰਦੇ ਦੀ ਪੜਪੋਤੀ ਗੰਗਾ ਰਾਮ ਹਸਪਤਾਲ ਨੂੰ ਪੈਸੇ ਘਲਦੀ ਏ।

ਬਦਕਿਸਮਤੀ ਨਾਲ ਏਸ ਬੰਦੇ ਦਾ ਇਨਸਾਨਾਂ ਦੇ ਇਸ ਗਰੁੱਪ (ਹਿੰਦੂਆਂ) ਨਾਲ ਤਾਅਲੁੱਕ ਏ ਜਿਨ੍ਹਾਂ ਨਾਲ ਨਫ਼ਰਤ ਕਰਨਾ ਮਜ਼ਹਬ ਰਾਹੀਂ 'ਸਵਾਬ' ਤੇ ਨਾਮ ਨਿਹਾਦ ਪਾਕਿਸਤਾਨੀ ਕੌਮਪ੍ਰਸਤੀ ਰਾਹੀਂ 'ਦੇਸ ਪਿਆਰ' ਦੀ ਨਿਸ਼ਾਨੀ ਬਣ ਗਿਆ ਏ। ਏਸ ਬੰਦੇ ਬਾਰੇ ਲੈਂਦੇ ਪੰਜਾਬ ਵਿਚ ਕਿਤਨੇ ਬੰਦਿਆਂ ਨੂੰ ਪਤਾ ਏ? ਉਨ੍ਹਾਂ ਦੀ ਗਿਣਤੀ ਆਟੇ ਵਿਚ ਲੂਣ ਬਰਾਬਰ ਵੀ ਨਹੀਂ। ਪਾਕਿਸਤਾਨ ਦੀ ਤਾਰੀਖ਼ ਵਿਚ ਏਸ ਬੰਦੇ ਦਾ ਨਾਂ ਵਰਜ ਦਿੱਤਾ ਗਿਆ ਏ। ਲੈਂਦੇ ਪੰਜਾਬ ਵਿਚ ਰੋਜ਼ ਸੜਕਾਂ ਤੇ ਥਾਂਵਾਂ ਦੇ ਨਾਂ ਨਾਮ ਨਿਹਾਦ ਤਾਰੀਖ਼ੀ (ਇਤਿਹਾਸਕ) ਸ਼ਖ਼ਸੀਅਤਾਂ ਦੇ ਨਾਂ ਤੇ ਰੱਖੇ ਜਾਂਦੇ ਨੇ, ਪਰ ਏਸ ਬੰਦੇ ਦੇ ਨਾਂ ਤੇ ਨਾ ਤੇ ਕਦੇ ਕਿਸੇ ਸੜਕ, ਥਾਂ ਦਾ ਨਾਂ ਰੱਖਿਆ ਗਿਆ ਏ ਤੇ ਨਾ ਈ ਏਸ ਗੱਲ ਦਾ ਖ਼ਿਆਲ ਕਦੇ ਕਿਸੇ ਨੂੰ ਆਵੇਗਾ। ਅਜਿਹੇ ਬੰਦਿਆਂ ਦੀ ਥਾਂ ਉਥੇ ਉਨ੍ਹਾਂ ਲੋਕਾਂ (ਜਿਨ੍ਹਾਂ ਵਿਚ ਵੱਡੀ ਗਿਣਤੀ ਗ਼ੈਰ ਪੰਜਾਬੀਆਂ ਦੀ ਏ) ਦੇ ਨਾਂ ਤੇ ਸੜਕਾਂ ਤੇ ਥਾਂਵਾਂ ਦੇ ਨਾਂ ਧੜਾਧੜ ਰੱਖੇ ਜਾਂਦੇ ਨੇ ਜਿਨ੍ਹਾਂ ਪੰਜਾਬ ਲਈ ਕੋਈ ਭਲੇ ਦਾ ਕੰਮ ਕਰਨ ਦੀ ਥਾਂ ਅੰਗਰੇਜ਼ਾਂ ਦੀ ਚਾਪਲੂਸੀ ਕਰਨ ਲਈ ਪੰਜਾਬ ਨਾਲ ਰੱਜ ਕੇ ਬੁਰਾ ਕੀਤਾ।



ਇਹ ਬੰਦਾ ਸਰ ਗੰਗਾ ਰਾਮ ਏ ਜਿਹਨੂੰ ਬਿਨਾ ਸ਼ੱਕ ਪੰਜਾਬੀ ਕੌਮ ਦਾ ਅਜ਼ੀਮ ਹੀਰੋ ਆਖਿਆ ਜਾ ਸਕਦਾ ਏ। ਜੇ ਕਦੇ ਮਜ਼ਬੀ ਕੱਟੜਪੁਣੇਂ ਤੋਂ ਪਾਕਿ ਪੰਜਾਬ ਦੀ ਤਾਰੀਖ਼ ਲਿਖੀ ਜਾਵੇਗੀ ਤੇ ਏਸ ਵਿਚ ਸਰ ਗੰਗਾ ਰਾਮ ਦਾ ਨਾਂ ਨਵੇਂ ਪੰਜਾਬ ਦੇ ਮੋਢੀਆਂ ਵਿਚ ਸਭ ਤੋਂ ਉਤੇ ਆਵੇਗਾ। ਇਹ ਇਕ ਸ਼ਾਨਦਾਰ ਜਿਮੀਂਦਾਰ ਤੇ ਕਦੇ ਨਾ ਭੁੱਲਣ ਵਾਲਾ ਇਨਸਾਨੀ ਭਲਾਈ (ਪੁੰਨ) ਦਾ ਅਜ਼ੀਮ ਅਲੰਬਰਦਾਰ ਸੀ।

ਇਹ ਜ਼ਿਲ੍ਹਾ ਸ਼ੇਖ਼ੂਪੁਰੇ ਦੇ ਇਕ ਪਿੰਡ ਮਾਂਗਟਾਂ ਵਾਲਾ ਵਿਚ ਅਪ੍ਰੈਲ 1851 ਵਿਚ ਜੰਮਿਆ। ਉਹਦਾ ਪਿਓ ਦੌਲਤ ਰਾਮ ਥਾਣੇ ਵਿਚ ਨਿੱਕਾ ਥਾਣੇਦਾਰ ਸੀ। ਏਸ ਮਗਰੋਂ ਇਹ ਅੰਮ੍ਰਿਤਸਰ ਜਾ ਕੇ ਰਹਿਣ ਲੱਗ ਪਿਆ ਤੇ ਅਦਾਲਤ ਵਿਚ ਰੀਡਰ ਲੱਗ ਗਿਆ। ਇਥੋਂ ਈ ਸਰ ਗੰਗਾ ਰਾਮ ਗੋਰਮਿੰਟ ਹਾਈ ਸਕੂਲ 'ਚੋਂ ਮੈਟ੍ਰਿਕ ਪਾਸ ਕੀਤਾ ਤੇ 1868 ਵਿਚ ਗੌਰਮਿੰਟ ਕਾਲਜ ਲਾਹੌਰ ਵਿਚ ਦਾਖ਼ਲ ਹੋ ਗਿਆ। 1871 ਵਿਚ ਉਹਨੇ ਵਜ਼ੀਫ਼ਾ ਹਾਸਲ ਕੀਤਾ ਤੇ ਜਾ ਕੇ ਥਾਮਸਨ ਸਿਵਲ ਇੰਜਨੀਰਿੰਗ ਕਾਲਜ ਰੁੜਕੀ ਵਿਚ ਦਾਖ਼ਲ ਹੋ ਗਿਆ। 1973 ਵਿਚ ਇਹ ਇਮਤਿਹਾਨ ਉਹਨੇ ਗੋਲਡ ਮੈਡਲ ਨਾਲ ਪਾਸ ਕੀਤਾ ਇਹਦੇ ਨਾਲ ਈ ਉਹਨੂੰ ਦਿੱਲੀ ਤੋਂ ਨੌਕਰੀ ਦਾ ਸੱਦਾ ਆ ਗਿਆ।

1873 ਵਿਚ ਪੀ ਡਬਲਿਊ ਡੀ ਵਿਚ ਕੁਝ ਚਿਰ ਕੰਮ ਕਰਨ ਮਗਰੋਂ ਉਹ ਨੌਕਰੀ ਛੱਡ ਕੇ ਜਿਮੀਂਦਾਰੀ ਵੱਲ ਆ ਗਿਆ। ਉਹਨੇ ਸਰਕਾਰ ਤੋਂ ਮਿੰਟਗੁੰਮਰੀ (ਸਾਹੀਵਾਲ) ਜ਼ਿਲ੍ਹਾ ਵਿਚ ਪੰਜਾਹ ਹਜ਼ਾਰ ਏਕੜ ਗ਼ੈਰ ਆਬਾਦ ਜ਼ਮੀਨ ਠੇਕੇ 'ਤੇ ਲਈ ਤੇ ਲੰਗੋਟਾ ਕੱਸ ਕੇ ਇਹਨੂੰ ਆਬਾਦ ਕਰਨ ਤੇ ਲੱਗ ਪਿਆ। ਇਹ ਉਸ ਵੇਲੇ ਦਾ ਸਭ ਤੋਂ ਵੱਡਾ ਪ੍ਰਾਈਵੇਟ ਕਾਰੋਬਾਰੀ ਮਨਸੂਬਾ ਸੀ। ਇਹ ਮਨਸੂਬਾ ਏਡਾ ਵੱਡਾ ਸੀ ਕਿ ਏਸ ਤੋਂ ਪਹਿਲਾਂ ਇਹੋ ਜਿਹਾ ਮਨਸੂਬਾ ਨਾ ਤੇ ਕਿਸੇ ਦੇ ਇਲਮ ਵਿਚ ਸੀ ਤੇ ਨਾ ਈ ਕਦੇ ਕਿਸੇ ਸੋਚਿਆ ਸੀ। ਉਹਨੇ ਇਕ ਹਾਈਡਰੋਲਿਕ ਪਲਾਂਟ ਰਾਹੀਂ ਇਨ੍ਹਾਂ ਹਜ਼ਾਰਾਂ ਏਕੜ ਨੂੰ ਪਾਣੀ ਦੇਣ ਦਾ ਨਿਜ਼ਾਮ ਬਣਾਇਆ ਤੇ ਤਿੰਨਾਂ ਸਾਲਾਂ ਵਿਚ ਈ ਇਹ ਗ਼ੈਰ ਆਬਾਦ ਤੇ ਬੰਜਰ ਜ਼ਮੀਨ ਹਰੇ ਭਰੇ ਖੇਤਾਂ ਵਿਚ ਬਦਲ ਗਈ। ਇਹ ਸਾਰਾ ਮਨਸੂਬਾ ਉਹਦਾ ਆਪਣਾ ਸੀ। ਏਸ ਮਨਸੂਬੇ ਰਾਹੀਂ ਉਹਨੂੰ ਕਰੋੜਾਂ ਦੀ ਆਮਦਨੀ ਹੋਈ ਪਰ ਉਹਨੇ ਇਹ ਕਰੋੜਾਂ ਰੁਪਏ ਆਪਣੇ ਕੋਲ਼ ਰੱਖਣ ਦੀ ਥਾਂ ਇਨ੍ਹਾਂ ਚੋਂ ਬਹੁਤੇ ਭੱਲੇ (ਪੁੰਨ) ਦੇ ਕੰਮਾਂ ਤੇ ਲਾ ਦਿੱਤੇ। ਇਸ ਵੇਲੇ ਪੰਜਾਬ ਦੇ ਅੰਗਰੇਜ਼ ਗਵਰਨਰ ਮੈਲਕਮ ਹਿੱਲੀ ਦੇ ਕਹਿਣ ਮੁਤਾਬਿਕ: 'ਸਰ ਗੰਗਾ ਰਾਮ ਇਕ ਹੀਰੋ ਤਰ੍ਹਾਂ ਜਿੱਤਦਾ ਏ ਪਰ ਦਰਵੇਸ਼ਾਂ ਤਰ੍ਹਾਂ ਦਾਨ ਕਰ ਦਿੰਦਾ ਏ'। ਉਹ ਇਕ ਮਹਾਨ ਇੰਜੀਨੀਅਰ ਤੇ ਏਸ ਤੋਂ ਵੀ ਵੱਡਾ ਦਾਨ-ਪੁੰਨ ਕਰਨ ਵਾਲਾ ਇਨਸਾਨ ਸੀ।

1900 ਵਿਚ ਕਿੰਗ ਐਡਵਰਡ ਦੀ ਤਾਜਪੋਸ਼ੀ ਵੇਲੇ ਲਾਰਡ ਕਰਜ਼ਨ ਨੇ ਉਹਨੂੰ ਸ਼ਾਹੀ ਦਰਬਾਰ ਬਣਾਉਣ ਦੀ ਜ਼ਿੰਮੇਦਾਰੀ ਦਿੱਤੀ। ਇਹ ਸਰ ਗੰਗਾ ਰਾਮ ਲਈ ਇਕ ਚੈਲੰਜ ਵਾਂਗੂੰ ਸੀ। ਉਹਨੇ ਦਿਨ-ਰਾਤ ਲਾ ਕੇ ਹਰ ਤਰਾਂ ਦੇ ਮਸਲੇ ਹੱਲ ਕੀਤੇ ਤੇ ਇਹ ਮਨਸੂਬਾ ਕਾਮਯਾਬੀ ਨਾਲ ਮੁਕੰਮਲ ਕੀਤਾ ਪਰ ਸਰਕਾਰ ਵੱਲੋਂ ਹਰ ਸਾਲ ਇੱਜ਼ਤ-ਮਾਣ ਲੈਣ ਵਾਲਿਆਂ ਦੀ ਲਿਸਟ ਵਿਚ ਉਹਦਾ ਨਾਂ ਨਹੀਂ ਸੀ। ਏਸ ਗੱਲ ਤੋਂ ਬਦ ਦਿਲ ਹੋ ਕੇ ਉਹ 1903 ਵਿਚ ਰੀਟਾਇਰਡ ਹੋ ਗਿਆ।

ਸਰ ਗੰਗਾ ਰਾਮ ਨੇ ਲਾਹੌਰ ਵਿਚ ਜੀ ਪੀ ਓ (ਵੱਡਾ ਡਾਕਖ਼ਾਨਾ), ਅਜਾਇਬ ਘਰ ਲਾਹੌਰ, ਐਚੀਸਨ ਕਾਲਜ ਲਾਹੌਰ, ਨੈਸ਼ਨਲ ਕਾਲਜ ਆਫ਼ ਆਰਟਸ ਲਾਹੌਰ, ਗੰਗਾ ਰਾਮ ਹਸਪਤਾਲ, ਲੇਡੀ ਮੈਕਲੈਗਨ ਗਰਲਜ਼ ਹਾਈ ਸਕੂਲ। ਗੌਰਮਿੰਟ ਕਾਲਜ ਲਾਹੌਰ ਦਾ ਕੈਮਿਸਟਰੀ ਡਿਪਾਰਟਮਿੰਟ, ਮੀਉ ਹਸਪਤਾਲ ਦਾ ਅਲਬਰਟ ਵਿਕਟਰ ਹਿੱਸਾ, ਲਾਹੌਰ ਕਾਲਜ ਫ਼ਾਰ ਵਿਮਨ, ਹਿੱਲੀ ਕਾਲਜ ਆਫ਼ ਕਾਮਰਸ, ਮਾਜ਼ੂਰਾਂ ਲਈ ਰਾਵੀ ਰੋਡ ਹਾਊਸ, ਗੰਗਾ ਰਾਮ ਟਰੱਸਟ ਬਿਲਡਿੰਗ, ਲੇਡੀ ਮੈਨਰ ਇੰਡਸਟ੍ਰੀਅਲ ਸਕੂਲ ਤੇ ਮਾਡਲ ਟਾਊਨ ਬਣਾਏ। ਵੰਡ ਤੋਂ ਪਹਿਲਾਂ ਮਾਡਲ ਟਾਊਨ ਲਾਹੌਰ ਪੂਰੇ ਪੰਜਾਬ ਦਾ ਸਭ ਤੋਂ ਮਾਡਰਨ ਤੇ ਮਿਸਾਲੀ ਇਲਾਕਾ ਗਿਣਿਆ ਜਾਂਦਾ ਸੀ।

ਏਸ ਤੋਂ ਵੱਖ ਉਹਨੇ ਰਿਨਾਲਾ ਖ਼ੁਰਦ ਵਿਚ ਬਿਜਲੀ ਘਰ ਅਤੇ ਪਠਾਨਕੋਟ ਤੇ ਅੰਮ੍ਰਿਤਸਰ ਵਿਚਕਾਰ ਰੇਲਵੇ ਲਾਈਨ ਵੀ ਬਣਾਈ। ਪਟਿਆਲਾ ਵਿਚ ਮੋਤੀ ਬਾਗ਼ ਮਹਿਲ, ਦਿੱਲੀ ਵਿਚ ਸੈਕਟਰੀਏਟ ਦੀ ਬਿਲਡਿੰਗ, ਅਦਾਲਤਾਂ, ਥਾਣੇ ਤੇ ਵਿਕਟੋਰੀਆ ਗਰਲਜ਼ ਸਕੂਲ ਵੀ ਬਣਾਏ। ਜ਼ਿਲ੍ਹਾ ਲਾਇਲਪੁਰ (ਫ਼ੈਸਲਾਬਾਦ) ਵਿਚ ਉਹਨੇ ਘੋੜਾ ਗੱਡੀ ਦੀ ਲਾਈਨ ਬਣਾਈ। ਇਹ ਇਕ ਖ਼ਾਸ ਗੱਡੀ ਸੀ ਜਿਹਦੀ ਪਟੜੀ ਤੇ ਲੋਹੇ ਦੀ ਸੀ, ਪਰ ਇੰਜਣ ਦੀ ਥਾਂ ਘੋੜੇ ਖਿੱਚਦੇ ਸਨ। ਇਹ ਲਾਈਨ ਬਚਿਆਨਾ ਰੇਲਵੇ ਸਟੇਸ਼ਨ ਤੋਂ ਉਹਦੇ ਪਿੰਡ ਗੰਗਾ ਰਾਮ ਜਾਂਦੀ ਸੀ।

ਵਾਹੀ-ਬੀਜੀ ਦੇ ਮਦਾਨ ਵਿਚ ਇਸ ਕਮਾਲ ਕੀਤੇ। ਪਹਿਲੇ ਮਿੰਟਗੁੰਮਰੀ ਵਿਚ ਪੰਜਾਹ ਹਜ਼ਾਰ ਏਕੜ ਜ਼ਮੀਨ ਠੇਕੇ 'ਤੇ ਲਈ ਫ਼ਿਰ ਹਜ਼ਾਰਾਂ ਏਕੜ ਜ਼ਮੀਨ ਜ਼ਿਲ੍ਹਾ ਲਾਇਲਪੁਰ (ਫ਼ੈਸਲਾਬਾਦ) ਵਿਚ ਮੁਲ ਲਈ। ਉਹਨੇ ਆਪਣੀ ਇੰਜਨੀਅਰਿੰਗ ਦੀ ਮੁਹਾਰਤ ਤੇ ਪਾਣੀ ਲਾਉਣ ਦੇ ਨਵੇਂ ਤਰੀਕੇ ਕੱਢ ਕੇ ਜੰਗਲ਼ ਨੂੰ ਮੰਗਲ ਬਣਾ ਦਿੱਤਾ।

ਗੰਗਾ ਰਾਮ ਹਸਪਤਾਲ ਲਾਹੌਰ, ਲੇਡੀ ਮੈਕਲੈਗਨ ਕਾਲਜ ਤੇ ਰਾਂਨਾਲਾ ਖ਼ੁਰਦ ਦਾ ਬਿਜਲੀ ਘਰ ਉਹਨੇ ਆਪਣੇ ਪੈਸੇ ਨਾਲ ਬਣਾਏ। ਏਸ ਤੋਂ ਵੱਖ ਉਹਦੇ ਹੋਰ ਕਾਰਨਾਮਿਆਂ ਦੀ ਲਿਸਟ ਬਹੁਤ ਲੰਮੀ ਏ। ਪੰਜਾਬ ਵਿਚ ਜੋ ਕੁਝ ਉਹਨੇ ਬਣਾਇਆ ਜੇ ਉਹਨੂੰ ਦੇਖਿਆ ਜਾਵੇ ਤੇ ਸ਼ਾਹਜਹਾਂ ਉਹਦੇ ਸਾਮ੍ਹਣੇ ਹੀਣਾ ਲਗਦਾ ਏ ਤੇ ਉਹਨੂੰ ਆਰਾਮ ਨਾਲ ਪੰਜਾਬ ਦਾ ਸ਼ਾਹਜਹਾਂ ਆਖਿਆ ਜਾ ਸਕਦਾ ਏ। ਉਹਨੇ ਪੰਜਾਬੀਆਂ ਨੂੰ ਇਲਮ, ਸਿਹਤ ਤੇ ਖ਼ੁਸ਼ਹਾਲੀ ਦਿੱਤੀ। ਜੋ ਕੁਝ ਉਹਨੇ ਪੰਜਾਬੀਆਂ ਲਈ ਕੀਤਾ ਤਵਾਰੀਖ਼ ਵਿਚ ਇਹੋ ਜਿਹੀ ਹੋਰ ਕੋਈ ਮਿਸਾਲ ਨਹੀਂ ਮਿਲਦੀ। ਉਹਨੇ ਨੇਕੀ ਦੇ ਸਾਰੇ ਕੰਮ ਇਨਸਾਨੀਅਤ ਨੂੰ ਮੁਖ ਰੱਖ ਕੇ ਕੀਤੇ, ਉਹਦੇ ਵਿਚ ਨਾ ਤੇ ਸਿਆਸਤ ਰਲੀ ਹੋਈ ਸੀ ਤੇ ਨਾ ਈ ਮਜ਼ਹਬ।

ਪੰਜਾਬ ਦਾ ਇਹ ਸੱਚਾ ਪੁੱਤਰ ਤੇ ਹੀਰੋ ਭਾਵੇਂ 10 ਜੁਲਾਈ 1927 ਨੂੰ. ਲੰਦਨ ਵਿਚ ਅਗਲੇ ਜਹਾਨ ਸੁਧਾਰਿਆ, ਪਰ ਇਹਦੀ ਵਸੀਅਤ ਮੁਤਾਬਿਕ ਇਹਨੂੰ ਸਾੜਨ ਮਗਰੋਂ ਇਹਦੀ ਸੁਆਹ ਲਾਹੌਰ ਲਿਆ ਕੇ ਰਾਵੀ ਕੰਢੇ ਦਫ਼ਨ ਕੀਤੀ ਗਈ।

ਚਾਹੀਦਾ ਤੇ ਇਹ ਹੈ ਕਿ ਜਿਵੇਂ ਸਾਰੀ ਦੁਨੀਆ ਆਪਣੇ ਹੀਰੋਆਂ ਦੇ ਬੁੱਤ ਬਣਾ ਕੇ ਰੱਖਦੀ ਏ, ਸਾਰੇ ਪੰਜਾਬ ਅਤੇ ਲਾਹੌਰ ਵਿਚ ਖ਼ਾਸ ਤੌਰ 'ਤੇ ਪੰਜਾਬ ਦੇ ਏਸ ਅਜ਼ੀਮ ਹੀਰੋ ਤੇ ਨਵੇਂ ਲਾਹੌਰ ਦੇ ਪਿਓ ਦੇ ਬੁੱਤ ਹੋਣ ਪਰ ਲਹਿੰਦੇ ਪੰਜਾਬ ਵਿਚ ਹਿੰਦੂਆਂ ਦੇ ਖ਼ਿਲਾਫ਼ ਸੋਦਾਈ ਨਫ਼ਰਤ ਦੇ ਹੋਣ ਪਾਰੋਂ ਏਸ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ।

ਪਰ ਇਹ ਤੇ ਮੁਮਕਿਨ ਹੈ ਕਿ ਸਾਰੇ ਪੰਜਾਬ ਦੇ ਈਮਾਨਦਾਰ, ਸਾਫ਼ ਦਿਲ ਤੇ ਕੌਮ ਪ੍ਰਸਤ ਪੰਜਾਬੀ (ਖ਼ਾਸ ਤੌਰ ਲਹਿੰਦੇ ਪੰਜਾਬ ਦੇ) ਆਪਣੇ ਦਿਲਾਂ ਵਿਚ ਗੰਗਾ ਰਾਮ ਦਾ ਬੁੱਤ ਬਣਾ ਕੇ ਰੱਖਣ।

# ਬਲੌਕਚੇਨ: ਕ੍ਰਿਪਟੋਕਰੰਸੀ ਤੋਂ ਪਰੇ ਭਵਿੱਖ ਦੀ ਚਾਬੀ

ਅੱਜ ਦੇ ਯੁੱਗ ਵਿਚ, ਇੰਟਰਨੈੱਟ ਵੀ ਉਨੀ ਹੀ ਜ਼ਰੂਰੀ ਹੋ ਗਿਆ ਹੈ, ਜਿੰਨਾ ਕਿ ਬਿਜਲੀ ਅਤੇ ਪਾਣੀ, ਹੁਣ ਅਸੀਂ ਇੰਟਰਨੈੱਟ ਤੋਂ ਬਿਨਾਂ ਨਹੀਂ ਰਹਿ ਸਕਦੇ। ਹੁਣ ਜਦੋਂ ਹੋਰ ਸੇਵਾਵਾਂ ਆਨਲਾਈਨ ਹੋ ਰਹੀਆਂ ਹਨ, ਤਾਂ ਧੋਖਾਧੜੀ ਅਤੇ ਚੋਰੀ ਵੀ ਡਿਜੀਟਲ ਸਪੇਸ ਵਿਚ ਆਨਲਾਈਨ ਹੋ ਗਈ ਹੈ। ਡੇਟਾ ਦੀ ਸੁਰੱਖਿਆ ਨੂੰ ਖਤਰੇ ਹੋਰ ਵੀ ਵਧ ਗਏ ਹਨ। ਹਰ ਰੋਜ਼, ਅਸੀਂ ਆਨਲਾਈਨ ਧੋਖਾਧੜੀ ਦੀਆਂ ਖਬਰਾਂ ਪੜ੍ਹਦੇ ਅਤੇ ਸੁਣਦੇ ਹਾਂ। ਆਪਣੇ ਆਪ ਨੂੰ ਬਚਾਉਣ ਲਈ, ਸਾਨੂੰ ਆਪਣੀ ਟੈਕਨਾਲੌਜੀ ਅਤੇ ਡੇਟਾ ਸੁਰੱਖਿਆ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ। ਅੱਜ ਦੇ ਸਮੇਂ, ਇਸ ਚੁਣੌਤੀ ਦਾ ਇਕਲੌਤਾ ਪ੍ਰਭਾਵਸ਼ਾਲੀ ਹੱਲ ਬਲੌਕਚੇਨ ਟੈਕਨਾਲੌਜੀ ਹੈ।



**ਡਾ. ਗੁਰਜੀਤ ਸਿੰਘ ਭੱਠਲ**
**ਫੋਨ: 98142-05475**

ਬਲੌਕਚੇਨ ਟੈਕਨਾਲੌਜੀ ਨੂੰ ਪਹਿਲੀ ਵਾਰ 1991 ਵਿਚ ਪੇਸ਼ ਕੀਤਾ ਗਿਆ ਸੀ, ਪਰ 2008 ਵਿਚ ਬਿਟਕੋਇਨ ਦੇ ਲਾਂਚ ਨਾਲ ਇਸਨੂੰ ਵਿਸ਼ਵ ਪੱਧਰੀ ਪਛਾਣ ਮਿਲੀ। ਹਾਲਾਂਕਿ ਕ੍ਰਿਪਟੋਕਰੰਸੀ ਇਸਦਾ ਇੱਕ ਮਹੱਤਵਪੂਰਨ ਉਪਯੋਗ ਹੈ, ਪਰ ਬਲੌਕਚੇਨ ਦੀ ਵਰਤੋਂ ਸੁਰੱਖਿਅਤ ਡੇਟਾ ਪ੍ਰਬੰਧਨ, ਵਿਕੇਂਦਰੀਕਰਣ ਐਪਲੀਕੇਸ਼ਨਾਂ ਅਤੇ ਸਮਾਰਟ ਕੰਟਰੈਕਟਾਂ ਵਰਗੇ ਕਈ ਖੇਤਰਾਂ ਵਿਚ ਹੁੰਦੀ ਹੈ। ਇਹਨੂੰ ਮੁੱਖ ਤੌਰ 'ਤੇ ਚਾਰ ਕਿਸਮਾਂ- ਜਨਤਕ (ਜਿਵੇਂ ਬਿਟਕੋਇਨ), ਪ੍ਰਾਈਵੇਟ (ਸੀਮਿਤ ਪਹੁੰਚ), ਕੰਸੋਰਟੀਅਮ (ਕਈ ਸੰਗਠਨਾਂ ਦੁਆਰਾ ਸੰਚਾਲਿਤ), ਅਤੇ ਹਾਈਬ੍ਰਿਡ (ਜਨਤਕ-ਪ੍ਰਾਈਵੇਟ ਮਿਸ਼ਰਣ) ਵਿਚ ਵੰਡਿਆ ਜਾਂਦਾ ਹੈ। ਇਹ ਟੈਕਨਾਲੌਜੀ ਪਾਰਦਰਸ਼ਤਾ, ਸੁਰੱਖਿਆ ਅਤੇ ਵਿਕੇਂਦਰੀਕਰਣ ਦੇ ਗੁਣਾਂ ਕਾਰਨ ਵੱਖ-ਵੱਖ ਉਦਯੋਗਾਂ ਲਈ ਇੱਕ ਕ੍ਰਾਂਤੀਕਾਰੀ ਤਕਨੀਕ ਬਣ ਗਈ ਹੈ।

ਬਲੌਕਚੇਨ ਇੱਕ ਡਿਜਿਟਲ ਤਕਨੀਕ ਹੈ ਜੋ ਲੈਣ-ਦੇਣ ਜਾਂ ਡੇਟਾ ਨੂੰ ਸੁਰੱਖਿਅਤ ਅਤੇ ਕ੍ਰਮਬੱਧ ਢੰਗ ਨਾਲ ਰਿਕਾਰਡ ਕਰਦੀ ਹੈ। ਇਹ ਡੇਟਾ 'ਬਲੌਕਾਂ' ਵਿਚ ਹੁੰਦਾ ਹੈ ਜੋ ਇੱਕ 'ਚੇਨ' ਵਾਂਗ ਜੋੜੇ ਜਾਂਦੇ ਹਨ। ਹਰ ਨਵਾਂ ਬਲਾਕ ਪਿਛਲੇ ਨਾਲ ਜੁੜਿਆ ਹੁੰਦਾ ਹੈ ਅਤੇ ਇਸਨੂੰ ਸਾਰੇ ਨੈੱਟਵਰਕ ਵਿਚ ਸ਼ੇਅਰ ਕੀਤਾ ਜਾਂਦਾ ਹੈ। ਇਸ ਤਕਨੀਕ ਨਾਲ ਕੋਈ ਵੀ ਜਾਣਕਾਰੀ ਬਿਨਾ ਸਹਿਮਤੀ ਦੇ ਬਦਲੀ ਨਹੀਂ ਜਾ ਸਕਦੀ। ਬਲੌਕਚੇਨ ਵਿਚੋਲਿਆਂ ਦੀ ਲੋੜ ਨੂੰ ਘਟਾ ਦਿੰਦੀ ਹੈ ਅਤੇ ਪਾਰਦਰਸ਼ਤਾ, ਸੁਰੱਖਿਆ ਤੇ ਭਰੋਸੇਯੋਗਤਾ ਨੂੰ ਵਧਾਉਂਦੀ ਹੈ, ਜਿਸ ਕਾਰਨ ਇਹ ਅੱਜ-ਕੱਲ੍ਹ ਵੱਖ-ਵੱਖ ਖੇਤਰਾਂ ਵਿਚ ਵਰਤੀ ਜਾਂਦੀ ਹੈ।

ਬਲੌਕਚੇਨ ਦੀ ਖਾਸ ਗੱਲ ਇਹ ਹੈ ਕਿ ਇਹ ਰਿਵਾਇਤੀ ਪ੍ਰਣਾਲੀਆਂ ਤੋਂ ਬਿਲਕੁਲ ਵੱਖਰੀ ਹੈ। ਆਮ ਤੌਰ 'ਤੇ ਡੇਟਾ ਇੱਕ ਕੇਂਦਰੀ ਸਰਵਰ 'ਤੇ ਸੰਭਾਲਿਆ ਜਾਂਦਾ ਹੈ, ਜਿੱਥੇ ਸਿਰਫ ਇਕ ਅਥਾਰਟੀ ਨੂੰ ਉਹ ਡੇਟਾ ਬਦਲਣ ਜਾਂ ਵੇਖਣ ਦਾ ਹੱਕ ਹੁੰਦਾ ਹੈ। ਪਰ ਬਲੌਕਚੇਨ ਵਿਚ, ਇਹ ਡੇਟਾ ਹਰੇਕ ਹਿੱਸੇਦਾਰ ਕੋਲ ਇੱਕੋ ਜਿਹਾ ਨਕਲ ਰੂਪ ਵਿਚ ਮੌਜੂਦ ਹੁੰਦਾ ਹੈ—ਜਿਵੇਂ ਕਿ ਇੱਕ ਸਾਂਝੀ ਡਾਇਰੀ, ਜਿਸ ਵਿਚ ਲਿਖੀ ਹਰ ਲਾਈਨ ਸਭ ਦੇ ਸਾਹਮਣੇ ਹੈ। ਕੋਈ ਵੀ ਵਿਅਕਤੀ ਇਸ ਡਾਇਰੀ ਵਿਚ ਕੁਝ ਨਵਾਂ ਜੋੜਨ ਲਈ ਸਾਰਿਆਂ ਦੀ ਸਹਿਮਤੀ ਲੈਂਦਾ ਹੈ। ਇਸ ਕਾਰਨ ਨਾ ਤਾਂ ਡੇਟਾ ਚੁੱਪ-ਚਾਪ ਬਦਲਿਆ ਜਾ ਸਕਦਾ ਹੈ, ਨਾ ਹੀ ਕੋਈ ਵੀ ਇਸ ਦੀਆਂ ਉਲਥਾ ਬਣਾ ਸਕਦੇ ਹਨ। ਇਹ ਵਿਸ਼ਵਾਸ ਦੀ ਕਮੀ ਨੂੰ ਪੂਰਾ ਕਰ ਕੇ ਵੱਡੇ ਪੱਧਰ 'ਤੇ ਨਵੀਆਂ ਸੋਚਾਂ ਅਤੇ ਪ੍ਰਣਾਲੀਆਂ ਲਈ ਰਾਹ ਖੋਲ੍ਹਦਾ ਹੈ।




ਬਲੌਕਚੇਨ ਟੈਕਨਾਲੌਜੀ ਨੇ ਵਿੱਤੀ ਖੇਤਰ ਵਿਚ ਕ੍ਰਾਂਤੀ ਲਿਆਂਦੀ ਹੈ, ਜੋ ਕਰਾਸ-ਬਾਰਡਰ ਭੁਗਤਾਨਾਂ ਨੂੰ ਤੇਜ਼, ਸੁਰੱਖਿਅਤ ਅਤੇ ਘੱਟ ਖਰਚੀਲਾ ਬਣਾਉਂਦੀ ਹੈ। ਇਸੇ ਤਰ੍ਹਾਂ ਸਿਹਤ ਸੇਵਾ ਖੇਤਰ ਵਿਚ, ਇਹ ਮਰੀਜ਼ਾਂ ਦੇ ਮੈਡੀਕਲ ਰਿਕਾਰਡਾਂ ਨੂੰ ਸੁਰੱਖਿਅਤ ਢੰਗ ਨਾਲ ਸੰਭਾਲਦੀ ਹੈ, ਜਿਸ ਨਾਲ ਡਾਕਟਰਾਂ ਨੂੰ ਸਹੀ ਅਤੇ ਸਮੇਂ ਸਿਰ ਜਾਣਕਾਰੀ ਮਿਲਦੀ ਹੈ। ਮੈਡੀਕਲ ਚੇਨ ਵਰਗੇ ਪਲੇਟਫਾਰਮ ਡੇਟਾ ਦੀ ਪਰਦੇਦਾਰੀ ਅਤੇ ਸੁਰੱਖਿਆ ਨੂੰ ਯਕੀਨੀ ਬਣਾਉਂਦੇ ਹੋਏ, ਵੱਖ-ਵੱਖ ਸਿਹਤ ਸੇਵਾ ਪ੍ਰਦਾਤਾਵਾਂ ਵਿਚਕਾਰ ਜਾਣਕਾਰੀ ਸਾਂਝੀ ਕਰਨ ਨੂੰ ਆਸਾਨ ਬਣਾਉਂਦੇ ਹਨ।

ਇੰਟਰਨੈੱਟ ਆਫ ਥਿੰਗਜ਼ (IoT) ਅਤੇ ਸਪਲਾਈ ਚੇਨ ਪ੍ਰਬੰਧਨ ਵਿਚ ਬਲੌਕਚੇਨ ਨੇ ਸੁਰੱਖਿਆ ਅਤੇ ਪਾਰਦਰਸ਼ਤਾ ਨੂੰ ਨਵਾਂ ਆਧਾਰ ਦਿੱਤਾ ਹੈ। IoT ਡਿਵਾਇਸਾਂ ਲਈ ਇਹ ਇੱਕ ਸੁਰੱਖਿਅਤ ਪਲੇਟਫਾਰਮ ਪ੍ਰਦਾਨ ਕਰਦੀ ਹੈ, ਜੋ ਸਾਈਬਰ ਹਮਲਿਆਂ ਤੋਂ ਬਚਾਅ ਕਰਦੀ ਹੈ। ਸਪਲਾਈ ਚੇਨ ਵਿਚ IBM ਫੂਡ ਟਰੱਸਟ ਅਤੇ ਵਾਲਮਾਰਟ ਵਰਗੇ ਹੱਲ ਉਤਪਾਦਾਂ ਦੀ ਟ੍ਰੈਕਿੰਗ ਨੂੰ ਪਾਰਦਰਸ਼ੀ ਬਣਾਉਂਦੇ ਹਨ, ਜਿਸ ਨਾਲ ਧੋਖਾਧੜੀ ਘਟਦੀ ਹੈ ਅਤੇ ਗੁਣਵੱਤਾ ਯਕੀਨੀ ਬਣਦੀ ਹੈ। ਇਸਟੋਨੀਆ ਦੀ ਡਿਜੀਟਲ ਪਛਾਣ ਪ੍ਰਣਾਲੀ ਵੀ ਇਸ ਟੈਕਨਾਲੌਜੀ ਦੀ ਸਫਲਤਾ ਦੀ ਮਿਸਾਲ ਹੈ, ਜੋ ਵੱਖ-ਵੱਖ ਖੇਤਰਾਂ ਵਿਚ ਭਰੋਸਾ ਅਤੇ ਕੁਸ਼ਲਤਾ ਵਧਾਉਂਦੀ ਹੈ।

ਬਲੌਕਚੇਨ ਟੈਕਨਾਲੌਜੀ ਨੂੰ ਕੁਝ ਵੱਡੀਆਂ ਰੁਕਾਵਟਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਪਹਿਲੀ ਮੁਸ਼ਕਲ ਸਕੇਲੇਬਿਲਿਟੀ ਦੀ ਹੈ - ਜਦੋਂ ਵਰਤੋਂਕਾਰਾਂ ਦੀ ਗਿਣਤੀ ਵਧਦੀ ਹੈ, ਤਾਂ ਬਿਟਕੋਇਨ ਵਰਗੇ ਨੈੱਟਵਰਕ ਸੁਸਤ ਹੋ ਜਾਂਦੇ ਹਨ ਅਤੇ ਫੀਸਾਂ ਵਧ ਜਾਂਦੀਆਂ ਹਨ। ਇਸ ਦਾ ਹੱਲ ਲੱਭਣ ਲਈ, ਨਵੀਆਂ ਤਕਨੀਕਾਂ ਜਿਵੇਂ ਲੇਅਰ-2 ਸਕੇਲਿੰਗ ਅਤੇ ਸ਼ਾਰਡਿੰਗ 'ਤੇ ਕੰਮ ਹੋ ਰਿਹਾ ਹੈ। ਦੂਜੀ ਵੱਡੀ ਸਮੱਸਿਆ ਊਰਜਾ ਦੀ ਵੱਧ ਖਪਤ ਹੈ, ਖਾਸ ਕਰਕੇ ਬਿਟਕੋਇਨ ਵਰਗੇ ਸਿਸਟਮਾਂ ਵਿਚ ਜੋ ਪਰੂਫ਼-ਆਫ਼-ਵਰਕ ਦੀ ਵਰਤੋਂ ਕਰਦੇ ਹਨ। ਹੁਣ ਪਰੂਫ਼-ਆਫ਼-ਸਟੇਕ ਵਰਗੇ ਘੱਟ ਊਰਜਾ ਵਾਲੇ ਤਰੀਕੇ ਅਪਣਾਏ ਜਾ ਰਹੇ ਹਨ।

ਸਰਕਾਰੀ ਨਿਯਮਾਂ ਦੀ ਅਨਿਸ਼ਚਿਤਤਾ ਵੀ ਇੱਕ ਵੱਡੀ ਰੁਕਾਵਟ ਹੈ, ਕਿਉਂਕਿ ਵੱਖ-ਵੱਖ ਦੇਸ਼ ਬਲੌਕਚੇਨ ਨੂੰ ਲੈ ਕੇ ਅਲੱਗ-ਅਲੱਗ ਨਿਯਮ ਬਣਾ ਰਹੇ ਹਨ। ਸੁਰੱਖਿਆ ਦੇ ਮਾਮਲੇ ਵਿਚ, ਹਾਲਾਂਕਿ ਬਲੌਕਚੇਨ ਆਮ ਤੌਰ 'ਤੇ ਸੁਰੱਖਿਅਤ

*(ਬਾਕੀ ਅਗਲੇ ਸਫੇ 'ਤੇ)*

# ਹਿੰਦ-ਪਾਕਿ ਤਣਾਅ: ਕੀ ਹੁਣ ਪਾਣੀਆਂ ਲਈ ਖ਼ੂਨ ਵਹੇਗਾ?

## ('...ਜੰਗ ਟਲਤੀ ਰਹੇ ਤੋ ਬੇਹਤਰ ਹੈ')

ਜੰਗਾਂ ਵਿਚ ਪਾਣੀਆਂ ਵਾਂਗ ਖ਼ੂਨ ਵਹਿੰਦੈ। ਪਰ ਕੀ ਅਗਲੀ ਭਾਰਤ-ਪਾਕਿ ਜੰਗ ਪਾਣੀਆਂ ਲਈ ਹੋਵੇਗੀ? ਜਾਂ ਹੁਣ ਪਾਣੀਆਂ ਲਈ ਖ਼ੂਨ ਵਹੇਗਾ? ਅੱਜ-ਕੱਲ੍ਹ ਇਹ ਪ੍ਰਸ਼ਨ ਅਤੇ ਇਸ ਦਾ ਸੰਭਾਵੀ ਖਤਰਨਾਕ ਉੱਤਰ ਸਾਨੂੰ ਬਹੁਤ ਸਤਾ ਰਹੇ ਹਨ।

ਸਤੇ ਤਾਂ ਅਸੀਂ 22 ਅਪ੍ਰੈਲ ਤੋਂ ਹੀ ਹਾਂ। ਮਨ ਅਸ਼ਾਂਤ ਹੈ, ਦਿਲ ਬੇਚੈਨ ਅਤੇ ਰੂਹ ਰੁੰਧੀ ਹੋਈ! 26 ਮਾਸੂਮ ਤੇ ਨਿਹੱਥੇ ਭਾਰਤੀ ਨਾਗਰਿਕਾਂ, ਜਿਨ੍ਹਾਂ ਵਿਚ ਇਕ ਨਵ-ਵਿਹਾਇਆ ਹਨੀਮੂਨ ਜੋੜਾ ਵੀ ਸੀ, ਨੂੰ ਸਿਰ ਫਿਰੇ ਅਤਿਵਾਦੀਆਂ ਨੇ ਪਹਿਲਗਾਮ ਦੇ ਇਕ ਹਰਿਆਵਲੇ ਮੈਦਾਨ ਬੈਸਰਨ ਵਿਚ ਗੋਲੀਆਂ ਨਾਲ ਭੁੰਨ ਸੁਟਿਆ। ਧਰਮ ਪੁੱਛ ਕੇ ਅਤੇ ਕਲਮਾਂ ਪੜ੍ਹਵਾ ਕੇ, ਪੂਰੀ ਤਰ੍ਹਾਂ ਪਰਖ-ਪੜਤਾਲ ਕਰਨ ਉਪਰੰਤ ਛੁਟੀਆਂ ਮਨਾਉਣ ਗਏ ਪਰਿਵਾਰਾਂ 'ਚੋਂ ਪੁਰਸ਼ ਸੈਲਾਨੀਆਂ ਦਾ ਉਨ੍ਹਾਂ ਦੀਆਂ ਪਤਨੀਆਂ, ਧੀਆਂ-ਪੁੱਤਰਾਂ ਅਤੇ ਹੋਰ ਰਿਸ਼ਤੇਦਾਰਾਂ ਦੇ



ਪ੍ਰੋ. ਜਸਵੰਤ ਸਿੰਘ ਗੰਡਮ
ਫੋਨ: 98766-55055

ਸਾਹਮਣੇ ਬੇਰਹਿਮੀ ਨਾਲ ਕਤਲੇਆਮ ਕੀਤਾ ਗਿਆ।

ਸਾਨੂੰ ਤਾਂ ਕੀ, ਪੂਰੇ ਸੰਸਾਰ ਨੂੰ ਇਕ ਤਸਵੀਰ ਬਹੁਤ ਸਮੇਂ ਤਕ 'ਹਾਂਟ' ਕਰਦੀ ਰਹੇਗੀ। ਇਹ ਤਸਵੀਰ ਆਤੰਕਵਾਦ ਦੇ ਵਿਕਰਾਲ ਰੂਪ, ਸਜਰੇ ਜੀਵਨ ਦੀ ਸਵੇਰ ਸ਼ੁਰੂ ਕਰਨ ਦੇ ਸੁਪਨੇ ਦੀ ਸੰਘੀ ਘੁਟਣ ਅਤੇ ਇਕ ਨਵ-ਵਿਆਹੀ ਦੁਲਹਨ ਦੀ ਬੇਬਸੀ ਦੀ ਦਾਸਤਾਂ ਦੀ ਹਿਰਦੇ-ਵਲੂੰਧਰਵੀਂ 'ਸਿਗਨੇਚਰ ਸਟੇਟਮੈਂਟ' ਬਣੀ ਰਹੇਗੀ।

ਆਪਾਂ ਸਭ ਨੇ ਦੇਖੀ ਹੈ ਇਹ ਫੋਟੋ। ਦੇਖੀ ਕੀ, ਇਹ ਤਾਂ ਸਾਡੀ ਰੂਹ ਤੀਕ ਧਸੀ ਹੋਈ ਹੈ ਤੇ ਧਸੀ ਰਹੇਗੀ। ਇਸ ਵਿਚ ਇਕ 26 ਸਾਲ ਦੇ ਨੌਜਵਾਨ ਦੂਲ੍ਹੇ ਜਲ ਸੈਨਾ ਦੇ ਲੈਫਟੀਨੈਂਟ ਵਿਨੇ ਨਰਵਾਲ ਦੀ ਲਾਸ਼, ਇਕ ਬਿਖਰੀ ਹੋਈ ਚੂੜਿਆਂ-ਮੜ੍ਹੀ ਕਲਾਈਆਂ ਵਾਲੀ ਅਧਿਆਪਕਾ ਦੁਲਹਨ ਹਿਮਾਂਸ਼ੀ ਅਤੇ ਉਦਾਸ ਬੈਗ ਦਿਖਾਈ ਦੇ ਰਹੇ ਹਨ। ਇਉਂ ਲਗਦੈ ਜਿਵੇਂ ਇਹ ਤਿੰਨੇ ਜਣੇ ਕੋਈ ਸੁੰਨ ਜਿਹਾ ਨਗ ਬਣੀ ਬੈਠੇ ਹੋਣ!

ਭਾਰਤ ਭੜਕ ਪਿਆ ਇਹ ਸਭ ਕੁਝ ਦੇਖ/ਸੁਣ ਕੇ। ਭੜਕਣਾ ਹੀ ਸੀ। ਭਾਰਤ ਕੀ, ਪੂਰਾ ਵਿਸ਼ਵ ਹੀ ਸਕਤੇ ਵਿਚ ਆ ਗਿਆ। ਸਰਹੱਦ ਪਾਰ ਵੀ ਤਾਂ ਧੀਆਂ-ਪੁੱਤਰਾਂ ਵਾਲੇ ਰਹਿੰਦੇ ਹੀ ਹੋਣਗੇ, ਕੁਝ ਕੁ ਤਾਂ ਦਿਲਾਂ ਵਾਲੇ ਵੀ ਹੋਣਗੇ, ਇਹ ਸਭ ਕੁਝ ਉਨ੍ਹਾਂ ਨੂੰ ਵੀ ਦੁਖੀ ਕਰਦਾ ਹੋਊ, ਖਾਸ ਕਰਕੇ ਉਪਰੋਕਤ ਚਰਚਿਤ ਫੋਟੋ। ਜੇ ਨਹੀਂ, ਤਾਂ ਫਿਰ ਇਨਸਾਨੀਅਤ ਦੂਸਰੇ ਪਾਰੋਂ ਕਿਧਰੇ ਹੋਰ ਹਿਜਰਤ ਕਰ ਗਈ ਹੈ!

ਵੈਸੇ, ਅਸੀਂ ਜੰਗਾਂ-ਯੁੱਧਾਂ ਦੇ ਵਿਰੁਧ ਹਾਂ। ਬਿਲਕੁਲ ਸ਼ਾਤੀ-ਪਸੰਦ ਬੰਦੇ। ਬਹੁਤੇ ਲੋਕ ਅਮਨ-ਸ਼ਾਤੀ ਨਾਲ ਹੀ ਰਹਿਣਾ ਚਾਹੁੰਦੇ ਹਨ। ਪਰ ਅਜੋਕੀ ਸਥਿੱਤੀ ਵਿਚ ਅਮਨ ਦੀ ਗੱਲ ਕਰਨੀ 'ਆ ਬੈਲ ਮੁਝੇ ਮਾਰ' ਵਰਗੀ ਗੱਲ ਐ। ਹਵਾਵਾਂ ਵਿਚ ਬਰੂਦ, ਫਿਜ਼ਾਵਾਂ ਵਿਚ ਪਾਣੀ-ਬੰਬ, ਸਰਹੱਦ ਦੇ ਆਰ-ਪਾਰ 'ਪ੍ਰਮਾਣੂ-ਬੰਬ' ਦੀਆਂ ਗੱਲਾਂ ਹੋ ਰਹੀਆਂ ਹਨ। ਚਲੋ, ਇਸ ਵਾਰ ਕੱਟਾ-ਕੱਟੀ ਕੱਢ ਹੀ ਲਉ। ਇਕ ਹੋਰ ਜੰਗ ਕਰ ਕੇ ਦੇਖ ਲਉ। ਦੋਵੇਂ ਪਾਸਿਆਂ ਦੇ 'ਜੰਗਜੂ' ਲੋਕਾਂ ਦੀ ਮੰਨ ਲਉ। ਹਰ ਵਾਰ 'ਹਵਾ' ਜਿਹੀ ਛਡੀ ਜਾਣ ਦਾ ਕੀ ਫਾਇਦੈ?

ਪਰ ਕੀ ਜੰਗ-ਯੁੱਧ ਕਰਨੇ ਐਨੇ ਸੌਖੇ ਹਨ? ਆਪਾਂ ਸਿੰਧੂ ਪਾਣੀਆਂ ਦਾ ਸਮਝੌਤਾ ਮੁਅੱਤਲ ਕਰ ਦਿਤਾ ਹੈ, ਉਨ੍ਹਾਂ ਆਪਣਾ ਹਵਾਈ ਸਪੇਸ ਸਾਡੇ ਲਈ ਬੰਦ ਕਰ ਦਿਤਾ ਹੈ। ਬਾਕੀ ਕਦਮ ਵੀ ਵਾਰੋ-ਵਾਰੀ ਬਰਾਬਰ ਦੇ ਚੁਕੇ ਜਾ ਰਹੇ ਹਨ। ਅਟਾਰੀ-ਵਾਘਾ ਬਾਰਡਰ ਬੰਦ ਕਰਨਾ, ਨਾਗਰਿਕਾਂ ਨੂੰ ਤੁਰੰਤ ਇਕ ਦੂਜੇ ਦੇ ਦੇਸ਼ ਛਡਣ ਲਈ ਕਹਿਣਾ, ਵੀਜ਼ੇ ਰਦ ਕਰਨਾ, ਹਾਈ ਕਮਿਸ਼ਨਾਂ ਦਾ ਦਰਜਾ ਘਟਾਉਣਾ ਆਦਿ।

ਭਾਵੇਂ ਦੂਸਰੇ ਪਾਸਿਓਂ ਚੁਕੇ ਗਏ ਕਦਮ 'ਨਾਲੇ ਚੋਰ ਨਾਲੇ ਚਤਰ' ਵਰਗੇ ਹਨ, ਪਰ ਇਨ੍ਹਾਂ 'ਚੋਂ ਇਕ ਤਾਂ ਫੌਰੀ ਪ੍ਰਭਾਵ ਪਾਉਣ ਵਾਲਾ ਹੈ, ਭਾਵ ਪਾਕਿਸਤਾਨ ਵਲੋਂ ਸਾਡੀਆਂ ਕੌਮਾਂਤਰੀ ਉਡਾਨਾਂ ਲਈ ਆਪਣਾ ਹਵਾਈ ਸਪੇਸ ਬੰਦ ਕਰਨਾ। ਇਸ ਨਾਲ ਪੱਛਮ ਵਾਲੇ ਪਾਸੇ ਨੂੰ ਜਾਣ ਵਾਲੀਆਂ ਉਡਾਨਾਂ, ਸਮੇਤ ਸੰਯੁਕਤ ਅਰਬ ਅਮੀਰਾਤ ਤੇ ਹੋਰ ਦੇਸ਼ਾਂ ਦੇ, ਤੁਰੰਤ ਪ੍ਰਭਾਵਤ ਹੋ ਗਈਆਂ ਹਨ।

ਸਥਿੱਤੀ ਐਨੀ 'ਫਲੂਇਡ' (ਅਨਿਸਚਿਤ) ਹੈ ਕਿ ਇਹ ਲੇਖ ਛਪਣ ਤਕ ਪਤਾ ਨਹੀਂ ਕੀ ਵਾਪਰ ਜਾਣੈ?


ਦੋਵਾਂ ਪਾਸਿਆਂ ਤੋਂ ਬਿਆਨ ਤੇ ਬਿਆਨ ਦਾਗੇ ਜਾ ਰਹੇ ਹਨ। ਪਾਕਿਸਤਾਨ ਨੂੰ ਇਕ ਬੂੰਦ ਵੀ ਪਾਣੀ ਨਹੀਂ ਦਿਤਾ ਜਾਵੇਗਾ। ਦੁਸ਼ਮਣ ਨੂੰ ਤ੍ਰਿਹਾਇਆ-ਪਿਆਸਾ ਤੜਪਾ-ਤੜਪਾ ਕੇ ਮਾਰਿਆ ਜਾਵੇਗਾ, ਉਸ ਦੀ ਖੇਤੀ, ਆਰਥਿਕਤਾ, ਉਦਯੋਗ, ਜੀਵਨ, ਜਾਣੀ ਹਰ ਪੱਖ ਨੂੰ ਸੇਕ ਲਗੇਗਾ। ਉਹ ਰੇਗਿਸਤਾਨ ਬਣ ਜਾਵੇਗਾ। ਓਧਰੋਂ ਪ੍ਰਮਾਣੂ ਬੰਬ ਦੀਆਂ ਧਮਕੀਆਂ ਦਿਤੀਆਂ ਜਾ ਰਹੀਆਂ ਹਨ, ਪਹਿਲਗਾਮ ਦੇ ਕਾਤਲਾਂ ਨੂੰ ਆਜ਼ਾਦੀ ਘੁਲਾਟੀਏ ਕਹਿ ਕੇ ਵਡਿਆਇਆ ਜਾ ਰਿਹੈ। ਓਧਰ ਵੱਖ-ਵੱਖ ਨੇਤਾ 'ਤਾਲੋਂ ਘੁੱਥੀ ਡੂਮਣੀ ਬੋਲੇ ਆਲ ਪਾਤਾਲ' ਵਾਂਗ ਆਪੋ ਆਪਣੀ ਡਫਲੀ ਵਜਾ ਰਹੇ ਹਨ।

ਪਰ ਸਿੰਧੂ ਪਾਣੀਆਂ ਦਾ ਸਮਝੌਤਾ/ਸੰਧੀ ਕੋਈ ਟਿਊਬਵੈਲ ਬੰਦ ਕਰਨ ਬਰਾਬਰ ਤਾਂ ਹੈ ਨਈਂ ਕਿ ਬਟਨ ਦਬਾਇਆ ਤਾਂ ਬੰਦ ਹੋ ਗਿਆ, ਫਿਰ ਦਬਾਇਆ ਤਾਂ ਚਲ ਪਿਆ। 1960 ਵਿਚ ਕੀਤਾ ਗਈ ਇਹ ਸੰਧੀ ਅਣਵੰਡੇ ਭਾਰਤ ਦੇ 6 ਦਰਿਆਵਾਂ ਨਾਲ ਸਬੰਧਤ ਹੈ। ਇਨ੍ਹਾਂ 'ਚੋਂ 3 ਪੂਰਬੀ ਦਰਿਆ ਹਨ-ਸਤਲੁਜ, ਰਾਵੀ, ਬਿਆਸ ਅਤੇ 3 ਪੱਛਮੀ ਦਰਿਆ ਹਨ-ਜੇਹਲਮ, ਝਨਾਅ (ਚਨਾਬ) ਅਤੇ ਸਿੰਧ। ਹੈ ਤਾਂ ਇਹ ਉਲਾਰ ਜਿਹਾ, ਕਿਉਂਕਿ ਕਰੀਬ 80% ਪਾਣੀ ਦਾ ਹਿਸਾ ਪਾਕਿਸਤਾਨ ਨੂੰ ਦਿਤਾ ਗਿਐ ਤੇ ਸਾਨੂੰ ਸਿਰਫ 20%।

ਪਰ ਦਰਿਆਵਾਂ ਦੇ ਵਹਿਣ ਤੁਰੰਤ ਤਾਂ ਰੋਕੇ ਨਹੀਂ ਜਾ ਸਕਦੇ। ਅਰਬਾਂ ਕਰੋੜ ਰੁਪਿਆ ਚਾਹੀਦੈ ਵਹਿਣ ਮੋੜਨ ਲਈ, ਪਹਾੜਾਂ ਵਰਗੇ ਬੰਨ੍ਹ ਬੰਨ੍ਹਣ ਤੇ ਪਾਣੀ ਸਾਂਭਣ ਲਈ। ਚਲੋ, ਭਾਰਤ ਦੀ ਅਰਥ-ਵਿਵਸਥਾ ਸਿਹਤਮੰਦ ਹੈ, ਪੈਸਾ ਖਰਚ ਲਿਆ ਜਾਵੇਗਾ, ਵੈਸੇ ਵੀ ਜਿਥੇ ਸਵਾਲ ਸਵੈਮਾਣ, ਸੁਰੱਖਿਆ ਅਤੇ ਪ੍ਰਭੂਸੱਤਾ ਦਾ ਹੋਵੇ, ਓਥੇ ਪੈਸੇ ਨਹੀਂ ਦੇਖੀਦੇ॥ ਪਰ ਬੰਨ੍ਹ ਬੰਨ੍ਹ ਕੇ ਪਾਣੀ ਸੰਭਾਲਣਾ ਕਿਵੇਂ ਹੈ? ਇਹ ਸਟੋਰ ਕੀਤੇ ਜਾਣ ਵਾਲੀ ਵਸਤ ਤਾਂ ਹੈ ਨਹੀਂ। ਬਰਸਾਤਾਂ ਵਿਚ ਸਾਡੇ ਇਧਰਲੇ ਦਰਿਆਵਾਂ ਵਿਚ ਜਦ ਪਾਣੀ ਚੜ੍ਹਦੈ ਜਾਂ ਹੜ੍ਹ ਆਉਂਦੇ ਹਨ ਤਾਂ ਸਾਨੂੰ ਪੁੱਛ ਕੇ ਤਾਂ ਪਾਣੀ ਸਰਹੱਦੋਂ ਪਾਰ ਨਹੀਂ ਜਾਂਦਾ। ਭਲਾ ਹੜ੍ਹਾਂ ਨੂੰ ਜਾਂ ਪਾਣੀ ਨੂੰ ਕਿਹੜਾ ਕਿਸੇ ਵੀਜ਼ੇ ਦੀ ਲੋੜ ਹੁੰਦੀ ਹੈ! ਜਾਂ ਕਿਸੇ ਸਰਹੱਦ ਦਾ ਸਹਿਮ ਹੁੰਦੈ! ਬਰਸਾਤ ਆਉਣ ਵਾਲੀ ਹੈ, ਕੀ ਅਸੀਂ ਉਦੋਂ ਤੀਕ ਇਨ੍ਹਾਂ ਦਰਿਆਵਾਂ ਦੇ ਪਾਣੀਆਂ ਨੂੰ ਬੰਨ੍ਹ ਮਾਰ ਲਵਾਂਗੇ? ਵੈਸੇ ਜੇ ਮੁਹਾਣ ਮੋੜੇ ਜਾ ਸਕਣ ਤਾਂ ਪੰਜਾਬ, ਹਰਿਆਣਾ, ਰਾਜਸਥਾਨ ਦੀ ਚੁਰਾਸੀ ਕਟੀ ਜਾਵੇਗੀ। ਇਨ੍ਹਾਂ ਪ੍ਰਾਂਤਾਂ, ਖਾਸ ਕਰਕੇ ਦੂਜੇ ਦੋ ਪ੍ਰਾਂਤਾਂ, ਦਾ ਪਾਣੀ ਦੇ ਸੰਕਟ ਦਾ ਹੱਲ ਹੋ ਜਾਵੇਗਾ। ਸੋਨੇ ਤੇ ਸੁਹਾਗੇ ਵਾਂਗ, ਪੰਜਾਬ ਨਾਲ ਹਰਿਆਣੇ ਦੀ ਪਾਣੀ ਬਾਰੇ ਸਤਲੁਜ-ਯਮੁਨਾ ਲਿੰਕ ਨਹਿਰ ਨਾਲ ਸਬੰਧਤ ਘਿਚ-ਘਿਚ ਵੀ ਮੁਕ ਜਾਵੇਗੀ (ਉਂਝ ਇਹ ਘਿਚ-ਘਿਚ ਸਾਡੇ ਦੇਸ਼ 'ਚ ਕਾਵੇਰੀ ਨਦੀ ਦੇ ਪਾਣੀਆਂ ਦੀ ਵੰਡ ਨੂੰ ਲੈ ਕੇ ਦੱਖਣ ਦੇ ਰਾਜਾਂ ਕਰਨਾਟਕਾ ਅਤੇ ਤਾਮਿਲਨਾਡੂ ਵਿਚ ਵੀ ਹੁੰਦੀ ਹੀ ਰਹਿੰਦੀ ਹੈ)।

ਓਧਰੋਂ ਪਹਿਲਾਂ ਹੀ ਕਿਹਾ ਜਾ ਚੁਕੈ ਕਿ ਸਿੰਧੂ ਪਾਣੀਆਂ ਦੀ ਸੰਧੀ ਰੱਦ ਕਰਨ ਨੂੰ ਜੰਗ ਸਮਝਿਆ ਜਾਵੇਗਾ। ਜਿਸ ਦਾ ਮਤਲਬ ਸਾਫ ਹੈ ਕਿ ਇਸ ਮੁਅੱਤਲੀ ਨੂੰ ਕੌਮਾਂਤਰੀ ਅਦਾਲਤ ਵਿਚ ਜਾਂ ਇਸ ਸਮਝੌਤੇ ਦੀ ਸਾਲਸ ਵਿਸ਼ਵ ਬੈਂਕ ਵਿਚ ਉਠਾਇਆ ਜਾਵੇਗਾ ਤੇ ਜੇ ਗੱਲ ਨਾਂ ਬਣੀ ਤਾਂ ਜੰਗ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕੇਗਾ।

ਸਵਾਲ ਦੁਹਰਾਉਂਦੇ ਹਾਂ-ਕੀ ਜੰਗ ਕਰਨੀ ਐਨੀ ਸੌਖੀ ਹੈ? ਚੀਨ ਪ੍ਰਤੱਖ ਤੌਰ 'ਤੇ ਪਾਕਿਸਤਾਨ ਨਾਲ ਖੜੈ। ਚੀਨ ਦੇ ਰਾਸ਼ਟਰਪਤੀ ਜ਼ੀ.ਜਿੰਨਪਿੰਗ ਨੇ ਤਾਂ ਪਹਿਲਗਾਮ ਦੇ ਕਤਲੇਆਮ ਦੀ ਨਿੰਦਾ ਤਕ ਨਹੀਂ ਕੀਤੀ, ਫਿਰ ਉਹ ਆਪਣੇ ਮਿੱਤਰ ਦੇਸ਼ ਦੀ ਸਹਾਇਤਾ ਕਿਉਂ ਨਹੀਂ ਕਰੇਗਾ। ਬ੍ਰਹਮਪੁਤਰ ਅਤੇ ਸਤਲੁਜ



ਦਰਿਆਵਾਂ ਸਣੇ ਸਾਡੇ ਵੀ ਕਈ ਦਰਿਆ ਚੀਨ ਵਾਲੇ ਪਾਸਿਓਂ ਆਉਂਦੇ ਹਨ। ਜੇ ਅਸੀਂ ਇਧਰ ਜਲ-ਬੰਬ ਚਲਾਂਵਾਂਗੇ ਤਾਂ ਓਧਰ ਵੀ ਕੁਝ ਹੋ ਸਕਦੈ/ਜਾਂ ਚੀਨ ਕੁਝ ਕਰ ਸਕਦੈ।

ਪਾਣੀ ਦਾ ਹਥਿਆਰ ਪਾਣੀ ਸੰਭਾਲ ਕੇ ਅਤੇ ਫਿਰ ਛਡ ਕੇ ਵੀ ਕੀਤਾ ਜਾ ਸਕਦੈ, ਜਿਸ ਦੇ ਸਿਟੇ ਵਜੋਂ ਸਰਹੱਦ ਦੇ ਪਾਰ 'ਡੋਬੂ ਡੋਬੂ' ਦੀ ਸਥਿਤੀ ਪੈਦਾ ਹੋ ਸਕਦੀ ਹੈ। ਪਰ ਓਹੀ 'ਢਾਕ ਕੇ ਤੀਨ ਪਾਤ' ਵਾਂਗ ਅਜਿਹਾ ਹੀ ਪੰਗਾ ਤਾਂ ਚੀਨ ਵਲੋਂ ਪਾਏ ਜਾਣ ਦਾ ਖਦਸ਼ਾ ਹੈ। ਅਸੀਂ ਆਪਣੇ ਦੇਸ਼ ਦੀ ਫੌਜੀ ਸ਼ਕਤੀ ਘਟ ਨਹੀਂ ਆਂਕ ਰਹੇ। ਸਾਡੀ ਫੌਜ ਪੂਰੀ ਸਮਰੱਥ ਹੈ। ਪਰ ਅਸੀਂ ਧਰਤ-ਹਕੀਕੀ ਦੇਖ ਰਹੇ ਹਾਂ। ਯੂਕਰੇਨ-ਰੂਸ ਜੰਗ ਵਿਚ ਛੋਟਾ ਜਿਹਾ ਦੇਸ਼ ਯੂਕਰੇਨ ਹੋਰਨਾਂ ਦੇਸ਼ਾਂ-ਸਮੇਤ ਅਮਰੀਕਾ ਦੀ ਸਹਾਇਤਾ ਨਾਲ 3 ਸਾਲ ਤੋਂ ਵਧ ਸਮੇਂ 'ਤੋਂ ਲੜਦਾ ਆ ਰਿਹੈ ਤੇ ਰੂਸ ਵਰਗੀ ਮਹਾਂ-ਸ਼ਕਤੀ ਦਾ ਮੁਕਾਬਲਾ ਕਰਦਾ ਆ ਰਿਹੈ।

ਜੇ ਪਾਣੀਆਂ ਦੇ ਮੁੱਦੇ ਨੂੰ ਲੈ ਕੇ ਭਾਰਤ ਅਤੇ ਪਾਕਿਸਤਾਨ ਵਿਚ ਯੁੱਧ ਛਿੜਦੈ (ਰੱਬ ਖੈਰ ਕਰੇ!) ਤਾਂ ਚੀਨ ਤਾਂ ਪਾਕਿਸਤਾਨ ਨਾਲ ਖੜ੍ਹੇਗਾ ਹੀ, ਸਾਡੀ ਸਹਾਇਤਾ ਨਾਲ ਬਣਿਆ ਬੰਗਲਾਦੇਸ਼ ਵੀ ਹੁਣ ਉਸ ਦੀ ਹਮਾਇਤ ਕਰੇਗਾ। ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਬੇਸ਼ਕ ਮੋਦੀ ਜੀ ਦਾ 'ਦੋਸਤ' ਹੈ ਪਰ ਉਸ ਬਾਰੇ ਪੱਕਾ ਕੁਝ ਵੀ ਨਹੀਂ ਕਿਹਾ ਜਾ ਸਕਦਾ ਕਿ ਉਸ ਦਾ ਪੈਂਤੜਾ ਕੀ ਹੋਵੇਗਾ।

ਐਸ ਵੇਲੇ ਦੋਵੇਂ ਪਾਸੇ ਪ੍ਰਚੰਡ 'ਪੋਸਚਰਿੰਗ' (ਪੈਂਤੜੇਬਾਜ਼ੀ) ਚਲ ਰਹੀ ਹੈ। ਭਾਰਤ ਨੂੰ 26 ਸੈਲਾਨੀਆਂ ਦੇ ਬੇਰਹਿਮ ਕਤਲ ਅਤੇ ਲੋਕਾਂ ਵਿਚਲੇ ਗੁੱਸੇ ਨੂੰ ਸ਼ਾਂਤ ਕਰਨ ਲਈ ਕੁਝ ਨਾ ਕੁਝ ਤਾਂ ਜ਼ਰੂਰ ਕਰਨਾ ਪਵੇਗਾ। 'ਸਰਜੀਕਲ ਸਟਰਾਈਕ' 'ਤੋਂ ਵੀ ਵਧੇਰੇ ਵਧ ਕਦਮ ਚੁਕਣੇ ਪੈਣਗੇ।

ਸਾਨੂੰ ਇਕ ਗੱਲ ਸਮਝ ਨਹੀਂ ਆਈ ਕਿ ਪਾਕਿਸਤਾਨ ਕਸ਼ਮੀਰ ਨੂੰ ਆਪਣੀ 'ਸ਼ਾਹਰਗ' ਕਹਿੰਦੈ (ਭਾਵੇਂ ਇਹ ਸੌ ਫੀਸਦੀ ਗਲਤ ਹੈ)। ਅਜੇ ਕੁਝ ਦਿਨ ਪਹਿਲਾਂ ਹੀ ਉਥੋਂ ਦਾ ਸੈਨਾ ਮੁਖੀ ਜਨਰਲ ਆਸਿਮ ਮੁਨੀਰ ਦੋ-ਕੌਮੀ ਥਿਊਰੀ ਨੂੰ ਮੁੜ ਚੇਤੇ ਕਰਵਾਉਂਦਾ ਹੋਇਆ, ਪਾਕਿਸਤਾਨ ਦੇ ਬਹੁਤ ਹੀ ਬੇਹਤਰ ਦੇਸ਼ ਹੋਣ ਦੇ ਦਾਅਵੇ ਨਾਲ ਸਾਡੇ ਦੇਸ਼ ਵਿਰੁਧ ਜ਼ਹਿਰ ਉਗਲ ਕੇ ਹਟਿਆ ਹੈ। ਜੇ ਮੰਨ ਲਉ ਕਿ ਕਸ਼ਮੀਰ ਤੁਹਾਡੀ 'ਸ਼ਾਹਰਗ' ਹੈ ਤਾਂ ਫਿਰ ਕਸ਼ਮੀਰੀਆਂ ਦੀ ਰੋਟੀ-ਰੋਜ਼ੀ ਖੋਹ ਕੇ ਇਸ ਸ਼ਾਹਰਗ ਨੂੰ ਕਟਦੇ ਕਿਉਂ ਹੋ? ਉਨ੍ਹਾਂ ਦੇ ਪੇਟ 'ਤੇ ਲੱਤ ਕਿਉਂ ਮਾਰਦੇ ਹੋ? ਕਸ਼ਮੀਰੀ ਲੋਕਾਂ ਦਾ ਜੀਵਨ-ਨਿਰਵਾਹ ਟੂਰਿਜ਼ਮ ਉਪਰ ਟਿਕਿਐ ਪਰ ਕਸ਼ਮੀਰੀਆਂ ਦੀ ਇਸ 'ਲਾਈਫਲਾਈਨ' ਨੂੰ ਸੈਲਾਨੀਆਂ ਦੀ ਭਰਪੂਰ ਭੀੜ ਵਾਲੇ ਸੀਜ਼ਨ ਵਿਚ ਖਲਲ ਪਾ ਕੇ ਕਿਸ ਦਾ ਭਲਾ ਕਰ ਰਹੇ ਹੋ? ਸੱਚੀ ਗੱਲ ਤਾਂ ਇਹ ਹੈ ਕਿ ਨਾ ਪਾਕਿਸਤਾਨ, ਨਾ ਆਤੰਕਵਾਦੀ ਕਸ਼ਮੀਰੀਆਂ ਦੇ ਹਮਦਰਦ ਹਨ; ਭਾਰਤ, ਜਿਸ ਦਾ ਕਸ਼ਮੀਰ ਅਨਿੱਖੜਵਾਂ ਅੰਗ ਹੈ, ਹੀ ਆਪਣੇ ਇਸ ਅੰਗ ਦੇ ਦਰਦ ਦਾ ਦਰਦੀ ਹੈ!

ਇਕ ਗੱਲ ਸਾਨੂੰ ਹੋਰ ਨਹੀਂ ਸਮਝ ਆਉਂਦੀ। ਜਦੋਂ ਵੀ ਕੋਈ ਅਮਰੀਕੀ ਆਗੂ ਸਾਡੇ ਦੇਸ਼ ਵਿਚ ਆਉਂਦੈ, ਉਦੋਂ ਹੀ ਆਤੰਕਵਾਦੀ ਕੋਈ ਵਡਾ ਕਾਂਡ ਕਰ ਦਿੰਦੇ ਹਨ। ਚਾਹੇ ਰਾਸ਼ਟਰਪਤੀ ਬਿਲ ਕਲਿੰਟਨ ਦੇ ਦੌਰੇ ਸਮੇਂ ਚਿਟੀ ਛੱਤੀਸਿੰਗਪੁਰਾ ਵਿਚ 20 ਮਾਰਚ, 2000 ਨੂੰ 35 ਸਿੱਖ ਨਾਗਰਿਕਾਂ ਦਾ ਕਤਲੇਆਮ ਹੋਵੇ ਜਾਂ ਹੁਣ ਉੱਪ- ਰਾਸ਼ਟਰਪਤੀ ਜੇ.ਡੀ.ਵੇਂਸ ਦੇ ਦੌਰੇ ਸਮੇਂ 22 ਅਪ੍ਰੈਲ, 2025 ਨੂੰ 26 ਹਿੰਦੂ ਨਾਗਰਿਕਾਂ ਦਾ ਕਤਲੇਆਮ ਹੋਵੇ।

ਸ਼ਾਇਦ ਸਰਹੱਦੋਂ ਪਾਰ ਦੀ ਪੁਸ਼ਤਪਨਾਹੀ 'ਚ ਪਨਪਦੇ ਆਤੰਕਵਾਦੀ ਜਾਂ ਉਨ੍ਹਾਂ ਦੇ ਸਿਆਸੀ/ਫੌਜੀ ਆਕਾ ਅਮਰੀਕਾ ਨੂੰ ਇਹ ਦਰਸਾਉਣਾ ਚਾਹੁੰਦੇ ਹੋਣ ਕਿ ਕਸ਼ਮੀਰ ਵਿਚ ਹਾਲਾਤ 'ਕਾਬੂ' 'ਚ ਨਹੀਂ ਹਨ।

ਇਕ ਗੱਲ ਹੋਰ ਕਰਨੀ ਹੈ। ਉਹ ਹੈ ਦਿਹਾੜੀਦਾਰ ਘੋੜੇਵਾਲੇ ਆਦਿਲ ਹੁਸੈਨ ਸ਼ਾਹ ਦੀ ਬਹਾਦਰੀ ਦੀ। 9 ਜੀਆਂ ਦੇ ਗਰੀਬ ਪਰਿਵਾਰ ਦੇ ਇਕਲੌਤੇ ਕਮਾਊ ਪੁੱਤਰ ਆਦਿਲ ਨੇ ਸੈਲਾਨੀਆਂ ਦੀ ਜਾਨ ਬਚਾਉਣ ਲਈ ਆਪਣੀ ਜਾਨ ਦੇ ਦਿਤੀ।

ਪਹਿਲਗਾਮ ਕਤਲੇਆਮ ਵਿਰੁਧ ਪੂਰਾ ਕਸ਼ਮੀਰ ਖੜਾ ਹੋਇਆ। ਸਾਬਕਾ ਮੁੱਖ ਮੰਤਰੀ ਮਹਿਬੂਬਾ ਮੁਫਤੀ ਸਮੇਤ ਉਹ ਲੋਕ ਵੀ ਜੰਮੂ ਕਸ਼ਮੀਰ ਦੇ ਬੰਧ ਵਿਚ ਸ਼ਾਮਿਲ ਹੋਏ ਜੋ ਪਹਿਲਾਂ ਕਦੀ ਨਹੀਂ ਸਨ ਹੁੰਦੇ। ਅਜਿਹਾ ਸਰਬ-ਵਿਆਪੀ ਬੰਧ ਪਿਛਲੇ 4 ਦਹਾਕਿਆਂ ਵਿਚ ਪਹਿਲੀ ਵਾਰ ਹੋਇਐ। ਇਹ ਵਰਤਾਰਾ ਭਾਰਤ ਦੇ ਦੁਖ-ਦਰਦ ਵੇਲੇ ਬੱਦਲਾਂ ਓਹਲਿਉਂ ਸੂਰਜ ਦੀ ਚਮਕਦੀ ਕਿਰਨ ਵਾਂਗ ਹੈ। ਆਪਾਂ ਪਹਿਲਾਂ ਭਾਰਤੀ ਹਾਂ, ਬਾਅਦ ਵਿਚ ਹਿੰਦੂ, ਮੁਸਲਮਾਨ, ਸਿੱਖ, ਈਸਾਈ, ਬੋਧੀ, ਪਾਰਸੀ, ਜੈਨੀ, ਅਨੁਸੂਚਿਤ/ਜਨਜਾਤੀਆਂ ਜਾਂ ਹੋਰ ਫਿਰਕਿਆਂ/ਖਿੱਤਿਆਂ ਨਾਲ ਸਬੰਧਤ ਲੋਕ।

ਐਸ ਵੇਲੇ ਦੋਵਾਂ ਦੇਸ਼ਾਂ ਉਪਰ ਜੰਗ ਦੇ ਬੱਦਲ ਮੰਡਰਾ ਰਹੇ ਹਨ। ਅੰਤਰ-ਰਾਸ਼ਟਰੀ ਪੱਧਰ 'ਤੇ ਇਸ ਜੰਗ ਦੀ ਸੰਭਾਵਨਾ ਬਣਨ ਤੋਂ ਰੋਕਣ ਦੇ ਉਪਰਾਲੇ ਹੋਣੇ ਚਾਹੀਦੇ ਹਨ। ਇਜ਼ਰਾਈਲ-ਹਮਾਸ-ਫਲਸਤੀਨ ਜੰਗ, ਯੂਕਰੇਨ-ਰੂਸ ਯੁੱਧ ਪਹਿਲਾਂ ਹੀ ਹੋ ਰਹੇ ਐ ਅਤੇ ਕਈ ਹੋਰ ਦੇਸ਼ਾਂ ਦਰਮਿਆਨ ਵੀ ਬੜੀ ਖਟਾਸ ਹੈ। ਭਾਰਤ-ਪਾਕਿਸਤਾਨ ਦੇ ਰਿਸ਼ਤੇ ਬੜੀ ਦੇਰ ਤੋਂ ਕੁੜੱਤਣ ਭਰੇ ਹਨ, ਪਰ ਐਸ ਵੇਲੇ ਇਹ ਕੁੜੱਤਣ ਚਰਮਸੀਮਾ 'ਤੇ ਹੈ।

ਮੌਲਾ ਮਿਹਰ ਕਰੇ!

ਉਰਦੂ ਦੇ ਮਸ਼ਹੂਰ ਸ਼ਾਇਰ ਸਾਹਿਰ ਲੁਧਿਆਣਵੀ ਦੀ ਜੰਗ ਵਿਰੁਧ ਬਹੁਤ ਹੀ ਖੂਬਸੂਰਤ ਰਚਨਾ ਹੈ। ਇਸ ਦੇ ਕੁਝ ਅੰਸ਼ ਪੇਸ਼ ਕਰਕੇ ਗੱਲ ਮੁਕਾਉਂਦੇ ਹਾਂ-

"ਖ਼ੂਨ ਅਪਨਾ ਹੋ ਯਾ ਪਰਾਇਆ ਹੋ
ਨਸਲ-ਏ-ਆਦਮ ਕਾ ਖ਼ੂਨ ਹੈ ਆਖਿਰ
ਜੰਗ ਮਸ਼ਰਿਕ ਮੇਂ ਹੋ ਕਿ ਮਗਰਿਬ ਮੇਂ
ਅਮਨ-ਏ-ਆਲਮ ਕਾ ਖ਼ੂਨ ਹੈ ਆਖਿਰ...
ਜੰਗ ਤੋ ਖੁਦ ਹੀ ਏਕ ਮਸਲਾ ਹੈ
ਜੰਗ ਕਯਾ ਮਸਲੋਂ ਕਾ ਹੱਲ ਦੇਗੀ
ਆਗ ਔਰ ਖ਼ੂਨ ਆਜ ਬਖਸ਼ੇਗੀ
ਭੂਕ ਔਰ ਇਹਤਿਯਾਜ ਕਲ ਦੇਗੀ
ਇਸ ਲੀਏ ਐ ਸ਼ਰੀਫ ਇਨਸਾਨੋਂ
ਜੰਗ ਟਲਤੀ ਰਹੇ ਤੋ ਬੇਹਤਰ ਹੈ
ਆਪ ਔਰ ਹਮ ਸਭੀ ਕੇ ਆਗਨ ਮੇਂ
ਸ਼ਮਾ ਜਲਤੀ ਰਹੇ ਤੋ ਬੇਹਤਰ ਹੈ।"

---

## ਬਲੌਕਚੇਨ: ਕ੍ਰਿਪਟੋਕਰੰਸੀ ਤੋਂ ਪਰੇ ਭਵਿੱਖ ਦੀ ਚਾਬੀ

(ਬਾਕੀ ਅਗਲੇ ਸਫੇ 'ਤੇ)

ਹੈ, ਪਰ ਫਿਰ ਵੀ 51% ਹਮਲੇ, ਸਮਾਰਟ ਕੰਟਰੈਕਟ ਵਿਚ ਖਾਮੀਆਂ ਅਤੇ ਫਿਸ਼ਿੰਗ ਜਾਲ ਵਰਗੇ ਖਤਰੇ ਮੌਜੂਦ ਹਨ। ਇਨ੍ਹਾਂ ਸਮੱਸਿਆਵਾਂ ਨੂੰ ਦੂਰ ਕਰਨ ਲਈ ਨਿਰੰਤਰ ਖੋਜ ਅਤੇ ਨਵੀਆਂ ਸੁਰੱਖਿਆ ਤਕਨੀਕਾਂ 'ਤੇ ਕੰਮ ਹੋ ਰਿਹਾ ਹੈ। ਇਹ ਸਾਰੀਆਂ ਚੁਣੌਤੀਆਂ ਹੱਲ ਹੋਣ 'ਤੇ ਹੀ ਬਲੌਕਚੇਨ ਟੈਕਨਾਲੌਜੀ ਆਪਣੀ ਪੂਰੀ ਸੰਭਾਵਨਾ ਨੂੰ ਪ੍ਰਾਪਤ ਕਰ ਸਕੇਗੀ।

**ਭਵਿੱਖ:** ਬਲੌਕਚੇਨ ਟੈਕਨਾਲੌਜੀ ਕਈ ਉਦਯੋਗਾਂ ਨੂੰ ਬਦਲਣ ਲਈ ਤਿਆਰ ਹੈ, ਜਿਸ ਵਿਚ ਡੀਸੈਂਟ੍ਰਲਾਈਜ਼ਡ ਫਾਈਨਾਂਸ (DeFi), ਟੋਕਨਾਈਜ਼ੇਸ਼ਨ, ਅਤੇ ਅੰਤਰ-ਸੰਚਾਲਨਤਾ ਅਗਵਾਈ ਕਰ ਰਹੇ ਹਨ। DeFi ਪਲੇਟਫਾਰਮ ਪਰੰਪਰਾਗਤ ਵਿਚੋਲਿਆਂ ਦੀ ਲੋੜ ਨੂੰ ਖਤਮ ਕਰ ਕੇ, ਲਾਗਤਾਂ ਨੂੰ ਘਟਾ ਕੇ, ਅਤੇ ਉਪਭੋਗਤਾਵਾਂ ਨੂੰ ਉਨ੍ਹਾਂ ਦੀਆਂ ਸੰਪਤੀਆਂ 'ਤੇ ਵਧੇਰੇ ਨਿਯੰਤਰਣ ਪ੍ਰਦਾਨ ਕਰ ਕੇ ਵਿੱਤੀ ਸੇਵਾਵਾਂ ਨੂੰ ਮੁੜ ਪਰਿਭਾਸ਼ਿਤ ਕਰ ਰਹੇ ਹਨ। ਇਹ ਪਲੇਟਫਾਰਮ ਕੇਂਦਰੀ ਸੰਸਥਾਵਾਂ 'ਤੇ ਨਿਰਭਰ ਕੀਤੇ ਬਿਨਾਂ ਲੋਨ, ਉਧਾਰ, ਅਤੇ ਵਪਾਰ ਵਰਗੀਆਂ ਸੇਵਾਵਾਂ ਨੂੰ ਸੰਭਵ ਬਣਾਉਂਦੇ ਹਨ, ਜੋ ਵਿੱਤੀ ਸਮਾਵੇਸ਼ਤਾ ਨੂੰ ਉਤਸ਼ਾਹਿਤ ਕਰਦੇ ਹਨ। ਟੋਕਨਾਈਜ਼ੇਸ਼ਨ ਇੱਕ ਹੋਰ ਮੁੱਖ ਨਵੀਨਤਾ ਹੈ, ਜੋ ਅਸਲ-ਵਿਸ਼ਵ ਸੰਪਤੀਆਂ ਜਿਵੇਂ ਕਿ ਅਸਲ ਜਾਇਦਾਦ, ਕਲਾ, ਅਤੇ ਬੌਧਿਕ ਸੰਪਤੀ ਨੂੰ ਡਿਜੀਟਲ ਟੋਕਨਾਂ ਵਿਚ ਬਦਲਦੀ ਹੈ। ਇਹ ਪ੍ਰਕਿਰਿਆ ਪਰੰਪਰਾਗਤ ਤੌਰ 'ਤੇ ਅਣ-ਤਰਲ ਬਾਜ਼ਾਰਾਂ ਵਿਚ ਤਰਲਤਾ ਨੂੰ ਵਧਾਉਂਦੀ ਹੈ ਅਤੇ ਨਿਵੇਸ਼ ਮੌਕਿਆਂ ਨੂੰ ਵਿਸ਼ਾਲ ਬਣਾਉਂਦੀ ਹੈ, ਜਿਸ ਨਾਲ ਸੰਪਤੀ ਪ੍ਰਬੰਧਨ ਨੂੰ ਵਧੇਰੇ ਪਹੁੰਚਯੋਗ ਬਣਾਇਆ ਜਾਂਦਾ ਹੈ।

ਬਲੌਕਚੇਨ ਨੈੱਟਵਰਕਾਂ ਵਿਚ ਅੰਤਰ-ਸੰਚਾਲਨਤਾ ਉਪਯੋਗਤਾ ਅਤੇ ਸਕੇਲੇਬਿਲਿਟੀ ਨੂੰ ਸੁਧਾਰਨ ਲਈ ਮਹੱਤਵਪੂਰਨ ਹੈ। ਜ਼ਿਆਦਾਤਰ ਬਲੌਕਚੇਨ ਇਸ ਸਮੇਂ ਅਲੱਗ-ਥਲੱਗ ਕੰਮ ਕਰਦੇ ਹਨ, ਜੋ ਸਹਿਜ ਡੇਟਾ ਅਤੇ ਸੰਪਤੀ ਟ੍ਰਾਂਸਫਰਾਂ ਨੂੰ ਸੀਮਿਤ ਕਰਦੇ ਹਨ। ਅੰਤਰ-ਸੰਚਾਲਨਤਾ ਨੂੰ ਵਧਾਉਣ ਨਾਲ ਵੱਖ-ਵੱਖ ਬਲੌਕਚੇਨ ਕੁਸ਼ਲਤਾ ਨਾਲ ਸੰਚਾਰ ਕਰਨ ਦੇ ਯੋਗ ਹੋਣਗੇ, ਜੋ ਸਮੁੱਚੇ ਈਕੋਸਿਸਟਮ ਨੂੰ ਮਜ਼ਬੂਤ ਕਰੇਗਾ। ਵਿੱਤੀ ਐਪਲੀਕੇਸ਼ਨਾਂ ਤੋਂ ਪਰੇ, ਬਲੌਕਚੇਨ ਸਰਕਾਰੀ ਕਾਰਜਾਂ ਨੂੰ ਆਧੁਨਿਕ ਬਣਾ ਸਕਦਾ ਹੈ ਜੋ ਪਾਰਦਰਸ਼ਤਾ ਅਤੇ ਸੁਰੱਖਿਆ ਨੂੰ ਵਧਾਉਂਦਾ ਹੈ। ਸੁਰੱਖਿਅਤ ਵੋਟਿੰਗ ਸਿਸਟਮ, ਛੇੜ-ਛਾੜ-ਰਹਿਤ ਜਨਤਕ ਰਿਕਾਰਡ, ਅਤੇ ਡੀਸੈਂਟ੍ਰਲਾਈਜ਼ਡ ਡਿਜੀਟਲ ਪਛਾਣ (DDI) ਉਪਭੋਗਤਾ ਪਰਦੇਦਾਰੀ ਨੂੰ ਯਕੀਨੀ ਬਣਾਉਂਦੇ ਹੋਏ ਗਵਰਨੈਂਸ ਨੂੰ ਸੁਧਾਰ ਸਕਦੇ ਹਨ। ਭਾਰਤ ਵਿਚ, ਬਲੌਕਚੇਨ ਵਿੱਤ ਅਤੇ ਸਪਲਾਈ ਚੇਨ ਪ੍ਰਬੰਧਨ ਵਿਚ ਪ੍ਰਸਿੱਧੀ ਪ੍ਰਾਪਤ ਕਰ ਰਿਹਾ ਹੈ, ਪਰ ਕ੍ਰਿਪਟੋਕਰੰਸੀਆਂ ਨਾਲ ਸੰਬੰਧਿਤ ਰੈਗੂਲੇਟਰੀ ਅਨਿਸ਼ਚਿਤਤਾ ਇੱਕ ਚੁਣੌਤੀ ਬਣੀ ਹੋਈ ਹੈ। ਨੀਤੀ ਨਿਰਮਾਤਾਵਾਂ ਨੂੰ ਬਲੌਕਚੇਨ ਦੇ ਲਾਭਾਂ ਨੂੰ ਡੀਸੈਂਟ੍ਰਲਾਈਜ਼ੇਸ਼ਨ, ਸੁਰੱਖਿਆ ਜੋਖਮਾਂ, ਅਤੇ ਸੰਭਾਵੀ ਦੁਰਵਰਤੋਂ ਦੇ ਡਰ ਨਾਲ ਸੰਤੁਲਿਤ ਕਰਨਾ ਚਾਹੀਦਾ ਹੈ। ਹਾਲਾਂਕਿ, ਬਲੌਕਚੇਨ ਦੀ ਭੂਮਿਕਾ ਐਨਕ੍ਰਿਪਟਡ ਮੈਸੇਜਿੰਗ ਸੇਵਾਵਾਂ ਵਿਚ ਪਰਦੇਦਾਰੀ ਨੂੰ ਬਣਾਈ ਰੱਖਦੇ ਹੋਏ ਟ੍ਰੇਸਬਿਲਿਟੀ ਨੂੰ ਵਧਾਉਂਦੀ ਹੈ, ਜੋ ਜ਼ੀਰੋ-ਨਾਲੇਜ ਪਰੂਫ਼ ਅਤੇ ਡੀਸੈਂਟ੍ਰਲਾਈਜ਼ਡ ਪਛਾਣ ਪ੍ਰਣਾਲੀਆਂ ਵਰਗੀਆਂ ਟੈਕਨਾਲੌਜੀਆਂ ਦੀ ਵਰਤੋਂ ਕਰਦੀ ਹੈ।

ਭਵਿੱਖ ਵਿਚ ਬਲੌਕਚੇਨ ਦੀਆਂ ਸੰਭਾਵਨਾ ਕ੍ਰਿਪਟੋਕਰੰਸੀਆਂ ਤੋਂ ਕਿਤੇ ਜ਼ਿਆਦਾ ਹਨ, ਜੋ ਸਿਹਤ ਸੇਵਾ, ਸਪਲਾਈ ਚੇਨ ਪ੍ਰਬੰਧਨ, ਅਤੇ ਆਈ.ਓ. ਟੀ. ਵਰਗੇ ਉਦਯੋਗਾਂ ਵਿਚ ਵਧੇਰੇ ਪਾਰਦਰਸ਼ਤਾ, ਸੁਰੱਖਿਆ, ਅਤੇ ਵਿਕੇਂਦਰੀਕਰਨ ਪ੍ਰਦਾਨ ਕਰਦੀ ਹੈ। ਵਿਆਪਕ ਪ੍ਰਚਲਨ ਪ੍ਰਾਪਤ ਕਰਨ ਲਈ, ਸਕੇਲੇਬਿਲਿਟੀ, ਊਰਜਾ ਦੀ ਖਪਤ, ਅਤੇ ਰੈਗੂਲੇਟਰੀ ਅਨਿਸ਼ਚਿਤਤਾ ਵਰਗੀਆਂ ਚੁਣੌਤੀਆਂ ਨੂੰ ਦੂਰ ਕਰਨਾ ਚਾਹੀਦਾ ਹੈ। ਇਨ੍ਹਾਂ ਰੁਕਾਵਟਾਂ ਦੇ ਬਾਵਜੂਦ, ਬਲੌਕਚੇਨ ਦੀ ਕਾਰਜਾਂ ਨੂੰ ਸੁਚਾਰੂ ਬਣਾਉਣ, ਭਰੋਸਾ ਬਣਾਉਣ, ਅਤੇ ਉਪਭੋਗਤਾਵਾਂ ਨੂੰ ਸ਼ਕਤੀਸ਼ਾਲੀ ਬਣਾਉਣ ਦੀ ਯੋਗਤਾ ਬੇਮਿਸਾਲ ਹੈ। ਪਰੂਫ਼-ਆਫ਼-ਸਟੇਕ ਮਕੈਨਿਜ਼ਮਾਂ, ਅਤੇ ਵਿਕੇਂਦਰੀਕ੍ਰਿਤ ਪਛਾਣ ਹੱਲਾਂ ਵਰਗੀਆਂ ਤਰੱਕੀਆਂ ਨਾਲ ਬਲੌਕਚੇਨ ਨੂੰ ਵਧੇਰੇ ਕੁਸ਼ਲ ਅਤੇ ਟਿਕਾਊ ਬਣਾਇਆ ਜਾ ਰਿਹਾ ਹੈ। ਸਰਕਾਰਾਂ ਅਤੇ ਕਾਰੋਬਾਰ ਬਲੌਕਚੇਨ ਦੀ ਸੰਭਾਵਨਾ ਦੀ ਖੋਜ ਕਰ ਰਹੇ ਹਨ ਤਾਂ ਜੋ ਪਰਦੇਦਾਰੀ, ਅੰਤਰ-ਸੰਚਾਲਨਤਾ, ਅਤੇ ਪਾਰਦਰਸ਼ਤਾ ਨਾਲ ਸੰਬੰਧਿਤ ਮਹੱਤਵਪੂਰਨ ਸਮੱਸਿਆਵਾਂ ਨੂੰ ਹੱਲ ਕੀਤਾ ਜਾ ਸਕੇ। ਜਿਵੇਂ-ਜਿਵੇਂ ਟੈਕਨਾਲੌਜੀ ਵਿਕਸਿਤ ਹੁੰਦੀ ਹੈ, ਬਲੌਕਚੇਨ ਉਦਯੋਗਾਂ ਨੂੰ ਕ੍ਰਾਂਤੀਕਾਰੀ ਬਣਾਉਣ, ਰੋਜ਼ਾਨਾ ਜੀਵਨ ਨੂੰ ਸੁਧਾਰਨ, ਅਤੇ ਉਹ ਹੱਲ ਪ੍ਰਦਾਨ ਕਰਨ ਲਈ ਤਿਆਰ ਹੈ ਜੋ ਪਰੰਪਰਾਗਤ ਪ੍ਰਣਾਲੀਆਂ ਪ੍ਰਦਾਨ ਕਰਨ ਵਿਚ ਅਸਫਲ ਰਹੀਆਂ ਹਨ।


SALDEF
SIKHS IN STORYTELLING
Sunday, 11 May 2025
Doors Open at 2PM
+ DELICIOUS FREE FOOD!
JOIN US FOR AN UNFORGETTABLE AFTERNOON CELEBRATING THE RICH CULTURE, ARTISTRY, AND STORIES OF THE SIKH AMERICAN COMMUNITY
INKQUISITIVE
World Renowned Artist and Storyteller
PJ RANDHAWA
Award Winning Investigative Journalist at NBC
HUMBLE THE POET
Author, Speaker, Designer, Filmmaker
JAG BAINS
First Sikh-Punjabi Contestant and Winner of Big Brother 25
DJ MISS BHALLA
DJ and Entertainer
KARMICK
Sikhest Rock Band
MLAAH SINGH
Model and Actress
PARDEEP KALEKA
Author and Anti-Hate Advocate, Oak Creek Sikh Gurdwara
ARVEEN KOHLI
Founder and CEO of 11th Dimension Services
JEEVIN SINGH NEELAM
Actor
KEYNOTE
MOHANBIR SAWHNEY
Globally recognized scholar, teacher, consultant
RANJEEV PURI
Michigan State Democratic Leader, 24th House District
EVENT HIGHLIGHTS:
ENGAGING WORKSHOPS
EXCITING PANELS
LOCAL SIKH ART EXHIBIT
GET TICKETS NOW!
SCAN
The Copernicus Center
Chicago, IL 60630
SIKHSINSTORYTELLING.EVENTBRITE.COM

# ਬਹੁਪੱਖੀ ਸ਼ਖ਼ਸੀਅਤ ਸਿੰਮੀਪ੍ਰੀਤ ਕੌਰ

ਚਰਚਿਤ ਲੇਖਿਕਾ ਸਿੰਮੀਪ੍ਰੀਤ ਕੌਰ ਜੀ ਨੇ ਸੰਗੀਤਕ ਖੇਤਰ ਵਿੱਚ ਵੀ ਵੱਖਰਾ ਮੁਕਾਮ ਹਾਸਿਲ ਕੀਤਾ। ਪੰਜਾਬੀ ਕਲਾ ਜਗਤ ਵਿੱਚ ਕੁੱਝ ਅਜਿਹੀਆਂ ਅਜ਼ੀਮ ਚਰਚਿਤ ਸਖਸ਼ੀਅਤਾਂ ਹਨ, ਜਿੰਨਾ ਉਪਰ ਵਾਹਿਗੁਰੂ ਦੀ ਅਪਾਰ ਕਿਰਪਾ ਹੁੰਦੀ ਹੈ। ਓਨਾਂ ਨੂੰ ਵਾਹਿਗੁਰੂ ਨੇ ਬਹੁ-ਕਲਾਵਾਂ ਦਾ ਵਿਸੇਸ਼ ਸਨਮਾਨ ਬਖਸ਼ਿਆਂ ਹੁੰਦਾ ਹੈ। ਅਜਿਹੀ ਹੀ ਇਕ ਮਾਣਮੱਤੀ ਸਖਸ਼ੀਅਤ ਹੈ , "ਸਿੰਮੀਪ੍ਰੀਤ ਕੌਰ", ਜਿੰਨਾ ਨੇ ਇਕ ਦਰਜਨ ਤੋ ਵੱਧ ਪੰਜਾਬੀ ਲਘੂ ਫ਼ਿਲਮ , ਫੀਚਰ ਫ਼ਿਲਮ ਤੇ ਵੈੱਬਸੀਰੀਜ਼ ਦੀ ਸਟੋਰੀ , ਸਕ੍ਰੀਨ ਪਲੇਅ, ਡਾਈਲੋਗ,ਐਗਜੀਕਿਊਟ ਪ੍ਰੋਡਿਊਸਰ ਤੇ ਡਾਇਰੈਕਟਰ ਵਜੋ ਕੰਮ ਕੀਤਾ। ਏਥੇ ਬਸ ਨਹੀ , ਓਨਾਂ ਪੰਜਾਬੀ ਸੰਗੀਤਕ ਖੇਤਰ ਵਿਚ ਵੀ ਆਪਣੀ ਅਹਿਮ ਭੂਮਿਕਾ ਨਿਭਾਈ ਤੇ ਸਹਿਤਕ ਖੇਤਰ ਵਿੱਚ ਉਭਰ ਕੇ ਸਾਹਮਣੇ ਆਈ। ਓਨਾਂ ਦੀ ਇਕ ਲਘੂ ਫਿਲਮ ਨੂੰ ਕਈ ਅਵਾਰਡ ਵੀ ਮਿਲ ਚੁੱਕੇ ਹਨ। ਓਨਾਂ ਦੀ ਲਘੂ ਫ਼ਿਲਮ ਤੇ ਵੈੱਬਸੀਰੀਜ਼ ਨੂੰ ਚੌਪਾਲ, ਓ.ਟੀ.ਟੀ , ਪਿਟਾਰਾ ਟੀ.ਵੀ ਚੈਨਲ,ਆਸਰਾ ਮਿਊਜ਼ਿਕ ਚੈਨਲ, ਮੈਕਸ ਪਲੇਅਰ ਤੇ ਐਮਾਜੋਨ ਆਦਿ ਚੈਨਲ ਤੇ ਦਰਸ਼ਕਾਂ ਵੱਲੋ ਖ਼ੂਬ ਪਸੰਦ ਕੀਤਾ ਜਾ ਰਿਹਾ ਜੇਕਰ ਓਨਾਂ ਦੀਆਂ ਬੇਹਤਰੀਣ ਲਘੂ ਫ਼ਿਲਮ ਤੇ ਝਾਤ ਮਾਰੀਏ ਤਾਂ 'ਹੱਕ' ਤਰੇੜਾਂ, ਵਾਇਰਲ ਐਮ.ਐਸ. ਐਸ, ਤੂੰ ਯਾ ਮੈ, ਮਿਸਿਜ਼ ਮੋਮ, ਮਾਪੇ , ਮਾਂਵਾਂ ਕਿਧਰ ਜਾਣ, ਲਵ ਗੇਮ , ਲਵ ਗੇਮ 2, ਮਾਹੀ ਵੇ, ਏਕ ਅਰਦਾਸ ਤੇ ਲਿਟਲ ਏਂਜਲਸ ਆਦਿ ਫ਼ਿਲਮ ਆਸਰਾ ਮਿਊਜ਼ਿਕ ਚੈਨਲ ਤੇ ਦਰਸ਼ਕਾਂ ਦੀ ਪਹਿਲੀ ਪਸੰਦ ਬਣੀਆਂ ਹੋਈਆਂ ਹਨ । ਲਘੂ ਫ਼ਿਲਮ 'ਭਟਕਣਾ' ਪੀ.ਟੀ.ਸੀ ਪੰਜਾਬੀ ਟੀ.ਵੀ ਚੈਨਲ ਤੇ ਬੇਹੱਦ ਪਸੰਦ ਕੀਤੀ ਜਾ ਰਹੀ, ਲਘੂ ਫ਼ਿਲਮ 'ਲਿਸਟ'





ਤੇ 'ਚੀਸ' ਮੈਕਸ ਪਲੇਅਰ ਤੇ ਆਪਣਾ ਵੱਖਰਾ ਮੁਕਾਮ ਬਣਾ ਚੁੱਕੀ ਹੈ। ਲਘੂ ਫਿਲਮ 'ਹਾਈ ਸਕੂਲ ਲਵ' ਨੂੰ ਪਿਟਾਰਾ ਟੀ.ਵੀ ਚੈਨਲ, ਚੌਪਾਲ ਚੈਨਲ ਤੇ ਓ.ਟੀ.ਟੀ ਤੇ ਖ਼ੂਬ ਸਲਾਹਿਆ ਜਾ ਰਿਹਾ। ਜੋ ਅਜੋਕੀ ਨੌਜਵਾਨ ਪੀੜੀ , ਮਾਪਿਆਂ ਤੇ ਅਧਿਆਪਕਾਂ ਲਈ ਇਕ ਵਧੀਆ ਸੰਦੇਸ਼ ਛੱਡਦੀ ਹੈ। ਜੇਕਰ ਸਿੰਮੀਪ੍ਰੀਤ ਕੌਰ ਜੀ ਦੀ ਸਭ ਤੋ ਖ਼ੂਬਸੂਰਤ ਬੇਹਤਰੀਣ ਲਘੂ ਫਿਲਮ ਦੀ ਗੱਲ ਕਰੀਏ ਤਾਂ ਓਨਾਂ ਦੇ ਸੁਪਨਿਆਂ ਨੂੰ ਪਰਵਾਜ਼ ਦੇਣ ਵਾਲੀ ਲਘੂ ਫ਼ਿਲਮ 'ਓ ਕਨੇਡਾ' ਜਿਸ ਨੇ ਸਿੰਮੀਪ੍ਰੀਤ ਕੌਰ ਜੀ ਨੂੰ ਬਹੁਤ ਸਾਰੇ ਅਵਾਰਡਾਂ ਦੀ ਹੱਕਦਾਰ ਬਣਾਇਆਂ ਅਤੇ ਇਕ ਚੰਗੀ ਲੇਖਿਕਾ ਹੋਣ ਦਾ ਮਾਣ ਦਿਵਾਇਆਂ। ਜੇਕਰ ਏਨਾਂ ਖ਼ੂਬਸੂਰਤ ਬੇਹਤਰੀਣ ਫੀਚਰ ਫ਼ਿਲਮ ਦੀ ਗੱਲ ਕਰੀਏ ਤਾਂ 'ਜਿੰਦਗੀ ਤੇਰਾ ਨਾਂ' ਜਿਸ ਵਿਚ ਪਾਲੀਵੁੱਡ ਦੀ ਦਿਗਜ ਅਦਾਕਾਰਾ ਪਦਮ ਸ੍ਰੀ ਨਿਰਮਲ ਰਿਸੀ ਤੇ ਕਈ ਨਾਮੀ ਅਦਾਕਾਰਾ ਨੇ ਬਾਕਮਾਲ ਦੀ ਅਦਾਕਾਰੀ ਨਾਲ ਸੁਮਾਰ ਕਰਵਾਇਆਂ। ਏਥੇ ਹੀ ਬਸ ਨਹੀ ਸਿੰਮੀਪ੍ਰੀਤ ਕੌਰ ਨੇ ਸੰਗੀਤਕ ਖੇਤਰ ਵਿਚ ਵੀ ਤਹਿਲਕਾ ਮਚਾਇਆਂ, ਜਦੋ ਓਨਾਂ ਪ੍ਰਸਿੱਧ ਲੋਕ ਗਾਇਕ ਪੰਮਾ ਸ਼ਾਇਰ ਦੇ 'ਟੱਪੇ', ਚਿੱਟਾ ਵ/ਸ ਮਾਪੇ, ਚਰਚਿਤ ਲੋਕ ਗਾਇਕ ਸੁੱਚਾ ਰੰਗੀਲਾ ਦਾ 'ਇੰਮਟੀ ਬਲੈਕ', ਲੋਕ ਗਾਇਕ ਲਾਡੀ ਧਾਲੀਵਾਲ ਦਾ ਗੀਤ 'ਗਰਾਰੀ' ਤੇ ਲੋਕ

ਸ਼ਿਵਨਾਥ ਦਰਦੀ

ਗਾਇਕ ਤਾਜ ਸਿੰਘ ਦੇ ਗੀਤ 'ਮਾਂ' ਦਾ ਖ਼ੂਬਸੂਰਤ ਫਿਲਮਾਂਕਣ ਕਰ ਇਕ ਵਧੀਆਂ ਡਾਇਰੈਕਟਰ ਹੋਣ ਦੀ ਭੂਮਿਕਾ ਨਿਭਾਈ।

## ਕਲਾ ਪਰਿਕਰਮਾ

ਜੇਕਰ ਓਨਾਂ ਦੀ ਸਹਿਤਕ ਪਰਵਾਜ਼ ਵੱਲ ਨਿਗਾਹ ਮਾਰੀਏ ਤਾਂ ਓਨਾਂ ਨੇ ਪੰਜਾਬੀ ਮਾਂ ਬੋਲੀ ਦੀ ਝੋਲੀ ਵਿੱਚ ਬੇਹਤਰੀਣ ਪੁਸਤਕਾਂ ਪਾਈਆਂ , ਜਿਵੇਂ ਕਿ 'ਗੀਤਾਂ ਦੀ ਰਾਣੀ' ;ਮਹਿਕਦੀ ਸਵੇਰ, ਗੁਰਮੀਤ ਬਾਵਾ ( ਲੰਮੀ ਹੇਕ ਦੀ ਮਲਿਕਾ),ਹੋਂਦ, 21ਵੀਂ ਸਦੀ ਦਾ ਨਾਰੀ-ਕਾਵਿ ( ਅਲੋਚਨਾ ਦ੍ਰਿਸ਼ਟੀ), ਸਰਬਜੀਤ ਕੌਰ ਜੱਸ (ਕਾਵਿ ਸਮੀਖਿਆ) ਤੇ ਡਾ. ਅਮਰ ਕੋਮਲ ਦੇ ਕਾਵਿਲੋਕ ਦੀ ਸੰਪਾਦਨਾ ਕਰਕੇ ਨਵੇਕਲੀ ਭੱਲ ਸਥਾਪਿਤ ਕੀਤੀ ਹੈ ।

# ਫ਼ਿਲਮਾਂ ਤੋਂ ਨਾਟਕਾਂ ਵਲ ਗਈ ਕਵਿਤਾ ਲਾਡ





ਮਰਾਠੀ ਥੀਏਟਰ, ਟੈਲੀਵਿਜ਼ਨ ਅਤੇ ਫ਼ਿਲਮਾਂ ਦੀ ਮੰਨੀ-ਪ੍ਰਮੰਨੀ ਅਭਿਨੇਤਰੀ ਕਵਿਤਾ ਲਾਡ ਨੂੰ 2023 ਤੋਂ ਮੌਜੂਦਾ ਸਮੇਂ ਤੱਕ ਪ੍ਰਸਾਰਿਤ ਬੇਹੱਦ ਕਾਮਯਾਬ ਮਰਾਠੀ ਟੀ.ਵੀ. ਲੜੀਵਾਰ 'ਤੁਲਾ ਸ਼ਿਕਵਿਨ ਚੰਗਲਾਚ ਢਡਾ' ਵਿਚ ਭੁਵਨੇਸ਼ਵਰੀ ਸੂਰਿਆਵੰਸ਼ੀ ਦੇ ਕਿਰਦਾਰ ਲਈ ਜਾਣਿਆ ਜਾਂਦਾ ਹੈ। ਕਵਿਤਾ ਲਾਡ ਪਹਿਲੀ ਇਸ ਤਰ੍ਹਾਂ ਦੀ ਅਦਾਕਾਰਾ ਹੈ ਜਿਸ ਨੇ ਫ਼ਿਲਮ ਜਗਤ ਵਿਚ ਆਪਣੀ ਸ਼ੁਰੂਆਤ ਕਰਨ ਤੋਂ ਬਾਅਦ ਥੀਏਟਰ ਸ਼ੁਰੂ ਕੀਤਾ ਨਹੀਂ ਤਾਂ ਜ਼ਿਆਦਾਤਰ ਐਕਟਰ ਥੀਏਟਰ ਤੋਂ ਹੁੰਦੇ ਹੋਏ ਫ਼ਿਲਮਾਂ ਵਿਚ ਆਉਂਦੇ ਹਨ। ਮਰਾਠੀ ਫ਼ਿਲਮ ਜਗਤ ਅਤੇ ਰੰਗਮੰਚ ਦੇ ਨਾਲ ਹੀ ਕਵਿਤਾ ਲਾਡ ਦਾ ਮਰਾਠੀ ਟੀ.ਵੀ. ਜਗਤ ਵਿਚ ਡੰਕਾ ਵੱਜਦਾ ਰਿਹਾ ਹੈ। 2023 ਵਿਚ ਸ਼ੁਰੂ ਹੋਏ ਮਰਾਠੀ ਲੜੀਵਾਰ 'ਤੁਲਾ ਸ਼ਿਕਵਿਨ ਚੰਗਲਾਚ ਢਡਾ' ਵਿਚ ਉਸ ਵਲੋਂ ਨਿਭਾਏ ਗਏ ਭੁਵਨੇਸ਼ਵਰੀ ਦੇ ਕਿਰਦਾਰ ਨੇ ਉਸ ਨੂੰ ਮਰਾਠੀ ਟੀ.ਵੀ. ਜਗਤ ਵਿਚ ਅਮਰ ਕਰ ਦਿੱਤਾ। ਇਹ ਸ਼ੋਅ ਅੱਜ ਵੀ ਜਾਰੀ ਹੈ। ਇਸ ਸ਼ੋਅ ਵਿਚ ਉਸ ਨੇ ਜੋ ਕਿਰਦਾਰ ਨਿਭਾਇਆ, ਉਹ ਬਹੁਤ ਘੱਟ ਮਹਿਲਾ ਅਦਾਕਾਰਾਂ ਦੇ ਹਿੱਸੇ ਆਉਂਦਾ ਹੈ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 10 ਮਈ 2025 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-689



*ਕਿਹੜੀ ਅੱਖ ਅੱਜ ਰੋਈ ਨਹੀਂ ਹੈ, ਮਾਂ ਦੀ ਕੁੱਖ ਦੇਖ ਕੇ ਮੋਈ ਨਹੀਂ ਹੈ।*
*ਮਰ ਗਈ ਇਨਸਾਨੀਅਤ, ਸੱਚੀਂ, ਤੇ ਲਹੂ ਦੇ ਅੱਥਰੂ ਚੋਈ ਨਹੀਂ ਹੈ।*

## ਕੈਪਸ਼ਨ ਮੁਕਾਬਲਾ-687



ਕੂੰਜਾਂ ਨੂੰ ਤੱਕ ਵਿਚ ਅਕਾਸ਼ਾਂ,
ਪਰਦੇਸੀ ਲਾਉਣ ਉਡਾਰੀ,
ਨਿੱਘੇ ਰਿਸ਼ਤੇ ਪਿੱਛੇ ਛੱਡ ਕੇ,
ਚੁਗਦੇ ਦਾਤੇ ਚੋਗ ਖਿਲਾਰੀ।
ਕਿੱਥੋਂ ਉੱਡ ਕੇ ਕਿੱਥੇ ਹੈ ਜਾਣਾ,
ਨਹੀਂ ਕੋਲ਼ ਕੋਈ ਸਿਰਨਾਵਾਂ,
ਬੱਸ ਮੰਜ਼ਿਲ ਦਾ ਰੁਖ਼ ਕਰ ਕੇ,
ਲੱਭਣੀਆਂ ਨਵੀਆਂ ਥਾਵਾਂ।
***-ਸੇਵਾ ਸਿੰਘ ਨੂਰਪੁਰੀ***

---

ਲੰਮੀਆਂ ਲੰਮੀਆਂ ਭਰ ਪਰਵਾਜ਼ਾਂ
ਪਾਰ ਸਮੁੰਦਰੋਂ ਆਵਣ ਜਾਵਣ।
ਬੰਨ੍ਹ ਕਤਾਰਾਂ ਜਦ ਅੰਬਰੀਂ ਉੱਡਣ
ਮਿੱਠੀਆਂ ਫੇਰ ਅਵਾਜ਼ਾਂ ਆਵਣ।
ਅਨੁਸਾਰ ਮੌਸਮਾਂ ਜੀਵਨ ਢਾਲਣ
ਜਿਉਂਦਾ ਰਹਿਣ ਦਾ ਵੱਲ ਸਿਖਾਵਣ।
***-ਜਗਮੀਤ ਸਿੰਘ ਪੰਧੇਰ***
***ਫੋਨ : +91 98783-37222***

---

ਚਿੜੀਆਂ ਦਾ ਆਲ੍ਹਣਿਓਂ ਉੱਡ ਜਾਣਾ।
ਕੁੜੀਆਂ ਦਾ ਪੇਕਿਓਂ ਤੁਰ ਜਾਣਾ।
ਕੂੰਜਾਂ ਪਿੱਛੇ ਬੱਚੇ ਛੱਡ ਜਾਣਾ।
ਉੱਚੀ ਲੰਮੀ ਉਡਾਰੀ ਤਿੰਨਾਂ ਦੀ।
ਪਤਾ ਨਹੀਂ ਏ ਕਿੰਨੇ ਦਿਨਾਂ ਦੀ।
ਜੋਗੀ ਦਾ ਡੇਰਾ ਛਡ ਜਾਣਾ।
ਪ੍ਰਾਹੁਣੇ ਦਾ ਭਲਕੇ ਤੁਰ ਜਾਣਾ।
ਰਾਹੀ ਪੜਾਅ ਛੱਡ ਅੱਗੇ ਜਾਣਾ।
ਨਹੀਂ ਮੁੜਨ ਦੀ ਆਸ ਜਿਨ੍ਹਾਂ ਦੀ।
ਕਬਜ਼ਾ ਛੱਡ ਵੈਰਾਗ ਤਿੰਨ੍ਹਾਂ ਈ।
ਪੁਲਾਂ ਥੱਲਿਓਂ ਪਾਣੀ ਵਹਿ ਜਾਣਾ।
ਦਰਿਆ ਸਾਗਰ ਵਿਚ ਸਮਾਣਾ।
ਮਾਨਵ ਮਿੱਟੀ ਵਿਚ ਮਿਲ ਜਾਣਾ।
ਨਾਓਂ ਨਿਸ਼ਾਨੀ ਕਿੱਥੇ ਇਨ੍ਹਾਂ ਦੀ।
ਰਹੇਗੀ ਦੁਨੀਆਂ 'ਨਾਕਾਮ' ਬਿਨਾਂ ਵੀ।
***-ਗੁਰਬਖਸ਼ ਸਿੰਘ 'ਨਾਕਾਮ'***
***ਫੋਨ: +1 864 318 5500***

---

ਪ੍ਰਣਾਮ ਜੱਗ ਜਨਨੀ!
ਤੇਰੇ ਦੁੱਖਾਂ ਦੀ ਪੰਡ
ਜ਼ਿੰਦਗੀ ਤੋਂ ਭਾਰੀ ਹੈ
ਚੁੱਲ੍ਹਾ ਚੌਕਾ ਸਾਂਭਣ ਪਿੱਛੋਂ
ਹੁਣ ਕੱਖ-ਕੰਡੇ ਵੀ ਵਾਰੀ ਹੈ।
ਖਿੜੇ ਮੱਥੇ ਸੰਘਰਸ਼ ਕਰੇਂ ਤੂੰ
ਜ਼ਿੰਦਗੀ ਦੀ ਜੰਗ ਜਾਰੀ ਹੈ।
ਫੇਰ ਵੀ ਤੈਨੂੰ ਜੋਈ ਮੰਦਾ ਆਖੇ
ਤਾਂ ਮੱਤ ਉਸ ਦੀ ਮਾਰੀ ਹੈ।
***-ਲੋਕਨਾਥ ਸ਼ਰਮਾ***
***ਫੋਨ: 94171-76877***

---

ਪਹਾੜੀ ਪਾਣੀ ਜਦੋਂ
ਬਰਫ ਵਾਂਗੂੰ ਜੰਮ ਜਾਂਦੇ
ਚੋਗਾ ਚੁਗਣ ਆਉਂਦੀਆਂ,
ਕੂੰਜਾਂ ਦੀਆਂ ਡਾਰਾਂ
ਜਦੋਂ ਉਚੇ ਖੇਤਰਾਂ ਤੋਂ ਪ੍ਰਵਾਸ ਕਰਦੀਆਂ
ਫਿਰ ਮੈਦਾਨੀ ਛੰਭਾਂ 'ਚੋਂ
ਵਾਪਸ ਜਾਣ ਵਿਚ ਕਤਾਰਾਂ।
ਬੋਟਾਂ ਆਪਣਿਆਂ ਦੀ ਫਿਕਰ ਹੁੰਦੀ
ਪ੍ਰਵਾਸ ਵਾਪਸੀ 'ਤੇ ਵੀ
ਰਾਹ ਵਿਚ ਪੈਂਦੀਆਂ ਮਾਰਾਂ।
ਗਰੁੱਪ ਦੇ ਵਿਚ ਮਹਿਫੂਜ਼ ਸਮਝਦੀਆਂ
ਪੰਧ ਇਕੱਠਿਆਂ ਵਧੀਆ ਨਿਕਲੇ
ਸੌਖੀਆਂ ਹੁੰਦੀਆਂ ਰਾਹਾਂ।
***-ਅਮਰਜੀਤ ਸਿੰਘ ਤੂਰ***
***ਕੂਲਬੁਰਛਾਂ ਪਟਿਆਲਾ***
***ਫੋਨ: 98784-69639***

---

# ਟਰੰਪ ਦੀ ਟੈਰਿਫ ਸਿਆਸਤ ਅਤੇ ਸੰਸਾਰ ਅਰਥਚਾਰਾ

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਵੱਖ-ਵੱਖ ਮੁਲਕਾਂ ਲਈ ਐਲਾਨੇ ਟੈਰਿਫ ਭਾਵੇਂ 90 ਦਿਨ ਲਈ ਰੋਕਣ ਦਾ ਐਲਾਨ ਕਰ ਦਿੱਤਾ ਪਰ ਟੈਰਿਫ ਸਿਆਸਤ ਸੰਸਾਰ ਅਰਥਚਾਰੇ ਉੱਤੇ ਸਿੱਧੀ ਅਸਰਅੰਦਾਜ਼ ਹੋ ਰਹੀ ਹੈ। ਟਰੰਪ ਨੇ 2 ਅਪਰੈਲ ਨੂੰ ਆਪਣੇ ਦੇਸ਼ ਵਾਸੀਆਂ ਲਈ 'ਮੁਕਤੀ ਦਿਵਸ' ਦਾ ਐਲਾਨ ਕਰਦਿਆਂ ਅਮਰੀਕੀ ਵਪਾਰਕ ਭਾਈਵਾਲਾਂ ਉੱਤੇ 'ਪਰਸਪਰ ਟੈਰਿਫ' ਲਾਉਣ ਦਾ ਐਲਾਨ ਕਰ ਕੇ ਆਲਮੀ ਪੱਧਰ 'ਤੇ ਨਵੀਂ ਵਪਾਰਕ ਜੰਗ ਤੇਜ਼ ਕਰ ਦਿੱਤੀ ਸੀ। ਇਹ ਟੈਰਿਫ ਲਾਗੂ ਕਰਨ ਲਈ ਟਰੰਪ ਨੇ 1977 ਦੇ ਕੌਮਾਂਤਰੀ ਐਮਰਜੈਂਸੀ ਆਰਥਿਕ ਸ਼ਕਤੀਆਂ ਐਕਟ ਦੀ ਵਰਤੋਂ ਕਰਦਿਆਂ ਲਗਾਤਾਰ ਵਪਾਰ ਘਾਟੇ ਨੂੰ ਕੌਮੀ ਐਮਰਜੈਂਸੀ ਵਜੋਂ ਪੇਸ਼ ਕੀਤਾ। ਇਨ੍ਹਾਂ ਟੈਰਿਫਾਂ ਖਿਲਾਫ

ਮਨਦੀਪ
ਫੋਨ: +1-438-924-2052

ਚੀਨ ਨੇ ਜਵਾਬੀ ਕਾਰਵਾਈ ਕੀਤੀ ਹੈ ਜਿਸ ਨਾਲ ਵਿਸ਼ਵ ਵਪਾਰਕ ਜੰਗ ਤੇਜ਼ ਹੋ ਗਈ ਹੈ। ਇਉਂ ਦਿਨਾਂ ਵਿੱਚ ਹੀ ਅਮਰੀਕਾ ਦੀ ਸਟਾਕ ਮਾਰਕਿਟ ਅਤੇ ਵਿਸ਼ਵ ਸਟਾਕ ਮਾਰਕਿਟ ਲੁੜਕ ਗਈ। ਯੂਰੋਪ ਵਿੱਚ ਟਰੰਪ ਦੀਆਂ ਨੀਤੀਆਂ ਖਿਲਾਫ ਵਿਸ਼ਾਲ ਰੋਸ ਪ੍ਰਦਰਸ਼ਨ ਹੋਏ। ਟਰੰਪ ਵੱਲੋਂ ਵਿਸ਼ਵਵਿਆਪੀ ਵਿਰੋਧ ਅਤੇ ਮੰਦੀ ਦੇ ਖਤਰਿਆਂ ਨੂੰ ਭਾਂਪਦਿਆਂ ਚੀਨ ਉੱਤੇ ਹੋਰ ਟੈਰਿਫ ਲਾਉਂਦਿਆਂ ਬਾਕੀ 75 ਮੁਲਕਾਂ ਲਈ 90 ਦਿਨ ਦੀ ਅਸਥਾਈ ਰਾਹਤ ਦਾ ਕਦਮ ਚੁੱਕਣ ਲਈ ਮਜਬੂਰ ਹੋਣਾ ਪਿਆ। ਅਮਰੀਕੀ ਸਾਮਰਾਜ ਨੇ ਆਪਣੇ ਵਪਾਰਕ, ਸਿਆਸੀ, ਫੌਜੀ ਤੇ ਆਰਥਿਕ ਹਿੱਤਾਂ ਦੀ ਰੱਖਿਆ ਅਤੇ ਲਗਾਤਾਰ ਖੁਰ ਰਹੀ ਆਪਣੀ ਸ਼ਕਤੀ ਬਣਾਈ ਰੱਖਣ ਲਈ ਇਹ ਵਪਾਰਕ ਤੇ ਕੂਟਨੀਤਕ ਜੰਗ ਸ਼ੁਰੂ ਕੀਤੀ ਹੈ।

ਟਰੰਪ ਕੋਈ ਅਦਿੱਖ ਅਲੌਕਿਕ ਸ਼ਕਤੀਆਂ ਦਾ ਮਾਲਕ ਨਹੀਂ ਜਿਸ ਦੀ ਵਿਅਕਤੀਗਤ ਇੱਛਾ ਅਮਰੀਕਾ ਨੂੰ ਮੁੜ ਮਹਾਨ ਅਤੇ ਅਮੀਰ ਬਣਾ ਦੇਵੇਗੀ ਬਲਕਿ ਟਰੰਪ ਨੇ ਆਪਣੇ ਵਪਾਰਕ ਸਲਾਹਕਾਰ ਅਤੇ ਸੁਰੱਖਿਆਵਾਦੀ ਨੀਤੀਆਂ ਦੇ ਪੈਰੋਕਾਰ ਪੀਟਰ ਨਵਾਰੋ, ਸਟੀਵ ਬੈਨਨ, ਰਾਬਰਟ ਲਾਈਟਹਾਈਜ਼ਰ ਅਤੇ ਪਟੇ ਬੁਕਾਨਨ, ਜੋ ਮੁਕਤ ਵਪਾਰ ਸਮਝੌਤਿਆਂ ਦੇ ਆਲੋਚਕ, ਚੀਨ ਦੇ ਉਭਾਰ ਨੂੰ ਸਭ ਤੋਂ ਵੱਡੀ ਚੁਣੌਤੀ ਮੰਨਣ ਵਾਲੇ ਅਤੇ ਟੈਰਿਫ ਨੀਤੀਆਂ ਦੀ ਵਕਾਲਤ ਕਰਨ ਵਾਲੇ ਅਮਰੀਕੀ ਅਰਥ ਸ਼ਾਸਤਰੀ ਹਨ, ਅਤੇ ਅਮਰੀਕੀ ਪੂੰਜੀਪਤੀਆਂ ਦੀ ਸਲਾਹ ਨਾਲ ਟੈਰਿਫ ਨੀਤੀ ਲਾਗੂ ਕੀਤੀ ਹੈ। ਉਨ੍ਹਾਂ ਮੁਤਾਬਕ ਦਰਾਮਦੀ ਮਾਲ ਉੱਤੇ ਟੈਕਸ ਦੀ ਇਹ ਨੀਤੀ ਅਮਰੀਕਾ ਨੂੰ ਮੁੜ ਅਮੀਰ ਬਣਾਉਣ, ਘਰੇਲੂ ਨਿਰਮਾਣ ਉਦਯੋਗ ਨੂੰ ਪੁਨਰਗਠਿਤ ਕਰਨ ਅਤੇ ਵਪਾਰ ਘਾਟਾ ਘਟਾਉਣ ਲਈ ਲਿਆਂਦੀ ਜਾ ਰਹੀ ਹੈ। ਇਸ ਤੋਂ ਇਲਾਵਾ ਕਰਜ਼ ਪੂਰਤੀ ਲਈ ਸਰਕਾਰੀ ਖਰਚਿਆਂ 'ਤੇ ਕੱਟ ਲਾਉਣ, ਅਮਰੀਕੀ ਦਬਕਾ ਕਾਇਮ ਰੱਖਣ ਲਈ ਪਨਾਮਾ ਨਹਿਰ, ਗਾਜ਼ਾ ਤੇ ਗ੍ਰੀਨਲੈਂਡ 'ਤੇ ਕਬਜ਼ਾ ਕਰਨ, ਕੈਨੇਡਾ ਨੂੰ 51ਵਾਂ ਸੂਬਾ ਬਣਾਉਣ ਆਦਿ ਵਰਗੇ ਕੌਮੀ ਤ੍ਰਿਸਕਾਰ ਦੇ ਬਿਆਨ ਦੇਣੇ ਅਤੇ ਜੰਗੀ ਵਪਾਰਕ ਉਦੇਸ਼ਾਂ ਲਈ ਮੱਧ ਪੂਰਬ ਏਸ਼ੀਆ ਵਿੱਚ ਦਖਲਅੰਦਾਜ਼ੀ ਅਮਰੀਕੀ ਸਾਮਰਾਜ ਦੀ ਹਮਲਾਵਰ ਨੀਤੀ ਦਾ ਸਿੱਟਾ ਹੈ। ਆਰਥਿਕ ਅਤੇ ਫੌਜੀ ਮੁਹਾਣ 'ਤੇ ਅਮਰੀਕਾ ਦਾ ਇਹ ਹਮਲਾਵਰ ਰੁਖ ਮੁੱਖ ਤੌਰ 'ਤੇ ਚੀਨ ਅਤੇ ਬਾਕੀ ਸਾਮਰਾਜੀ ਮੁਲਕਾਂ ਨਾਲ ਮੁਕਾਬਲੇਬਾਜ਼ੀ ਵਿੱਚੋਂ ਪਛੜਨ ਦੇ ਖੌਫ਼ ਵਿੱਚੋਂ ਪੈਦਾ ਹੋਇਆ ਹੈ। ਸੰਸਾਰ ਵਪਾਰ ਵਿੱਚ ਅਮਰੀਕਾ ਦੀ ਪਹਿਲਾਂ ਵਾਲੀ ਸਮਰੱਥਾ, ਕਾਬਲੀਅਤ ਅਤੇ ਪ੍ਰਮੁੱਖਤਾ ਨਹੀਂ ਰਹੀ। ਸੱਤਰਵਿਆਂ ਦੇ ਦਹਾਕੇ ਵਿੱਚ ਸੰਸਾਰ ਵਪਾਰ ਵਿੱਚ ਅਮਰੀਕਾ ਦੀ ਹਿੱਸੇਦਾਰੀ 14% ਅਤੇ ਚੀਨ ਦੀ ਹਿੱਸੇਦਾਰੀ 1% ਤੋਂ ਵੀ ਘੱਟ ਦੀ ਸੀ। ਅੱਜ ਵਿਸ਼ਵ ਵਪਾਰ ਵਿੱਚ ਚੀਨ ਦੀ 14% ਅਤੇ ਅਮਰੀਕਾ ਦੀ 10% ਹਿੱਸੇਦਾਰੀ ਹੈ। ਇਸ ਤੋਂ ਇਲਾਵਾ ਰੂਸ, ਯੂਰੋਪੀਅਨ ਯੂਨੀਅਨ, ਬ੍ਰਿਕਸ ਗੱਠਜੋੜ ਅਤੇ ਗਲੋਬਲ ਸਾਊਥ ਦੇ ਅਨੇਕ ਮੁਲਕਾਂ ਦੇ ਦੁਵੱਲੇ ਵਪਾਰਕ ਸਬੰਧਾਂ ਅਤੇ ਆਰਥਿਕ ਉਨਤੀ ਕਾਰਨ ਸੰਸਾਰ ਇੱਕ ਧਰੁਵੀ ਨਿਰਭਰਤਾ ਦੇ ਪੂਰਨ ਦਾਬੇ ਹੇਠ ਨਹੀਂ ਰਿਹਾ। ਇਸ ਸੂਰਤ ਵਿੱਚ ਟਰੰਪ ਦੁਆਰਾ ਮੁਕਤ ਵਪਾਰ ਦੀਆਂ ਨਵਉਦਾਰਵਾਦੀ ਨੀਤੀਆਂ ਨੂੰ ਤਿਲਾਂਜਲੀ ਦੇ ਕੇ ਸੁਰੱਖਿਆਵਾਦੀ ਆਰਥਿਕ ਰਾਸ਼ਟਰਵਾਦ ਨੂੰ ਤਰਜੀਹ ਦੇਣੀ ਬੜਾ ਘਾਤਕ ਸੁਫਨਾ ਹੈ ਜੋ ਅਮਰੀਕੀ ਸਰਦਾਰੀ ਦੀ ਗਿਰਾਵਟ ਦੀ ਪੁਸ਼ਟੀ ਕਰਦਾ ਹੈ।

ਸਭ ਤੋਂ ਪਹਿਲਾਂ ਤਾਂ ਟਰੰਪ ਦੀ ਟੈਰਿਫ ਗਣਨਾ ਵਿਧੀ ਜੋ ਵਿਸ਼ਵ ਵਪਾਰ ਸੰਸਥਾ ਦੀ ਵੈੱਬਸਾਇਟ 'ਤੇ ਦਿੱਤੀ ਹੋਈ ਹੈ, ਦੋਸ਼ਪੂਰਨ ਹੈ। ਇਹ ਵਿਧੀ ਗੁੰਝਲਦਾਰ ਵਪਾਰਕ ਸਬੰਧਾਂ ਨੂੰ ਸਰਲ ਬਣਾ ਕੇ ਪੇਸ਼ ਕਰਦੀ ਹੈ। ਟੈਰਿਫ ਦੀ ਗਣਨਾ ਵਪਾਰ ਘਾਟੇ ਦੇ ਅਨੁਪਾਤ ਅਨੁਸਾਰ ਕੀਤੀ ਗਈ ਹੈ। ਕਿਸੇ ਇੱਕ ਮੁਲਕ ਨਾਲ ਵਪਾਰ ਘਾਟੇ ਨੂੰ ਉਸ ਦੇਸ਼ ਤੋਂ ਦਰਾਮਦ ਵਸਤੂਆਂ ਦੇ ਕੁੱਲ ਮੁੱਲ ਨਾਲ ਵੰਡ ਕੇ ਅਗਾਂਹ ਉਸ ਨੂੰ 2 ਨਾਲ ਵੰਡ ਕੇ ਟੈਰਿਫ ਦਰ ਤੈਅ ਕੀਤੀ ਗਈ ਹੈ। ਉਦਾਹਰਨ ਵਜੋਂ ਜੇ ਅਮਰੀਕਾ ਦਾ ਕੈਨੇਡਾ ਨਾਲ ਵਪਾਰ ਘਾਟਾ 100 ਅਰਬ ਡਾਲਰ ਦਾ ਹੈ ਤੇ ਉਸ ਦੀ ਕੈਨੇਡਾ ਤੋਂ ਦਰਾਮਦ 200 ਅਰਬ ਡਾਲਰ ਹੈ ਤਾਂ 100/200=0.5/2= 0.25% (25%)। ਸਾਮਰਾਜੀ ਦੌਰ ਅੰਦਰ ਅਸਾਵੇਂ ਵਿਕਾਸ ਕਾਰਨ ਦੁਨੀਆ ਪੱਛੜੇ ਅਤੇ ਵਿਕਸਿਤ ਮੁਲਕਾਂ ਵਿਚਕਾਰ ਵੰਡੀ ਹੋਈ ਹੈ ਜਿਸ ਕਰ ਕੇ ਪੂੰਜੀ, ਤਕਨੀਕ, ਬੁਨਿਆਦੀ ਢਾਂਚੇ, ਮੁਦਰਾ ਦੀ ਕੀਮਤ ਅਤੇ ਉਜਰਤਾਂ ਵਿਚਕਾਰ ਅੰਤਰ ਕਾਰਨ ਸੰਤੁਲਿਤ ਸੰਸਾਰ ਵਪਾਰ ਦਾ ਸੰਕਲਪ ਮੂਲੋਂ ਹੀ ਗਲਤ ਹੈ। ਦਿੱਲੀ ਅਤੇ ਸ਼ਿਕਾਗੋ ਦੇ ਮਜ਼ਦੂਰਾਂ ਦੀਆਂ ਉਜਰਤਾਂ ਵਿਚਕਾਰ ਜ਼ਮੀਨ ਅਸਮਾਨ ਦਾ ਫਰਕ ਹੋਣ ਕਰ ਕੇ ਅਤੇ ਅਮਰੀਕੀ ਡਾਲਰ ਮੁਕਾਬਲੇ ਭਾਰਤੀ ਰੁਪਏ ਦੀ ਕੀਮਤ ਘੱਟ ਹੋਣ ਕਰ ਕੇ ਅਮਰੀਕੀ ਉਤਪਾਦਕ ਵਸਤਾਂ ਭਾਰਤੀ ਉਤਪਾਦਕ ਵਸਤਾਂ ਮੁਕਾਬਲੇ ਜ਼ਿਆਦਾ ਮਹਿੰਗੀਆਂ ਹੋਣਗੀਆਂ। ਇਸ ਲਈ ਪਰਸਪਰ ਟੈਰਿਫ ਬਰਾਬਰ ਅਰਥਚਾਰਿਆਂ ਵਾਲੇ ਦੇਸ਼ਾਂ ਵਿੱਚ ਹੋਰ ਮਾਇਨੇ ਰੱਖਦੇ ਹਨ ਤੇ ਅਸਾਵੇਂ ਵਿਕਾਸ ਕਾਰਨ ਇਸ ਦੀ ਮਾਰ ਗਰੀਬ ਮੁਲਕਾਂ ਦੇ ਲੋਕਾਂ ਉੱਤੇ ਵੱਧ ਪੈਂਦੀ ਹੈ।

ਦੂਜਾ, ਅਮਰੀਕੀ ਸਾਮਰਾਜ ਟੈਰਿਫ ਨੂੰ ਕੂਟਨੀਤਕ ਹਥਿਆਰ ਵਜੋਂ ਵਰਤਦਾ ਹੈ, ਜਿਸ ਤਹਿਤ ਪੂੰਜੀਪਤੀਆਂ ਦੇ ਹਿੱਤਾਂ ਨੂੰ ਤਰਜੀਹ ਦਿੱਤੀ ਜਾਂਦੀ ਹੈ। ਸਾਮਰਾਜੀ ਪੂੰਜੀਵਾਦੀ ਤਾਕਤਾਂ ਮੰਡੀ ਦੇ ਵਿਸਤਾਰ ਅਤੇ ਪੂੰਜੀ ਦੇ ਇਕੱਤਰੀਕਰਨ ਲਈ ਟੈਰਿਫ ਨੂੰ ਕੌਮੀ ਨੀਤੀ ਵਜੋਂ ਵਰਤਦੇ ਹਨ। ਇਸ ਕੂਟਨੀਤਕ ਹਥਿਆਰ ਤਹਿਤ ਦੰਡਕਾਰੀ ਟੈਰਿਫ ਦੀਆਂ ਧਮਕੀਆਂ ਨਾਲ ਕਿਸੇ ਮੁਲਕ ਵਿੱਚ ਅਮਰੀਕੀ ਵਸਤਾਂ ਦੀ ਦਰਾਮਦ ਉੱਤੇ ਟੈਰਿਫ ਘੱਟ ਕਰਨ ਦਾ ਦਬਾਅ ਪਾਇਆ ਜਾਂਦਾ ਹੈ ਤਾਂ ਜੋ ਅਮਰੀਕੀ ਉਤਪਾਦਾਂ ਲਈ ਮੰਡੀ ਤੇ ਮੁਨਾਫੇ ਦੇ ਅੜਿੱਕੇ ਦੂਰ ਕੀਤੇ ਜਾ ਸਕਣ। ਉਦਾਹਰਨ ਵਜੋਂ 1994 ਵਿੱਚ ਅਮਰੀਕਾ, ਕੈਨੇਡਾ ਅਤੇ ਮੈਕਸਿਕੋ ਵਿਚਕਾਰ ਮੁਕਤ ਵਪਾਰ ਸਮਝੌਤਾ ਨਾਫਟਾ (ਉੱਤਰੀ ਅਮਰੀਕੀ ਮੁਕਤ ਵਪਾਰ ਸਮਝੌਤਾ) ਕੀਤਾ ਗਿਆ ਸੀ। ਇਸ ਸਮਝੌਤੇ ਤਹਿਤ ਮੈਕਸਿਕੋ ਵਿੱਚ ਖਪਤ ਕੀਤੇ ਜਾਣ ਵਾਲੇ ਭੋਜਨ ਦਾ ਵੱਡਾ ਹਿੱਸਾ (42%) ਅਮਰੀਕਾ ਤੋਂ ਬਰਾਮਦ ਕੀਤਾ ਗਿਆ, ਜਿਸ ਨਾਲ 13 ਲੱਖ ਕਿਸਾਨ ਖੇਤੀਬਾੜੀ ਵਿਚੋਂ ਬਾਹਰ ਹੋ ਗਏ। ਲੱਖਾਂ ਮੈਕਸਿਕਨ ਭੁੱਖਿਆਂ ਦੀ ਕਤਾਰ ਵਿੱਚ ਸ਼ਾਮਲ ਹੋ ਗਏ ਅਤੇ ਦੇਸ਼ ਦੇ ਕਿਸਾਨ ਪਰਿਵਾਰ ਕੁਪੋਸ਼ਣ ਤੇ ਗਰੀਬੀ ਦਾ ਸ਼ਿਕਾਰ ਹੋ ਗਏ। ਮੈਕਸਿਕੋ 'ਚ ਚੌਲ, ਸੋਇਆਬੀਨ, ਦਾਲਾਂ , ਕਣਕ ਅਤੇ ਮੱਕੀ ਅਮਰੀਕਾ ਤੋਂ ਦਰਾਮਦ ਕੀਤੇ ਜਾਣ ਲੱਗੇ ਜਿਸ ਨਾਲ ਖੇਤੀਬਾੜੀ ਖੇਤਰ ਦਾ ਦੀਵਾਲਾ ਨਿਕਲਣ ਨਾਲ ਲੱਖਾਂ ਕਿਸਾਨ ਖੁਦਕਸ਼ੀਆਂ ਕਰਨ ਲਈ ਮਜਬੂਰ ਹੋਏ। ਖੇਤੀਬਾੜੀ ਖੇਤਰ ਦੇ ਉਜਾੜੇ ਕਾਰਨ ਲੱਖਾਂ ਦੀ ਗਿਣਤੀ ਵਿੱਚ ਵਿਹਲੀ ਹੋਈ ਰਿਜ਼ਰਵ ਆਰਮੀ (ਕਿਸਾਨਾਂ ਦੇ ਨੌਜਵਾਨ ਧੀਆਂ-ਪੁੱਤ) ਕਾਨੂੰਨੀ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ 'ਚ ਪਰਵਾਸ ਕਰਨ ਲਈ ਮਜਬੂਰ ਹੋਈ ਜੋ ਅੱਜ ਕੱਲ੍ਹ ਅਮਰੀਕਾ ਵਿੱਚੋਂ ਦੇਸ਼-ਨਿਕਾਲੇ ਦਾ ਸਭ ਤੋਂ ਵੱਧ ਸ਼ਿਕਾਰ ਹੈ। ਨਾਫਟਾ ਅਧੀਨ ਮੈਕਸਿਕੋ ਦਾ ਡੇਅਰੀ ਅਤੇ ਪੋਲਟਰੀ ਖੇਤਰ ਤਬਾਹ ਹੋ ਗਿਆ।




ਸ਼ਹਿਰਾਂ ਵਿੱਚ ਮਜ਼ਦੂਰਾਂ ਦੇ ਹੜ੍ਹ ਕਾਰਨ ਉਦਯੋਗਿਕ ਮਜ਼ਦੂਰੀ ਵਿੱਚ 10 ਪ੍ਰਤੀਸ਼ਤ ਦੀ ਗਿਰਾਵਟ ਆਈ। ਹੁਣ ਨਾਫਟਾ ਵਰਗੇ ਮੁਕਤ ਵਪਾਰ ਸਮਝੌਤਿਆਂ ਦੀ ਉਲੰਘਣਾ ਕਰਦਿਆਂ ਇਕਪਾਸੜ ਤੌਰ 'ਤੇ ਟੈਰਿਫ ਲਗਾ ਕੇ ਬਚੇ-ਖੁਚੇ ਮੈਕਸਿਕਨ ਉਦਯੋਗਾਂ ਅਤੇ ਖੇਤੀਬਾੜੀ ਨੂੰ ਪੂਰੀ ਤਰ੍ਹਾਂ ਤਬਾਹ ਕਰਨ ਦੀ ਨੀਤੀ ਅਪਣਾਈ ਜਾ ਰਹੀ ਹੈ।

ਇਹੀ ਹਾਲਤ ਅਮਰੀਕੀ ਖੇਤੀਬਾੜੀ ਉਤਪਾਦਾਂ ਉੱਤੇ ਟੈਰਿਫ ਘਟਾਉਣ ਨਾਲ ਭਾਰਤ ਦੀ ਕਿਸਾਨੀ ਅਤੇ ਆਮ ਲੋਕਾਂ ਦੀ ਹੋਵੇਗੀ। ਭਾਰਤ ਵਿੱਚ ਅਮਰੀਕਾ ਦੇ ਮੁਕਾਬਲੇ ਪ੍ਰਤੀ ਵਿਅਕਤੀ ਆਮਦਨ ਵਿੱਚ ਪਾੜਾ ਹੋਣ ਕਾਰਨ, ਭਾਰਤ 'ਚ ਅਮਰੀਕੀ ਦਰਾਮਦ ਤੇ ਟੈਰਿਫ ਘਟਾਉਣ ਤੇ ਬਰਾਮਦ ਉੱਤੇ ਟੈਰਿਫ ਵਸੂਲਣ, ਕਿਸਾਨਾਂ ਨੂੰ ਦਿੱਤੀਆਂ ਜਾਣ ਵਾਲੀਆਂ ਸਬਸਿਡੀਆਂ 'ਚ ਅੰਤਰ ਹੋਣ ਕਾਰਨ ਖੇਤੀਬਾੜੀ, ਪੋਲਟਰੀ ਅਤੇ ਡੇਅਰੀ ਖੇਤਰਾਂ ਵਿੱਚ ਉਜਾੜਾ ਹੋਵੇਗਾ। ਭਾਰਤ-ਅਮਰੀਕਾ ਦੁਵੱਲਾ ਵਪਾਰ ਸਮਝੌਤਾ (ਬੀਟੀਏ) ਭਾਰਤੀ ਖੇਤੀਬਾੜੀ ਅਤੇ ਭੋਜਨ ਸੁਰੱਖਿਆ ਲਈ ਵੱਡਾ ਖਤਰਾ ਖੜ੍ਹਾ ਕਰੇਗਾ ਤੇ ਇਸ ਲਈ ਅਮਰੀਕਾ ਦੇ ਪਰਸਪਰ ਟੈਰਿਫ ਗੈਰ-ਵਾਜਿਬ ਤੇ ਹਮਲਾਵਰ ਹਨ।

ਗਲੋਬਲ ਆਰਥਿਕਤਾ ਉੱਤੇ ਕੰਟਰੋਲ ਲਈ ਨਵਉਦਾਰਵਾਦੀ ਜਨੂੰਨ ਦੇ ਨਾਲ-ਨਾਲ ਟਰੰਪ ਦੀਆਂ ਸੁਰੱਖਿਆਵਾਦੀ ਨੀਤੀਆਂ ਕਈ ਤਰ੍ਹਾਂ ਦੇ ਅੰਤਰ-ਵਿਰੋਧਾਂ ਦਾ ਵੀ ਸ਼ਿਕਾਰ ਹਨ। ਅਮਰੀਕਾ ਦੀ ਆਰਥਿਕ ਮਜ਼ਬੂਤੀ ਸਸਤੀ ਦਰਾਮਦ ਅਤੇ ਮਹਿੰਗੀ ਬਰਾਮਦ ਉੱਤੇ ਟਿਕੀ ਹੋਈ ਹੈ। ਅਮਰੀਕਾ ਦੇ ਮੁਕਾਬਲੇ ਸਸਤੀ ਲੇਬਰ ਅਤੇ ਸਸਤੇ ਕੱਚੇ ਸ੍ਰੋਤਾਂ ਕਾਰਨ ਚੀਨ ਸਮੇਤ ਸੰਸਾਰ ਦੇ ਦੂਰ ਤਟਵਰਤੀ ਖੇਤਰਾਂ ਵਿੱਚ ਉਤਪਾਦਨ ਅਮਰੀਕਾ ਨੂੰ ਸਸਤਾ ਪੈਂਦਾ ਹੈ। ਜੇ ਉਹ ਘਰੇਲੂ ਨਿਵੇਸ਼ ਉੱਤੇ ਜ਼ੋਰ ਦਿੰਦਾ ਹੈ ਤਾਂ ਅਮਰੀਕਾ ਵਿੱਚ ਉੱਚ ਉਜਰਤੀ ਦਰਾਂ ਤੇ ਮਹਿੰਗੀ ਢੋਆ-ਢੁਆਈ ਕਾਰਨ ਉਸ ਨੂੰ ਉਤਪਾਦਨ ਮਹਿੰਗਾ ਪਵੇਗਾ ਜਿਸ ਨਾਲ ਸੰਸਾਰ ਮੰਡੀ ਵਿੱਚ ਉਸ ਦੇ ਉਤਪਾਦ ਮੁਕਾਬਲਾ ਨਹੀਂ ਕਰ ਸਕਣਗੇ। ਵਿਦੇਸ਼ੀ ਦਰਾਮਦਾਂ ਨੂੰ ਸਜ਼ਾ ਦੇ ਕੇ ਅਤੇ ਅਮਰੀਕੀ ਕਾਰਪੋਰੇਸ਼ਨਾਂ ਨੂੰ ਸਥਾਨਕ ਉਤਪਾਦਨ ਲਈ ਮਜਬੂਰ ਕਰ ਕੇ ਅਮਰੀਕੀ ਉਤਪਾਦ ਗਲੋਬਲ ਮੰਡੀ ਦੇ ਕਾਬਲ ਨਹੀਂ ਹੋ ਸਕਦੇ। ਅਮਰੀਕਾ ਅੰਦਰ ਨਿਰਮਾਣ, ਮਹਿੰਗਾਈ, ਰੈਗੂਲੇਟਰੀ ਕਾਨੂੰਨਾਂ ਅਤੇ ਡਾਲਰ ਦੀ ਕੀਮਤ ਵੱਧ ਹੋਣ ਕਰ ਕੇ ਵੀ ਅਮਰੀਕੀ ਵਸਤਾਂ ਨੂੰ ਬਰਾਮਦ ਮੁਕਾਬਲੇ ਵਿੱਚੋਂ ਬਾਹਰ ਕਰਦਾ ਹੈ। ਐਪਲ, ਵਾਲਮਾਰਟ, ਮੈਕਡੋਨਲਡ, ਟੈਸਲਾ ਨੇ ਦੂਰ ਤੱਟਵਰਤੀ ਨਿਰਮਾਣ, ਸਸਤੇ ਕੱਚੇ ਮਾਲ ਅਤੇ ਮਜ਼ਦੂਰਾਂ ਦੀ ਸਸਤੀ ਉਜਰਤ ਲੁੱਟ ਕੇ ਹੀ ਆਪਣੇ ਸਾਮਰਾਜ ਖੜ੍ਹੇ ਕੀਤੇ ਹਨ। ਇਸ ਤੋਂ ਇਲਾਵਾ ਅਮਰੀਕਾ ਅੰਦਰ ਨਿਰਮਾਣ ਲਈ ਬੁਨਿਆਦੀ ਢਾਂਚਾ ਰਾਤੋ-ਰਾਤ ਖੜ੍ਹਾ ਨਹੀਂ ਹੋ ਸਕਦਾ। ਇਸ ਲਈ ਅਮਰੀਕੀ ਹਾਕਮ ਜਾਣਦੇ ਹਨ ਕਿ ਇਨ੍ਹਾਂ ਨੀਤੀਆਂ ਦਾ ਬੋਝ ਆਮ ਲੋਕਾਂ ਉੱਤੇ ਪੈਣ ਵਾਲਾ ਹੈ ਅਤੇ ਲੋਕ ਵਿਰੋਧ ਨੂੰ ਅਗਾਊਂ ਦਬਾਉਣ ਲਈ ਮਜ਼ਦੂਰ ਵਿਰੋਧੀ ਕਾਨੂੰਨਾਂ, ਪੁਲੀਸ ਦਹਿਸ਼ਤ ਤੇ ਪਰਵਾਸੀ ਵਿਰੋਧੀ ਕੌਮੀ ਸ਼ਾਵਨਵਾਦੀ ਭਾਵਨਾ ਨੂੰ ਹਵਾ ਦਿੰਦਿਆਂ ਉਨ੍ਹਾਂ ਨੂੰ ਦੇਸ਼-ਨਿਕਾਲਾ ਦਿੱਤਾ ਜਾ ਰਿਹਾ ਹੈ। ਜੇ ਟਰੰਪ ਭਵਿੱਖ ਵਿੱਚ ਘਰੇਲੂ ਉਦਯੋਗਾਂ ਦੇ ਪੁਨਰਗਠਨ ਲਈ ਟੈਰਿਫ ਨੀਤੀ 'ਤੇ ਅਮਲੀ ਤੌਰ 'ਤੇ ਸਖਤ ਨਾਲ ਪਹਿਰਾ ਜਾਰੀ ਰੱਖਦਾ ਹੈ ਤਾਂ ਇਸ ਦੇ ਨਤੀਜੇ ਵਿਸ਼ਵ ਬਾਜ਼ਾਰਾਂ ਵਿੱਚ ਉਥਲ-ਪੁਥਲ, ਅਸਥਿਰਤਾ, ਨੌਕਰੀਆਂ ਦੇ ਖਾਤਮੇ, ਮਹਿੰਗਾਈ, ਨਾ-ਬਰਾਬਰੀ, ਸਮਾਜਿਕ ਤਣਾਅ ਤੇ ਅਰਾਜਕਤਾ, ਗਲੋਬਲ ਸਪਲਾਈ ਚੇਨ 'ਚ ਗੜਬੜ, ਛੋਟੇ ਵਪਾਰਾਂ ਤੇ ਖੇਤੀਬਾੜੀ ਦਾ ਉਜਾੜਾ ਅਤੇ ਖਪਤਕਾਰਾਂ 'ਤੇ ਬੋਝ ਦੇ ਰੂਪ ਵਿੱਚ ਸਾਹਮਣੇ ਆਉਣਗੇ। ਮਹਿੰਗਾਈ ਨੂੰ ਠੱਲ੍ਹ ਪਾਉਣ ਲਈ ਕੇਂਦਰੀ ਵਿਆਜ ਦਰਾਂ ਵਧਾਈਆਂ ਜਾਣਗੀਆਂ ਜਿਸ ਨਾਲ ਰੀਅਲ ਅਸਟੇਟ ਤੇ ਸਟਾਕ ਮਾਰਕਿਟ ਡਿੱਗੇਗੀ, ਮੁਦਰਾ ਬਾਜ਼ਾਰਾਂ ਵਿੱਚ ਅਸਥਿਰਤਾ ਪੈਦਾ ਹੋਵੇਗੀ, ਮੰਗ ਤੇ ਉਤਪਾਦਕਤਾ ਘਟੇਗੀ, ਨਿਵੇਸ਼ ਘਟੇਗਾ, ਮੁਨਾਫੇ ਦੀਆਂ ਦਰਾਂ ਡਿੱਗਣਗੀਆਂ ਤੇ ਖੜੋਤ ਨਾਲ ਵਾਧੂ ਪੈਦਾਵਾਰ ਦਾ ਸੰਕਟ ਪੈਦਾ ਹੋ ਜਾਵੇਗਾ। ਇਸ ਨਾਲ ਸੰਸਾਰ ਅਰਥਚਾਰਾ ਗੰਭੀਰ ਆਰਥਿਕ ਮੰਦੀ ਦੀ ਲਪੇਟ ਵਿੱਚ ਆ ਸਕਦਾ ਹੈ। ਜੇ ਇਹ ਪੂੰਜੀਵਾਦ ਸਨਕ ਜਾਰੀ ਰਹਿੰਦੀ ਹੈ ਤਾਂ ਇਹ ਸੰਕਟ 2008 ਦੇ ਅਮਰੀਕੀ ਸੰਕਟ ਨਾਲੋਂ ਕਿਤੇ ਵੱਧ ਗਹਿਰਾ ਸਾਬਤ ਹੋਵੇਗਾ।

ਟੈਰਿਫ ਨੀਤੀ ਨਾਲ ਸੰਸਾਰ ਅਰਥਚਾਰੇ ਦੀ ਘੇਰਾਬੰਦੀ ਕਰ ਕੇ ਪੂਰੇ ਸੰਸਾਰ ਆਰਥਿਕ-ਵਪਾਰਕ ਤਾਣੇ-ਬਾਣੇ ਨੂੰ ਵਿਗਾੜ ਕੇ ਇਸ ਦਾ ਲਾਹਾ ਲੈਣ ਦੀ ਤਾਕ 'ਚ ਬੈਠਾ ਅਮਰੀਕੀ ਸਾਮਰਾਜ ਖੁਦ ਨਿਖੜ ਰਿਹਾ ਹੈ। ਵੱਖ-ਵੱਖ ਮਹਾਂਦੀਪਾਂ ਦੇ ਦੇਸ਼ ਅਮਰੀਕਾ ਤੋਂ ਆਰਥਿਕ ਤੇ ਫੌਜੀ ਨਿਰਭਰਤਾ ਘਟਾਉਣ ਲਈ ਦੁਵੱਲੇ ਵਪਾਰਕ ਸਬੰਧ ਵਧਾ ਰਹੇ ਹਨ ਅਤੇ ਕਈ ਦੇਸ਼ ਆਪਣੀ ਫੌਜੀ ਸਮਰੱਥਾ ਦੇ ਨਾਲ-ਨਾਲ ਪਰਮਾਣੂ ਨਿਰਭਰਤਾ ਲਈ ਵੀ ਅਹੁਲ ਰਹੇ ਹਨ। ਆਪਣੇ ਰਵਾਇਤੀ ਵਫਾਦਾਰ ਭਾਈਵਾਲਾਂ ਉੱਤੇ ਵਪਾਰਕ ਹਮਲੇ, ਪੱਛਮੀ ਖੇਮੇ ਵਿਰੋਧੀ ਰੂਸ-ਚੀਨ ਨੂੰ ਆਪਣੀ ਮੰਡੀ ਦੇ ਵਿਸਤਾਰ ਦਾ ਮੌਕਾ ਮੁਹੱਈਆ ਕਰਵਾਉਣਗੇ ਅਤੇ ਅਮਰੀਕਾ ਨੂੰ ਮੰਦੀ ਦੇ ਜੋਖ਼ਿਮ ਵਿੱਚ ਪਾਉਣਗੇ ਜਿਸ ਦੇ ਸਿਰ ਕੁੱਲ ਕਰਜ਼ (36.2 ਖਰਬ ਡਾਲਰ) ਪਹਿਲਾਂ ਹੀ ਉਸ ਦੀ ਕੁੱਲ ਜੀਡੀਪੀ (29 ਖਰਬ ਡਾਲਰ) ਤੋਂ ਵੱਧ ਹੈ।

ਕੁਝ ਉਦਾਰਵਾਦੀ ਅਰਥ ਸ਼ਾਸਤਰੀ ਤਰਕ ਦਿੰਦੇ ਹਨ ਕਿ ਟੈਰਿਫ ਨਾਲ ਸਰਕਾਰ ਨੂੰ ਮਾਲੀਆ ਮਿਲਦਾ ਹੈ, ਘਰੇਲੂ ਉਦਯੋਗਾਂ ਨੂੰ ਹੁਲਾਰਾ ਮਿਲਦਾ ਹੈ, ਨੌਕਰੀਆਂ ਦੇ ਮੌਕੇ ਪੈਦਾ ਹੁੰਦੇ ਹਨ, ਸਥਾਨਕ ਅਰਥਚਾਰਿਆਂ ਦੀ ਮਜ਼ਬੂਤੀ ਨਾਲ ਕੌਮਾਂਤਰੀ ਆਵਾਜਾਈ ਘਟੇਗੀ ਜੋ ਘੱਟ ਪ੍ਰਦੂਸ਼ਣ ਤੇ ਵਾਤਾਵਰਨ ਪੱਖੀ ਹੈ ਪਰ ਇਨ੍ਹਾਂ ਪੂੰਜੀਵਾਦੀ-ਉਦਾਰਵਾਦੀ ਦਾਅਵਿਆਂ ਦੌਰਾਨ ਇਹ ਭੁਲਾ ਦਿੱਤਾ ਜਾਂਦਾ ਹੈ ਕਿ ਇਹ ਸਭ ਕਿਸ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖ ਕੇ ਅਤੇ ਕਿਸ ਕੀਮਤ ਉੱਤੇ ਹੋਵੇਗਾ? ਹਕੀਕੀ ਆਰਥਿਕ-ਸਿਆਸੀ ਸਵੈ-ਨਿਰਭਰਤਾ ਤੇ ਆਜ਼ਾਦੀ ਸਾਮਰਾਜੀ ਤੇ ਸਰਮਾਏਦਾਰੀ ਤੋਂ ਮੁਕਤ ਲੋਕ ਪੱਖੀ ਸਮਾਜ ਸਥਾਪਿਤ ਕਰ ਕੇ ਹੀ ਸੰਭਵ ਹੈ।

# ਪ੍ਰਤਿਭਾਸ਼ਾਲੀ ਫ਼ਿਲਮਸਾਜ਼ ਅਤੇ ਲੇਖਕ - ਸਤਿਆਜੀਤ ਰੇਅ

ਬੰਗਲਾ ਫਿਲਮਸਾਜ਼ ਸਤਿਆਜੀਤ ਰੇਅ ਵੀਹਵੀਂ ਸਦੀ 'ਚ ਵਿਸ਼ਵ ਦੀਆਂ ਮਹਾਨਤਮ ਫਿਲਮ ਹਸਤੀਆਂ ਵਿਚੋਂ ਇੱਕ ਸੀ, ਜਿਸ ਨੇ ਯਥਾਰਥਵਾਦੀ ਧਾਰਾ ਦੀਆਂ ਫਿਲਮਾਂ ਨੂੰ ਨਵੀਂ ਦਿਸ਼ਾ

ਪ੍ਰੋ. ਨਵ ਸੰਗੀਤ ਸਿੰਘ
ਫੋਨ: 94176-92015

ਪ੍ਰਦਾਨ ਕੀਤੀ। ਇਸ ਤੋਂ ਇਲਾਵਾ ਉਹਨੇ ਸਾਹਿਤ ਤੇ ਚਿੱਤਰਕਲਾ ਵਰਗੀਆਂ ਹੋਰ ਵਿਧਾਵਾਂ ਵਿਚ ਵੀ ਆਪਣੀ ਪ੍ਰਤਿਭਾ ਦੀ ਛਾਪ ਛੱਡੀ। ਮੁੱਖ ਤੌਰ 'ਤੇ ਉਹ ਫਿਲਮ ਨਿਰਦੇਸ਼ਕ ਵਜੋਂ ਜਾਣਿਆ ਜਾਂਦਾ ਹੈ ਪਰ ਲੇਖਕ, ਨਿਰਮਾਤਾ ਅਤੇ ਸਾਹਿਤਕਾਰ ਵਜੋਂ ਵੀ ਉਸ ਨੇ ਜ਼ਿਕਰਯੋਗ ਪ੍ਰਸਿੱਧੀ ਪ੍ਰਾਪਤ ਕੀਤੀ। ਸਤਿਆਜੀਤ ਰੇਅ ਦਾ ਜਨਮ 2 ਮਈ 1921 ਈ. ਨੂੰ ਕਲਕੱਤਾ (ਹੁਣ ਕੋਲਕਾਤਾ) ਵਿਖੇ ਸੁਕੁਮਾਰ ਰੇਅ ਦੇ ਘਰ ਮਾਂ ਸੁਪ੍ਰਭਾ ਰੇਅ ਦੀ ਕੁੱਖੋਂ ਹੋਇਆ।

ਆਪਣੇ ਮਾਪਿਆਂ ਦੀ ਇਕਲੌਤੀ ਸੰਤਾਨ ਸਤਿਆਜੀਤ ਰੇਅ ਦੇ ਪਿਤਾ ਸੁਕੁਮਾਰ ਰੇਅ ਦੀ ਮੌਤ 1923 ਈ. 'ਚ ਹੋਈ, ਜਦੋਂ ਉਹ ਸਿਰਫ ਦੋ ਸਾਲਾਂ ਦਾ ਸੀ। ਉਹਦੀ ਪਾਲਣਾ ਪੋਸ਼ਣਾ ਮਾਂ ਨੇ ਆਪਣੇ ਪੇਕੇ ਰਹਿ ਕੇ ਕੀਤੀ। ਉਸ ਦੀ ਮੁੱਢਲੀ ਪੜ੍ਹਾਈ ਘਰ ਹੀ ਵਿਚ ਹੋਈ। ਤੇ ਸੰਨ 1936 ਵਿਚ ਬਾਲੀਗੰਜ ਗੌਰਮਿੰਟ ਹਾਈ ਸਕੂਲ ਤੋਂ ਮੈਟ੍ਰਿਕ ਪਾਸ ਕੀਤੀ। ਉਹਦੀ ਮਾਂ ਰਵਿੰਦ੍ਰ ਸੰਗੀਤ ਦੀ ਜਾਣੀ-ਪਛਾਣੀ ਗਾਇਕਾ ਸੀ ਤੇ ਉਹਦੀ ਆਵਾਜ਼ ਬੜੀ ਦਮਦਾਰ ਸੀ। ਰੇਅ ਦੇ ਦਾਦਾ ਉਪੇਂਦਰ ਕਿਸ਼ੋਰ ਇੱਕ ਲੇਖਕ ਤੇ ਚਿੱਤਰਕਾਰ ਸਨ ਤੇ ਪਿਤਾ ਵੀ ਬੰਗਲਾ ਵਿਚ ਰੋਚਕ ਬਾਲ ਕਵਿਤਾਵਾਂ ਲਿਖਦੇ ਸਨ ਅਤੇ ਚਿੱਤਰਕਾਰੀ ਵੀ ਕਰਦੇ ਸਨ। ਇਹ ਪਰਿਵਾਰ ਟੈਗੋਰ ਘਰਾਣੇ ਦੇ ਕਾਫੀ ਨੇੜੇ ਸੀ।

ਪ੍ਰੈਜ਼ੀਡੈਂਸੀ ਕਾਲਜ ਕਲਕੱਤਾ ਤੋਂ ਗ੍ਰੈਜੂਏਸ਼ਨ ਕਰਨ ਪਿਛੋਂ ਰੇਅ ਪੇਂਟਿੰਗ ਦੇ ਅਧਿਐਨ ਲਈ ਟੈਗੋਰ ਦੀ ਰਵਿੰਦ੍ਰ ਭਾਰਤੀ ਯੂਨੀਵਰਸਿਟੀ ਸ਼ਾਂਤੀ ਨਿਕੇਤਨ ਚਲਾ ਗਿਆ। ਇਥੇ ਉਸ ਨੇ ਨੰਦ ਲਾਲ ਬੋਸ ਤੇ ਵਿਨੋਦ ਬਿਹਾਰੀ ਮੁਖੋਪਾਧਿਆਇ ਵਰਗੇ ਪ੍ਰਸਿੱਧ ਕਲਾਕਾਰਾਂ ਤੋਂ ਸਿੱਖਿਆ ਪ੍ਰਾਪਤ ਕੀਤੀ, ਜਿਨ੍ਹਾਂ 'ਤੇ ਉਸ ਨੇ ਪਿਛੋਂ 'ਇਨਰ ਆਈ ਫਿਲਮ' ਵੀ ਬਣਾਈ ਸੀ।

1941 ਵਿਚ ਬਿਜੋਇਆ ਦਾਸ ਨਾਲ ਵਿਆਹੇ ਸਤਿਆਜੀਤ ਰੇਅ ਦਾ ਇੱਕ ਬੇਟਾ ਹੈ ਸੰਦੀਪ ਰੇਅ, ਜੋ ਆਪਣੇ ਪਿਤਾ ਵਾਂਗ ਹੀ ਫਿਲਮਸਾਜ਼ ਹੈ।

1942 ਵਿਚ ਮੱਧ ਭਾਰਤ ਦੇ ਕਲਾ-ਸਮਾਰਕਾਂ ਦੀ ਯਾਤਰਾ ਕਰਨ ਪਿਛੋਂ ਉਸ ਨੇ ਸ਼ਾਂਤੀਨਿਕੇਤਨ ਨੂੰ ਛੱਡ ਦਿੱਤਾ। ਛੇਤੀ ਹੀ ਉਹ ਨੂੰ ਬ੍ਰਿਟਿਸ਼ ਵਿਗਿਆਨ ਏਜੰਸੀ ਡੀ ਜੇ ਕੇਮਰ ਐਂਡ ਕੰਪਨੀ ਵਿਚ ਕਮਰਸ਼ੀਅਲ ਆਰਟਿਸਟ ਵਜੋਂ ਨੌਕਰੀ ਮਿਲ ਗਈ, ਜਿੱਥੇ ਉਸ ਨੇ ਪੁਸਤਕਾਂ ਦੀ ਡਿਜ਼ਾਈਨਿੰਗ ਅਤੇ ਰੇਖਾਂਕਨ 'ਤੇ ਕਾਫੀ ਕੰਮ ਕੀਤਾ। ਜਿਨ੍ਹਾਂ ਕਿਤਾਬਾਂ 'ਤੇ ਉਸ ਨੇ ਡਿਜ਼ਾਈਨਿੰਗ ਕੀਤੀ, ਉਨ੍ਹਾਂ



ਵਿਚ ਵਿਭੂਤੀਭੂਸ਼ਣ ਬੰਧੋਪਾਧਿਆਇ ਦੀ 'ਪਾਥੇਰ ਪਾਂਚਾਲੀ' ਦਾ ਸੰਖੇਪ ਰੂਪਾਂਤਰਣ ਵੀ ਸ਼ਾਮਲ ਸੀ।

ਰੇਅ ਫਿਲਮ ਨਿਰਮਾਣ ਨਾਲ ਸਬੰਧਿਤ ਬਹੁਤੇ ਕੰਮ ਆਪ ਹੀ ਕਰਦਾ ਸੀ। ਇਨ੍ਹਾਂ ਵਿਚ ਨਿਰਦੇਸ਼ਨ, ਪਟਕਥਾ, ਪਿੱਠਵਰਤੀ ਸੰਗੀਤ, ਕਲਾ-ਨਿਰਦੇਸ਼ਨ, ਸੰਪਾਦਨ ਆਦਿ ਸ਼ਾਮਲ ਹੈ। ਰੇਅ ਨੇ ਬੰਗਲਾ ਭਾਸ਼ਾ ਤੇ ਬਾਲ-ਸਾਹਿਤ ਵਿਚ ਦੋ ਲੋਕਪ੍ਰਿਆ ਪਾਤਰਾਂ ਦੀ ਸਿਰਜਣਾ ਕੀਤੀ- ਜਾਸੂਸ ਫ਼ੇਲੂਦਾ ਅਤੇ ਪ੍ਰੋਫੈਸਰ ਸ਼ੰਕੂ। ਉਸ ਨੇ ਕਈ ਕਹਾਣੀਆਂ ਵੀ ਲਿਖੀਆਂ, ਜੋ ਬਾਰਾਂ-ਬਾਰਾਂ ਕਹਾਣੀਆਂ ਦੇ ਸੰਗ੍ਰਹਿ ਵਿਚ ਪ੍ਰਕਾਸ਼ਿਤ ਹੋਈਆਂ ਅਤੇ ਸਦਾ ਉਨ੍ਹਾਂ ਦੇ ਨਾਂ ਵਿਚ ਇਨ੍ਹਾਂ ਬਾਰਾਂ ਨਾਲ ਸਬੰਧਤ ਸ਼ਬਦਾਂ ਦੀ ਖੇਡ ਹੁੰਦੀ ਸੀ। ਉਦਾਹਰਣ ਲਈ 'ਇਕੋਰ ਪਿਠੇ ਦੁਏ' (ਯਾਨੀ ਇੱਕ ਦੇ ਉਤੇ ਦੋ)। ਰੇਅ ਨੂੰ ਪਹੇਲੀਆਂ ਅਤੇ ਬਹੁਅਰਥੀ ਸ਼ਬਦਾਂ ਦੀ ਖੇਡ ਨਾਲ ਬਹੁਤ ਪ੍ਰੇਮ ਸੀ। ਰੇਅ ਦੀਆਂ ਕਰੀਬ ਸਾਰੀਆਂ ਹੀ ਕਹਾਣੀਆਂ ਹਿੰਦੀ, ਅੰਗਰੇਜ਼ੀ ਅਤੇ ਹੋਰ ਭਾਸ਼ਾਵਾਂ ਵਿਚ ਵੀ ਅਨੁਵਾਦ ਹੋ ਚੁੱਕੀਆਂ ਹਨ। ਰੇਅ ਦੇ ਦੋ ਬਾਲ-ਨਾਵਲਾਂ ('ਸੋਨੇ ਦਾ ਕਿਲ੍ਹਾ' ਅਤੇ 'ਮਾਸਟਰ ਅੰਸ਼ੂਮਾਨ') ਦਾ ਪੰਜਾਬੀ ਅਨੁਵਾਦ ਇਨ੍ਹਾਂ ਸਤਰਾਂ ਦੇ ਲੇਖਕ ਵੱਲੋਂ ਕੀਤਾ ਗਿਆ, ਜੋ ਕ੍ਰਮਵਾਰ 1991 ਅਤੇ 1992 ਵਿਚ ਪੁਸਤਕ ਰੂਪ ਵਿਚ ਪ੍ਰਕਾਸ਼ਿਤ ਹੋ ਚੁੱਕਾ ਹੈ। ਉਸਦੇ ਇੱਕ ਹੋਰ ਬਾਲ-ਨਾਵਲ 'ਪ੍ਰੋਫ਼ੈਸਰ ਸ਼ੰਕੂ ਦੇ ਕਾਰਨਾਮੇ' ਦੇ ਪੰਜਾਬੀ ਅਨੁਵਾਦ ਦਾ ਕਾਰਜ ਵੀ ਜਾਰੀ ਹੈ। ਰੇਅ ਦਾ ਲਗਭਗ ਸਾਰਾ ਸਾਹਿਤ ਵੀ ਬੰਗਲਾ ਭਾਸ਼ਾ ਦੀ ਸਾਹਿਤਕ ਪੱਤ੍ਰਿਕਾ 'ਏਕਸਾਨ' ਵਿਚ ਪ੍ਰਕਾਸ਼ਿਤ ਹੋ ਚੁੱਕਾ ਹੈ। ਉਸ ਨੇ 1982 ਵਿਚ ਆਪਣੀ ਸਵੈਜੀਵਨੀ ਲਿਖੀ ਸੀ "ਜਖਨ ਛੋਟੋ ਫਿਲਮ" (ਜਦੋਂ ਮੈਂ ਛੋਟਾ ਸਾਂ)।

(ਬਾਕੀ ਸਫਾ 22 'ਤੇ)

# ਜ਼ਰੂਰਤ ਅਕਲ ਦੀ ਹੈ, ਜੰਗ ਦੀ ਨਹੀਂ

*ਯਹਾਂ ਹਰ ਸ਼ਖ਼ਸ ਹਾਦਸਾ ਹੋਨੇ ਸੇ ਡਰਤਾ ਹੈ।*
*ਖਿਲੌਨਾ ਹੈ ਜੋ ਮਿਟੀ ਕਾ ਫ਼ਨਾ ਹੋਨੇ ਸੇ ਡਰਤਾ।*

ਜਿਹੜੇ ਹਿਸਾਬ-ਕਿਤਾਬ ਨਾਲ ਪਾਕਿਸਤਾਨ ਅਤੇ ਭਾਰਤ ਭਾਵ ਦੋਨਾਂ ਦੇਸ਼ਾਂ ਦੇ ਸਰਕਾਰੀ ਅਤੇ ਗੈਰ ਸਰਕਾਰੀ ਮੀਡੀਆ ਉਤੇ ਦੇਸ਼ ਭਗਤੀ ਦੇ ਤਰਾਨੇ ਅਤੇ ਅਫਸਾਨੇ ਉਦਾਸ ਜਿਹੇ ਗੀਤ ਚੱਲਣ ਲੱਗ ਪਏ ਹਨ, ਉਸ ਹਿਸਾਬ-ਕਿਤਾਬ ਨਾਲ ਨਾਲ ਜੰਗ ਲੱਗਣ ਦੇ ਪੂਰੇ ਆਸਾਰ ਬਣੇ ਹੋਏ ਹਨ ਜਾਂ ਕਹਿ ਲਵੋ ਲਗਾਤਾਰ ਬਣਦੇ ਜਾ ਰਹੇ ਹਨ। ਪੱਕਾ ਅੰਦਰਖਾਤੇ ਸਰਕਾਰੀ ਮੀਡੀਆ ਨੂੰ ਅਜਿਹਾ ਕਰਨ ਦੇ ਹੁਕਮ ਜਾਰੀ ਕੀਤੇ ਹੋਏ ਹੋਣਗੇ। ਭਾਵੇਂ ਕੋਈ ਚੈਨਲ ਹੈਡ ਪਬਲਿਕਲੀ ਨਾ ਮੰਨੇ। ਅੱਜ ਤਾਂ ਭਾਰਤ ਅੰਦਰ ਮੀਡੀਆ ਨੂੰ ਐਡਵਾਇਜ਼ਰੀ ਜਾਰੀ ਕੀਤੀ ਗਈ ਹੈ ਕਿ ਸੈਨਾ ਦੀਆਂ ਗਤੀਵਿਧੀਆਂ ਦੀ ਕਵਰੇਜ ਵੇਲੇ ਸੰਜਮ ਵਰਤਿਆ ਜਾਵੇ ਅਤੇ ਦੇਸ਼ ਦੀ ਸੁਰੱਖਿਆ ਦਾ ਭੇਦ ਆਨ ਏਅਰ ਨਾ ਕੀਤਾ ਜਾਵੇ। ਇਹ ਤਾਂ ਮਨ ਬਣਾਏ ਹੋਏ ਦਾ ਇਸ਼ਾਰਾ ਹੈ।

**ਗੁਰਪ੍ਰੀਤ ਸਿੰਘ ਬਿਲਿੰਗ**
gurpreetnews@gmial.com

ਪਾਕਿਸਤਾਨ 'ਚ ਵੀ ਲਗਭਗ ਅਜਿਹਾ ਹੀ ਹੈ।

ਇਹ ਜਿਹੜੇ ਦੋਨਾਂ ਮੁਲਕਾਂ 'ਚ ਸੋਸ਼ਲ ਮੀਡੀਆ 'ਤੇ ਮਨ ਦੇ ਫੜਕਦੇ ਡੋਲ੍ਹਿਆਂ ਨਾਲ ਜੰਗ ਦੀ ਮੰਗ ਕਰ ਰਹੇ ਹਨ, ਜਦੋਂ ਉਨ੍ਹਾਂ ਦੇ ਇਲਾਕੇ 'ਚ ਪਹਿਲੀ ਮਿਜ਼ਾਇਲ ਡਿੱਗੀ ਜਾਂ ਘਰਾਂ ਦੇ ਉਤੋਂ ਦੀ ਜੰਗੀ ਜਹਾਜ਼ ਲੰਘਿਆ ਇਨ੍ਹਾਂ ਰੋਣਾ ਸ਼ੁਰੂ ਕਰ ਦੇਣਾ। ਹੋਰ ਤਾਂ ਹੋਰ ਜੰਗ ਕਾਰਨ ਸਰਹੱਦ ਦੇ ਸਾਰੇ ਨੇੜਲੇ ਰਾਜਾਂ 'ਚ ਨੈੱਟ ਬੰਦ ਹੋਣਾ ਐ ਇਨ੍ਹਾਂ ਕਹਿਣਾ 'ਹਾਏ ਮੰਮੀ! ਨੈਟ ਨਹੀਂ ਚੱਲ ਰਿਹਾ। ਮੇਰਾ ਮਨ ਬਹੁਤ ਡਿਪ੍ਰੈਸ਼ਨ 'ਚ ਹੈ।' ਬਿਜਲੀ ਬੰਦ ਹੋਣ ਨਾਲ ਸੀਮਿੰਟਡ ਘਰਾਂ 'ਚ ਦਮ ਅਲੱਗ ਘੁੱਟੇਗਾ। ਅੱਜ-ਕੱਲ੍ਹ ਜੰਗ ਲੰਬੀ ਮਾਰ ਕਰਨ ਵਾਲੀਆਂ ਮਿਜ਼ਾਇਲਾਂ ਦੀ ਹੋ ਗਈ ਹੈ। ਪਹਿਲਾਂ ਵਾਂਗ ਮੁਰਗਾ ਛਾਪ ਬੰਬਾਂ ਦੀ ਨਹੀਂ ਰਹੀ ਕਿ ਜਿਸ ਇਲਾਕੇ 'ਚ ਡਿੱਗੇਗਾ। ਬਸ ਉਨ੍ਹਾਂ ਨੂੰ ਪਤਾ ਲੱਗੇਗਾ। ਬਾਕੀ ਅਡਵਾਂਸ ਬੰਦੂਕ ਸਿੱਕੇ, ਜਹਾਜ਼ਾਂ ਦੀ ਗੱਲ ਵੱਖਰੀ ਹੈ। ਜੰਗ 'ਚ ਕਿਸੇ ਨੇ ਹਿੰਦੂ-ਮੁਸਲਿਮ ਜਾਂ ਚੰਗਾ ਬੁਰਾ ਦੇਖ ਕੇ ਕਤਲੇਆਮ ਨਹੀਂ ਕਰਨਾ, ਬਸ ਸਰਹੱਦ ਦੀ ਨਿਸ਼ਾਨਦੇਹੀ ਨਾਲ ਮਾਰ-ਕਾਟ ਕਰਨੀ ਹੈ। ਬਸ ਸੋਚਣਾ ਅਤੇ ਦੇਖਣਾ ਹੈ ਕਿ ਅਸੀਂ ਇਧਰ-ਉਧਰ ਜਾਂ ਉਧਰ-ਇਧਰ। ਕਿਧਰ ਹਾਂ।

ਦੋਨਾਂ ਮੁਲਕਾਂ ਦੇ ਆਮ ਲੋਕਾਂ ਨੂੰ ਹਕੂਮਤਾਂ 'ਤੇ ਪ੍ਰੈਸ਼ਰ ਬਣਾਉਣਾ ਚਾਹੀਦੇ ਕਿ ਜੰਗ ਨਾ ਕੀਤੀ ਜਾਵੇ। ਸਾਰੇ ਮਸਲੇ ਗੋਲ ਮੇਜ 'ਤੇ ਨਜਿੱਠਣੇ ਚਾਹੀਦੇ ਹਨ। ਦੋਨੋਂ ਪਾਸੇ ਬਸ ਪੰਜਾਬ ਚੰਗੀ ਰੋਟੀ ਖਾਂਦਿਆਂ 'ਚ ਹੈ। ਇਨ੍ਹਾਂ ਨੂੰ ਬਾਕੀ ਸਟੇਟਾਂ ਨੇ ਕਟੋਰਾ ਫੜਾ ਦੇਣਾ ਹੈ। ਸਿੰਧ ਅਤੇ ਗੁਜਰਾਤ ਨਾ 1947 'ਚ ਲੜਿਆ ਸੀ, ਨਾ ਅੱਜ ਲੜੇਗਾ। ਉਹ ਬੰਦੇ ਹੀ ਹੋਰ ਟਾਈਪ ਦੇ ਹਨ ਭਾਵ ਬਿਜ਼ਨਸ ਵਾਲੇ। ਜੇ ਕਰਾਚੀ ਚਲਦੀ ਹੈ ਤਾਂ ਮੁੰਬਈ ਪਲਦੀ ਹੈ ਅਤੇ ਜੇ ਮੁੰਬਈ ਚਲਦੀ ਹੈ ਤਾਂ ਕਰਾਚੀ ਪਲਦੀ ਹੈ। ਦੋਨੋਂ ਆਰਥਿਕ ਰਾਜਧਾਨੀਆਂ ਹਨ। ਬਾਕੀ ਰਾਜਸਥਾਨ ਅਤੇ ਲਹਿੰਦੇ ਪੰਜਾਬ ਦੇ ਚੁਲੀਸਤਾਨ ਨੇ ਆਪਣਾ ਰੇਤਾ ਉੱਝ ਹੀ ਸਾਨ੍ਹਾਂ ਦੇ ਭੇੜਾਂ 'ਚ ਉਡਵਾ ਲੈਣਾ ਹੈ।

ਹੁਣ ਤਾਂ ਪਾਕਿਸਤਾਨ ਦੇ ਵਜ਼ੀਰ-ਏ-ਆਜ਼ਮ ਨੇ ਵੀ ਇਕ ਇੰਟਰਵਿਊ 'ਚ ਮੰਨ ਲਿਆ ਕਿ ਅਤਿਵਾਦ ਵਰਗਾ ਗੈਰ-ਮਾਨਵੀ ਮਾੜਾ ਕੰਮ ਪਹਿਲਾਂ ਕਰਦੇ ਹੁੰਦੇ ਸੀ। ਹੁਣ ਪਾਕਿਸਤਾਨ ਸੁਧਰ ਗਿਆ ਹੈ। ਤਰੱਕੀ ਵੱਲ ਦੇਖ ਰਿਹਾ ਹੈ। ਇਸ ਨਾਲ ਬਹੁਤ ਵੱਡਾ ਕੂਟਨੀਤਕ ਹਥਿਆਰ ਭਾਰਤ ਨੂੰ ਮਿਲ ਗਿਆ ਹੈ। ਇਸ ਨਾਲ ਗੋਲ ਮੇਜ 'ਤੇ




ਬਾਕੀ ਮੁਲਕ ਭਾਰਤ ਵੱਲ ਹਾਮੀ ਭਰਨਗੇ ਅਤੇ ਕਸ਼ਮੀਰ ਵਰਗਾ ਮਸਲਾ ਹੱਲ ਹੋ ਸਕਦਾ ਹੈ। ਭਾਵੇਂ ਵਿਆਹ 'ਚ ਆਏ ਰਿਸ਼ਤੇਦਾਰਾਂ ਵਾਂਗ ਦੋਨਾਂ ਦੀਆਂ ਧੱਕੇ ਨਾਲ ਜੱਫੀਆਂ ਪਵਾ ਕੇ ਰੌਲਾ ਮੁਕਵਾ ਦੇਣਾ। ਹਾਂ ਇਹ ਜ਼ਰੂਰ ਹੈ ਕਿ ਉਹ ਦੇਸ਼ ਜਿਨ੍ਹਾਂ 'ਚ ਹਥਿਆਰ ਬਣਾ ਕੇ ਦੋਨਾਂ ਦੇਸ਼ਾਂ ਨੂੰ ਵੱਖ-ਵੱਖ ਕੰਪਨੀਆਂ ਵੇਚ ਰਹੀਆਂ ਹਨ, ਉਹ ਖੇਤ ਦੀ ਵੱਟ ਕਾਰਨ ਦੁਸ਼ਮਣ ਬਣੇ ਕਿਸੇ ਗੁਆਂਢੀ ਵਾਂਗ ਨਾ ਖੁਸ਼ ਹੋਣ। ਇਨ੍ਹਾਂ 'ਚ ਯੂਰਪ ਦੇ ਬਾਕੀ ਦੇਸ਼ਾਂ ਸਮੇਤ ਫਰਾਂਸ ਅਤੇ ਅਮਰੀਕਾ, ਚਾਈਨਾ ਮੁੱਖ ਹਨ। ਪਾਕਿਸਤਾਨ ਦੀ ਨਾ ਇਰਾਨ, ਇਰਾਕ, ਅਫਗਾਨਿਸਤਾਨ ਨਾਲ ਬਣਦੀ ਹੈ, ਨਾ ਭਾਰਤ ਨਾਲ। ਘੱਟੋ-ਘੱਟ ਉਹ ਗੋਲ ਮੇਜ ਦੀ ਪੇਸ਼ਕਸ਼ ਕਰਨ ਦੀ ਸਮਝਦਾਰੀ ਕਰੇ, ਪਰ ਉਸ ਨੂੰ ਗੁਆਂਢੀ ਪਿੰਡ ਦੇ ਜੈਲਦਾਰ ਚਾਈਨਾ ਦੀ ਚੁੱਕ ਵਜੀ ਹੋਈ ਹੈ। ਅਰਬ ਸਮੇਤ ਅਮਰੀਕਾ, ਯੂਰਪ ਦੇ ਕਈ ਦੇਸ਼ਾਂ ਦੇ ਪਾਕਿਸਤਾਨ ਨੇ ਪੈਸੇ ਮੋੜਨੇ ਹਨ। ਉਹ ਦੇਸ਼ ਵੀ ਜੰਗ ਨਹੀਂ ਚਾਹ ਰਹੇ। ਪੈਸੇ ਭਾਰਤ ਨੇ ਵੀ ਘੱਟ ਨਹੀਂ ਮੋੜਨੇ। ਗੇੜੇ ਇਧਰ ਵੀ ਸ਼ਾਹੂਕਾਰ ਮਾਰ ਰਹੇ ਹਨ। ਦੋਨਾਂ ਦੇਸ਼ਾਂ ਤੋਂ ਐਨੇ ਸਾਲਾਂ 'ਚ ਆਵਾਮ ਲਈ ਟੱਟੀਖਾਨੇ ਤਾਂ ਨਹੀਂ ਬਣੇ, ਪਰ ਐਟਮ ਬੰਬ ਬਣਾਈ ਬੈਠੇ ਹਨ। ਜਿਵੇਂ ਪਿੰਡਾਂ 'ਚ ਵਿਹਲੜ ਨਿਆਣੇ ਐਪਲ ਲਈ ਫਿਰਦੇ ਹਨ। ਇਸ ਵਾਰ ਭਾਰਤ ਨੂੰ ਰੂਸ ਨੇ ਕੀ ਹਥਿਆਰ ਦੇਣੇ, ਉਹ ਆਪ ਯੂਕਰੇਨ ਜੰਗ ਦਾ ਸੱਪ ਗਲ 'ਚ ਪਾਈ ਬੈਠਾ ਹੈ। 1971 'ਚ ਹੀ ਸਮੁੰਦਰੀ ਲੜਾਕੂ ਜਹਾਜ਼ ਭੇਜ ਦਿੱਤਾ ਸੀ, ਕਿਉਂਕਿ ਦੂਜੇ ਪਾਸੇ ਅਮਰੀਕਾ ਕਮਰਕੱਸਾ ਬੰਨੀ ਆ ਰਿਹਾ ਸੀ। ਉਨ੍ਹਾਂ ਭਾਰਤ ਦਾ ਕਾਫੀ ਹਿੱਸਾ ਦਬ ਜਾਣਾ ਸੀ। ਬੰਗਲਾਦੇਸ਼ ਨੇ ਕੁੱਖ 'ਚ ਹੀ ਭਰੂਣ ਹੱਤਿਆ ਦਾ ਸ਼ਿਕਾਰ ਹੋ ਜਾਣਾ ਸੀ।

ਜੇ ਅੱਜ ਦੇ ਪੂਰੀ ਦੁਨੀਆਂ ਦੇ ਹਾਲਾਤ ਦੇਖੀਏ ਤਾਂ ਯੂਰਪ, ਅਮਰੀਕਾ, ਕੈਨੇਡਾ, ਅਰਬ, ਆਸਟ੍ਰੇਲੀਆ ਗਲੀ 'ਚ ਖੜ੍ਹੇ ਤਮਾਸ਼ਬੀਨ ਹਨ। ਉਹ ਆਪ ਸੁਖੀ ਬੈਠੇ ਹਨ। ਦੂਜੇ ਪਾਸੇ ਦੇ ਅਫਰੀਕਾ, ਏਸ਼ਿਆਈ ਦੇਸ਼ਾਂ 'ਚ ਅਣ-ਐਲਾਨੀ ਐਮਰਜੈਂਸੀ, ਗ੍ਰਹਿ-ਯੁੱਧ ਅਤੇ ਆਪਸੀ ਜੰਗ ਲਗੀ ਹੋਈ ਹੈ। ਇਹ ਆਪ ਕੁੱਤ ਕਲੇਸ਼ 'ਚ ਫਸੀ ਬੈਠੇ ਹਨ। ਭਾਰਤੀ ਉਪਮਹਾਂਦੀਪ 'ਚ ਭਾਰਤ ਅਤੇ ਪਾਕਿਸਤਾਨ ਨੂੰ ਆਪਸ ਵਿਚ ਲੜਦਿਆਂ ਨੂੰ ਕੌਣ ਛੁਡਾਵੇਗਾ?

ਜੰਗ ਅਕਲੋਂ ਅਤੇ ਘਰੋਂ ਕੰਗਾਲ ਲੋਕ ਮੰਗ ਰਹੇ ਹਨ। ਸਮਝਦਾਰ ਅਤੇ ਆਰਥਿਕਤਾ ਪੱਖੋਂ ਚੰਗੇ ਭਲੇ ਵਸਦੇ ਲੋਕ ਨਹੀਂ। ਪਹਿਲਾਂ ਲੋਕ ਜੰਗ ਦੇ ਨਾਮ 'ਤੇ ਲੜ ਲੈਂਦੇ ਸਨ। ਜੰਗ 'ਚ ਕਿਉਂਕਿ ਔਖੇ-ਸੌਖੇ ਵਾਧੂ ਪਈ ਜ਼ਮੀਨ 'ਚ ਆਪੇ ਫਸਲ ਪੈਦਾ ਕਰ ਕੇ ਪਕਾ-ਖਾ ਲੈਂਦੇ ਸਨ। ਜੀਵਨ ਕੁਦਰਤੀ ਪੱਧਰ 'ਤੇ ਸੀ। ਜ਼ਿਆਦਾ ਖਾਣ-ਪੀਣ ਕੁਦਰਤੀ ਫਰੀ ਸੀ, ਪਰ ਅੱਜ ਹਾਲਾਤ ਬਦਲ ਗਏ ਹਨ। ਜ਼ਮਾਨੇ ਧਾਰਮਿਕਤਾ ਤੋਂ ਆਰਥਿਕਤਾ 'ਤੇ ਆ ਗਏ ਹਨ। ਹੁਣ ਧਰਮ ਨਾਲ ਨਿਆਣੇ ਨਹੀਂ ਪਲਣੇ, ਬਲਕਿ ਕਮਾਉਣ ਨਾਲ ਪਲਣੇ ਹਨ, ਪਰ ਆਵਾਮ ਦੀ ਸੋਚ ਅਨੁਜ ਅਨਵਰ ਚਾਟ ਭੰਡਾਰ 'ਤੇ ਲਗੀ ਹੋਈ ਹੈ। ਸਮਝਦੀ ਨਹੀਂ। ਕੋਈ ਕੀ ਕਰੇ!

ਐਹ ਮੇਰੇ ਨੌਜਵਾਨੋ! ਰੇਡੀਓ ਕੇ ਸਾਥ-ਸਾਥ ਬੈਟਰੀ ਸੈੱਲ ਭੀ ਖਰੀਦ ਲੋ, ਕਿਉਂਕਿ ਜੰਗ ਮੇਂ ਨਾ ਨੈੱਟ ਚਲਤਾ ਹੈ ਔਰ ਨਾ ਬਿਜਲੀ ਆਤੀ ਹੈ। ਤੁਮ ਲੋਗੋਂ ਕੋ ਰੀਲਸ ਕੀ ਆਦਤ ਤੰਗ ਕਰੇਗੀ। ਕਮ-ਸੇ-ਕਮ ਮਨੋਰੰਜਨ ਤੋ ਹੋਤਾ ਰਹੇਗਾ, ਬੇਸ਼ੱਕ ਹਕੂਮਤ ਕੀ ਮਰਜ਼ੀ ਕੇ ਪੂਰੇ ਗੀਤ ਸੇ।

ਜ਼ਰੂਰਤ ਅਕਲ ਦੀ ਹੈ, ਜੰਗ ਦੀ ਨਹੀਂ ਹੈ।

## ਭਾਰਤ ਅਤੇ ਪਾਕਿਸਤਾਨ ਦੀ ਪਰਮਾਣੂ ਬੰਬ ਅਤੇ ਸੈਨਿਕ ਤਾਕਤ ਦਾ ਫਰਕ

ਭਾਰਤ ਅਤੇ ਪਾਕਿਸਤਾਨ ਦੋਵੇਂ ਪਰਮਾਣੂ ਹਥਿਆਰਬੰਦ ਦੇਸ਼ ਹਨ, ਅਤੇ ਉਨ੍ਹਾਂ ਦੇ ਪਰਮਾਣੂ ਸ਼ਸਤਰਾਗਾਰ ਦੀ ਸਮਰੱਥਾ ਅਤੇ ਗੁਣਵੱਤਾ ਬਾਰੇ ਜਾਣਕਾਰੀ ਜਨਤਕ ਤੌਰ 'ਤੇ ਸੀਮਤ ਹੈ ਕਿਉਂਕਿ ਇਹ ਰਾਸ਼ਟਰੀ ਸੁਰੱਖਿਆ ਦਾ ਮੁੱਦਾ ਹੈ। ਹਾਲਾਂਕਿ, ਸਟਾਕਹੋਮ ਇੰਟਰਨੈਸ਼ਨਲ ਪੀਸ ਰਿਸਰਚ ਇੰਸਟੀਚਿਊਟ (SIPRI) ਵਰਗੀਆਂ ਸੰਸਥਾਵਾਂ ਅਤੇ ਹੋਰ ਖੁੱਲ੍ਹੇ ਸਰੋਤਾਂ ਦੇ ਅਧਾਰ 'ਤੇ ਅੰਦਾਜ਼ੇ ਉਪਲੱਬਧ ਹਨ।

### *ਭਾਰਤ ਅਤੇ ਪਾਕਿਸਤਾਨ ਦੇ ਪਰਮਾਣੂ ਸ਼ਸਤਰਾਗਾਰ ਦੀ ਗਿਣਤੀ ਅਤੇ ਪਾਵਰ*

**ਭਾਰਤ**

**ਗਿਣਤੀ:** 2024 ਦੇ SIPRI ਅੰਕੜਿਆਂ ਅਨੁਸਾਰ, ਭਾਰਤ ਕੋਲ ਲਗਭਗ 172 ਪਰਮਾਣੂ ਵਾਰਹੈੱਡ ਹਨ।

**ਪਾਵਰ (ਉਪਜ):** ਭਾਰਤ ਦੇ ਪਰਮਾਣੂ ਹਥਿਆਰਾਂ ਦੀ ਉਪਜ (ਯੀਲਡ) 10 ਕਿਲੋਟਨ ਤੋਂ ਲੈ ਕੇ 100 ਕਿਲੋਟਨ ਤੱਕ ਹੋ ਸਕਦੀ ਹੈ। ਕੁਝ ਸਰੋਤਾਂ ਅਨੁਸਾਰ, ਭਾਰਤ ਨੇ ਥਰਮੋਨਿਊਕਲੀਅਰ ਹਥਿਆਰ (ਹਾਈਡ੍ਰੋਜਨ ਬੰਬ) ਦਾ ਵਿਕਾਸ ਕੀਤਾ ਹੈ, ਜੋ ਕਿ ਪਹਿਲੀ ਪੀੜ੍ਹੀ ਦੇ ਵਿਖੰਡਨ ਬੰਬਾਂ ਨਾਲੋਂ ਕਿਤੇ ਜ਼ਿਆਦਾ ਵਿਨਾਸ਼ਕਾਰੀ ਹੁੰਦੇ ਹਨ।

**ਵਿਖੰਡਨ ਬੰਬ:** 10-50 ਕਿਲੋਟਨ (ਹੀਰੋਸ਼ੀਮਾ ਦੇ 'ਲਿਟਲ ਬੁਆਏ' ਵਰਗੇ 15 ਕਿਲੋਟਨ ਦੇ ਬੰਬ ਨਾਲੋਂ ਜ਼ਿਆਦਾ ਜਾਂ ਬਰਾਬਰ)।

**ਥਰਮੋਨਿਊਕਲੀਅਰ ਬੰਬ:** ਅੰਦਾਜ਼ਨ 100 ਕਿਲੋਟਨ ਜਾਂ ਇਸ ਤੋਂ ਵੱਧ। 1998 ਦੇ ਪੋਖਰਨ-II ਪਰੀਖਣ ਵਿਚ, ਭਾਰਤ ਨੇ 45 ਕਿਲੋਟਨ ਦੇ ਥਰਮੋਨਿਊਕਲੀਅਰ ਡਿਵਾਈਸ ਦਾ ਪਰੀਖਣ ਕੀਤਾ ਸੀ, ਹਾਲਾਂਕਿ ਕੁਝ ਵਿਵਾਦ ਹਨ ਕਿ ਇਹ ਪੂਰੀ ਤਰ੍ਹਾਂ ਸਫਲ ਸੀ ਜਾਂ ਨਹੀਂ।

**ਡਿਲੀਵਰੀ ਸਿਸਟਮ:**

ਮਿਸਾਈਲਾਂ: ਅਗਨੀ ਸੀਰੀਜ਼ (ਅਗਨੀ-5, 5,000+ ਕਿਮੀ ਦੀ ਰੇਂਜ), ਪ੍ਰਿਥਵੀ, ਅਤੇ ਧਨੁਸ਼।

**ਹਵਾਈ ਜਹਾਜ਼:** ਮਿਰਾਜ 2000, ਜਗੁਆਰ, ਅਤੇ ਸੁਖੋਈ Su-30 MKI.

**ਸਮੁੰਦਰੀ ਸਮਰੱਥਾ:** INS ਅਰਿਹੰਤ ਅਤੇ ਹੋਰ ਪਣਡੁੱਬੀਆਂ K-4 SLBM (3,500 ਕਿਮੀ) ਨਾਲ।

**ਖਾਸੀਅਤ:** ਭਾਰਤ ਦੀ ਪਰਮਾਣੂ ਨੀਤੀ 'ਨੋ ਫਸਟ ਯੂਜ਼' (NFU) 'ਤੇ ਅਧਾਰਤ ਹੈ, ਪਰ ਇਸ ਦੀ 'ਕ੍ਰੈਡਿਬਲ ਮਿਨੀਮਮ ਡਿਟਰੈਂਸ' ਨੀਤੀ ਵਿਰੋਧੀਆਂ ਨੂੰ ਵੱਡੀ ਤਬਾਹੀ ਦੀ ਗਾਰੰਟੀ ਦਿੰਦੀ ਹੈ।

**ਪਾਕਿਸਤਾਨ**

**ਗਿਣਤੀ:** SIPRI 2024 ਅਨੁਸਾਰ, ਪਾਕਿਸਤਾਨ ਕੋਲ ਲਗਭਗ 170 ਪਰਮਾਣੂ ਵਾਰਹੈੱਡ ਹਨ, ਜੋ ਭਾਰਤ ਨਾਲੋਂ ਸਮਾਨ ਜਾਂ ਥੋੜ੍ਹੇ ਘੱਟ ਹਨ।

**ਪਾਵਰ (ਉਪਜ):** ਪਾਕਿਸਤਾਨ ਦੇ ਪਰਮਾਣੂ ਹਥਿਆਰ ਮੁੱਖ ਤੌਰ 'ਤੇ ਵਿਖੰਡਨ-ਅਧਾਰਿਤ (ਯੂਰੇਨੀਅਮ ਜਾਂ ਪਲੂਟੋਨੀਅਮ) ਹਨ, ਜਿਨ੍ਹਾਂ ਦੀ ਉਪਜ 5-50 ਕਿਲੋਟਨ ਦੇ ਵਿਚਕਾਰ ਹੈ।

**ਟੈਕਟੀਕਲ ਹਥਿਆਰ:** ਪਾਕਿਸਤਾਨ ਦੀ ਨਸਰ ਮਿਸਾਈਲ (60-70 ਕਿਮੀ ਰੇਂਜ) ਛੋਟੇ, ਘੱਟ-ਉਪਜ ਵਾਲੇ (1-10 KT) ਟੈਕਟੀਕਲ ਪਰਮਾਣੂ ਹਥਿਆਰ ਲਈ ਤਿਆਰ ਕੀਤੀ ਗਈ ਹੈ, ਜੋ ਜੰਗ ਦੇ ਮੈਦਾਨ ਵਿੱਚ ਵਰਤੋਂ ਲਈ ਹਨ।

ਪਾਕਿਸਤਾਨ ਦੇ ਥਰਮੋਨਿਊਕਲੀਅਰ ਹਥਿਆਰ ਹੋਣ ਦਾ ਕੋਈ ਪੁਖਤਾ ਸਬੂਤ ਨਹੀਂ ਹੈ, ਜਿਸ ਨਾਲ ਇਸ ਦੇ ਬੰਬ ਭਾਰਤ ਦੇ ਸੰਭਾਵੀ ਥਰਮੋਨਿਊਕਲੀਅਰ ਹਥਿਆਰਾਂ ਨਾਲੋਂ ਘੱਟ ਵਿਨਾਸ਼ਕਾਰੀ ਮੰਨੇ ਜਾਂਦੇ ਹਨ।

**ਡਿਲੀਵਰੀ ਸਿਸਟਮ:**

ਮਿਸਾਈਲਾਂ: ਸ਼ਾਹੀਨ-III (2,750 ਕਿਮੀ ਰੇਂਜ), ਗੌਰੀ, ਹਤਫ, ਅਤੇ ਨਸਰ।

ਹਵਾਈ ਜਹਾਜ਼: F-16 ਅਤੇ JF-17 ਥੰਡਰ।

**ਸਮੁੰਦਰੀ ਸਮਰੱਥਾ:** ਪਾਕਿਸਤਾਨ ਦੀ ਸਮੁੰਦਰੀ ਪਰਮਾਣੂ ਸਮਰੱਥਾ ਸੀਮਤ ਹੈ, ਪਰ ਬਾਬਰ-3 SLCM (450 ਕਿਮੀ) 'ਤੇ ਕੰਮ ਜਾਰੀ ਹੈ।

**ਖਾਸੀਅਤ:** ਪਾਕਿਸਤਾਨ ਦੀ ਪਰਮਾਣੂ ਨੀਤੀ 'ਫਸਟ ਯੂਜ਼' ਦੀ ਸੰਭਾਵਨਾ 'ਤੇ ਆਧਾਰਤ ਹੈ, ਖਾਸ ਕਰਕੇ ਭਾਰਤ ਦੀ ਪਰੰਪਰਾਗਤ ਫੌਜੀ ਬੜ੍ਹਤ ਦੇ ਜਵਾਬ ਵਜੋਂ। ਇਸ ਦਾ ਜ਼ੋਰ ਟੈਕਟੀਕਲ ਹਥਿਆਰਾਂ 'ਤੇ ਹੈ।

### ਸਭ ਤੋਂ ਵਧੀਆ ਅਤੇ ਮਾਰੂ ਬੰਬ

**ਭਾਰਤ:** ਜੇਕਰ ਭਾਰਤ ਨੇ ਸਫਲਤਾਪੂਰਵਕ ਥਰਮੋਨਿਊਕਲੀਅਰ ਹਥਿਆਰ ਵਿਕਸਤ ਕੀਤਾ ਹੈ (ਜਿਵੇਂ ਕਿ ਪੋਖਰਨ-II ਵਿਚ ਦਾਅਵਾ ਕੀਤਾ ਗਿਆ), ਤਾਂ ਇਸ ਦਾ ਹਾਈਡ੍ਰੋਜਨ ਬੰਬ ਸਭ ਤੋਂ ਵਿਨਾਸ਼ਕਾਰੀ ਹੋਵੇਗਾ। ਥਰਮੋਨਿਊਕਲੀਅਰ ਹਥਿਆਰ 100 ਖਠ ਜਾਂ ਇਸ ਤੋਂ ਵੱਧ ਉਪਜ ਦੇ ਸਮਰੱਥ ਹੁੰਦੇ ਹਨ, ਜੋ ਪਾਕਿਸਤਾਨ ਦੇ ਵਿਖੰਡਨ-ਅਧਾਰਿਤ ਬੰਬਾਂ ਨਾਲੋਂ ਕਈ ਗੁਣਾ ਜ਼ਿਆਦਾ ਸ਼ਕਤੀਸ਼ਾਲੀ ਹੁੰਦੇ ਹਨ।

**ਪਾਕਿਸਤਾਨ:** ਪਾਕਿਸਤਾਨ ਦਾ ਸਭ ਤੋਂ ਸ਼ਕਤੀਸ਼ਾਲੀ ਬੰਬ ਸੰਭਾਵਤ ਤੌਰ 'ਤੇ 50 KT ਦੇ ਆਸ-ਪਾਸ ਦਾ ਵਿਖੰਡਨ ਬੰਬ ਹੈ, ਜੋ ਸ਼ਹਿਰੀ ਖੇਤਰਾਂ ਨੂੰ ਤਬਾਹ ਕਰ ਸਕਦਾ ਹੈ। ਪਰ, ਇਸ ਦੀ ਉਪਜ ਅਤੇ ਤਕਨੀਕੀ ਸੂਝ-ਬੂਝ ਭਾਰਤ ਦੇ ਸੰਭਾਵੀ ਥਰਮੋਨਿਊਕਲੀਅਰ ਹਥਿਆਰ ਨਾਲੋਂ ਘੱਟ ਮੰਨੀ ਜਾਂਦੀ ਹੈ।

**ਨਤੀਜਾ:** ਸਭ ਤੋਂ ਵਧੀਆ ਅਤੇ ਮਾਰੂ ਬੰਬ ਸੰਭਾਵਤ ਤੌਰ 'ਤੇ ਭਾਰਤ ਕੋਲ ਹੈ, ਜੇਕਰ ਇਸ ਦਾ ਥਰਮੋਨਿਊਕਲੀਅਰ ਹਥਿਆਰ ਪੂਰੀ ਤਰ੍ਹਾਂ ਸੰਚਾਲਿਤ ਹੈ। ਇਸ ਦੀ ਉਪਜ ਅਤੇ ਵਿਨਾਸ਼ਕਾਰੀ ਸਮਰੱਥਾ ਪਾਕਿਸਤਾਨ ਦੇ ਵਿਖੰਡਨ ਬੰਬਾਂ ਨਾਲੋਂ ਜ਼ਿਆਦਾ ਹੋਵੇਗੀ।

### ਮੁਕਾਬਲਾ ਅਤੇ ਸਾਵਧਾਨੀ

**ਗਿਣਤੀ ਵਿਚ ਮੁਕਾਬਲਾ:** ਭਾਰਤ (172) ਅਤੇ ਪਾਕਿਸਤਾਨ (170) ਦੀ ਵਾਰਹੈੱਡ ਗਿਣਤੀ ਲਗਭਗ ਬਰਾਬਰ ਹੈ, ਪਰ ਭਾਰਤ ਦੀ ਤਕਨੀਕੀ ਤਰੱਕੀ (ਥਰਮੋਨਿਊਕਲੀਅਰ ਅਤੇ ਸਮੁੰਦਰੀ ਸਮਰੱਥਾ) ਇਸ ਨੂੰ ਮੁਕਾਬਲਤਨ ਬਿਹਤਰ ਸਥਿਤੀ ਦਿੰਦੀ ਹੈ।

**ਸਟਰੈਟੇਜਿਕ ਸੰਤੁਲਨ:** ਪਾਕਿਸਤਾਨ ਦੀ ਟੈਕਟੀਕਲ ਹਥਿਆਰਾਂ 'ਤੇ ਨਿਰਭਰਤਾ ਅਤੇ 'ਫਸਟ ਯੂਜ਼' ਨੀਤੀ ਜੰਗ ਦੇ ਮੈਦਾਨ ਵਿਚ ਤੇਜ਼ ਪ੍ਰਤੀਕਿਰਿਆ ਲਈ ਹੈ, ਜਦਕਿ ਭਾਰਤ ਦੀ 'ਸੈਕਿੰਡ ਸਟ੍ਰਾਈਕ' ਸਮਰੱਥਾ (ਪਣਡੁੱਬੀਆਂ ਅਤੇ ਅਗਨੀ-5) ਲੰਬੇ ਸਮੇਂ ਦੀ ਸੁਰੱਖਿਆ ਨੂੰ ਮਜ਼ਬੂਤ ਕਰਦੀ ਹੈ।

**ਜੋਖਮ:** ਦੋਵਾਂ ਦੇਸ਼ਾਂ ਦੇ ਪਰਮਾਣੂ ਸ਼ਸਤਰਾਗਾਰ ਨਾਲ 'ਨਿਊਕਲੀਅਰ ਵਿੰਟਰ' ਦਾ ਖਤਰਾ ਹੈ, ਜਿਸ ਨਾਲ ਲੱਖਾਂ ਮੌਤਾਂ ਅਤੇ ਵਾਤਾਵਰਣਕ ਤਬਾਹੀ ਹੋ ਸਕਦੀ ਹੈ।

**ਸਰੋਤ ਅਤੇ ਸੀਮਾਵਾਂ:** ਜਾਣਕਾਰੀ SIPRI ਅਤੇ X 'ਤੇ ਪੋਸਟਾਂ ਤੋਂ ਲਈ ਗਈ ਹੈ, ਪਰ ਸਹੀ ਉਪਜ ਅਤੇ ਤਕਨੀਕੀ ਵੇਰਵੇ ਗੁਪਤ ਹਨ। ਪਾਕਿਸਤਾਨ ਦੇ ਥਰਮੋਨਿਊਕਲੀਅਰ ਹਥਿਆਰਾਂ ਦੀ ਅਣਹੋਂਦ ਅਤੇ ਭਾਰਤ ਦੇ ਹਥਿਆਰਾਂ ਦੀ ਸਫਲਤਾ ਬਾਰੇ ਵਿਵਾਦ ਹਨ, ਇਸ ਲਈ ਜਾਣਕਾਰੀ ਅੰਦਾਜ਼ਿਤ ਹੈ।

ਐਕਸ ਪੋਸਟਾਂ ਵਿਚ ਦਾਅਵੇ (ਜਿਵੇਂ ਪਾਕਿਸਤਾਨ ਦੇ ਮੰਤਰੀ ਦਾ 'ਸਭ ਤੋਂ ਸ਼ਕਤੀਸ਼ਾਲੀ ਬੰਬ' ਦਾ ਬਿਆਨ) ਅਣਪ੍ਰਮਾਣਿਤ ਹਨ ਅਤੇ ਸਿਆਸੀ ਬਿਆਨਬਾਜ਼ੀ ਹੋ ਸਕਦੇ ਹਨ।

**ਸਿਫਾਰਸ਼:** ਪਰਮਾਣੂ ਹਥਿਆਰਾਂ ਦੀ ਤਬਾਹੀ ਨੂੰ ਦੇਖਦੇ ਹੋਏ, ਦੋਵਾਂ ਦੇਸ਼ਾਂ ਨੂੰ ਸੰਜਮ ਅਤੇ ਕੂਟਨੀਤੀ ਨਾਲ ਤਣਾਅ ਘਟਾਉਣ 'ਤੇ ਜ਼ੋਰ ਦੇਣਾ ਚਾਹੀਦਾ ਹੈ।

*-ਗੁਰਪ੍ਰੀਤ ਸਿੰਘ ਬਿਲਿੰਗ*

## ਸੈਲਾਨੀਆਂ 'ਤੇ ਸਭ ਤੋਂ ਵੱਡਾ ਸਾਜ਼ਿਸ਼ੀ ਹਮਲਾ

ਅਤਿਵਾਦੀ ਸਾਜ਼ਿਸ਼ ਤਹਿਤ 14 ਸਤੰਬਰ 1989 ਨੂੰ ਕਸ਼ਮੀਰ ਵਿਚ ਪਹਿਲਾ ਕਤਲ ਹੋਇਆ ਸੀ ਤੇ ਉਹ ਲੜੀ ਹੁਣ ਤੱਕ ਕਦੀ ਹੌਲੀ ਕਦੀ ਤੇਜ਼ ਜਾਰੀ ਏ। ਕੁੱਝ ਇੱਕ ਇੱਕਾ-ਦੁੱਕਾ ਘਟਨਾਵਾਂ ਨੂੰ ਛੱਡ ਕੇ ਕਸ਼ਮੀਰ ਵਿਚ ਕਦੀ ਘੁੰਮਣ ਆਏ ਟੂਰਿਸਟਾਂ 'ਤੇ ਹਮਲਾ ਨਹੀਂ ਕੀਤਾ ਗਿਆ ... ਸੂਬੇ ਦੇ ਵਧਦੇ ਟੂਰਿਜ਼ਮ ਨੂੰ ਪ੍ਰਭਾਵਿਤ ਕਰਨ ਲਈ ਇਹ ਹੁਣ ਤੱਕ ਦਾ ਸੈਲਾਨੀਆਂ 'ਤੇ ਸਭ ਤੋਂ ਵੱਡਾ ਸਾਜ਼ਿਸ਼ੀ ਹਮਲਾ ਏ। ਛਿਟੀਸਿੰਘਪੁਰਾ ਦਾ ਨਰਸੰਹਾਰ ਵੀ ਵੱਡਾ ਸੀ ਪਰ ਉਹ ਸਭ ਸਥਾਨਕ ਲੋਕ ਸਨ। ਹਰ ਸਾਜ਼ਿਸ਼ੀ ਨਰਸੰਹਾਰ ਪਿੱਛੇ ਬਹੁਤ ਸਾਰੇ ਲੁਕਵੇਂ ਮਨੋਰਥ ਹੁੰਦੇ ਨੇ।

ਮਰਨ ਵਾਲਿਆਂ ਵਿਚ ਨਵੇਂ ਵਿਆਹੇ ਜੋੜੇ ਜੋ ਹਲੇ ਸੁਫਨਿਆਂ ਦੇ ਸੰਸਾਰ ਵਿਚ ਵਿਚਰ ਰਹੇ ਸੀ।



ਭਵਿੱਖ ਦੀਆਂ ਯੋਜਨਾਵਾਂ ਬਣਾ ਰਹੇ ਸੀ। ਹਸਦਿਆਂ ਖੇਡਦਿਆਂ ਅਚਾਨਕ ਉਨ੍ਹਾਂ ਵਿਚੋਂ ਇੱਕ ਨੂੰ ਦੂਸਰੇ ਦੀਆਂ ਅੱਖਾਂ ਸਾਹਮਣੇ ਲਾਸ਼ ਬਣਾ ਦਿੱਤਾ।

...ਕੁੱਝ ਦੋਸਤ ਸਨ, ਜੋ ਜ਼ਿੰਮੇਵਾਰੀਆਂ ਭਰੀ ਬੋਝਲ ਜ਼ਿੰਦਗੀ ਵਿਚ ਪ੍ਰਵੇਸ਼ ਕਰਨ ਤੋਂ ਪਹਿਲਾਂ ਆਪਣੀ ਸ਼ਰਾਰਤੀ ਤੇ ਮਜ਼ੇਦਾਰ ਜ਼ਿੰਦਗੀ ਦੇ ਨਾ ਭੁੱਲਣਯੋਗ ਅਤੀਤ ਦੀਆਂ ਯਾਦਾਂ ਸਿਰਜ ਰਹੇ ਸੀ।

...ਇੱਕ ਅਧਖੜ ਜੋੜਾ ਜਿਸਨੂੰ ਬੱਚਿਆਂ ਨੇ ਸਾਲਗਿਰਾ ਦੇ ਤੋਹਫੇ ਦੇ ਰੂਪ ਵਿਚ ਕਸ਼ਮੀਰ ਟੂਰ ਦਿੱਤਾ ਸੀ, ਕਿਵੇਂ ਮਾਫ਼ ਕਰਨਗੇ ਖੁਦ ਨੂੰ? ਕੁੱਝ ਪਰਿਵਾਰ ਸਨ ਕਰਨਾਟਕ, ਮਹਾਂਰਾਸ਼ਟਰ ਤੇ ਗੁਜਰਾਤ ਆਦਿਕ ਦੂਰ ਦੂਰ ਤੋਂ, ਜੋ ਰਲ ਕੇ ਕੁਦਰਤ ਦੀ ਗੋਦ ਦਾ ਅਨੰਦ ਲੈਂਦਿਆਂ ਇੱਕ ਦੂਜੇ ਦੇ ਮੋਹ ਦਾ ਨਿੱਘ ਲੈ ਰਹੇ ਸਨ।

...ਤੇ ਇੱਕ ਮਾਂ ਪਿਓ ਜੋ ਮਹਿੰਗਾਈ ਨਾਲ ਲੜ ਕੇ ਤੇ ਆਪਣੀਆਂ ਲੋੜਾਂ ਨੂੰ ਮਾਰ ਕੇ ਬਚਾਏ ਪੈਸਿਆਂ ਨਾਲ ਆਪਣੇ ਬੱਚਿਆਂ ਨੂੰ ਘੁਮਾਉਣ ਆਏ ਸਨ ਅਤੇ ਹੋਰ ਵੀ ਕਈ ਸਨ।

ਕੀ ਕਸੂਰ ਹੁੰਦਾ ਏ ਇਨ੍ਹਾਂ ਬੇਕਸੂਰਾਂ ਦਾ?

- ਕਸੂਰ ਤਾਂ ਨਫਰਤ ਦੀ ਰਾਜਨੀਤੀ ਕਰਨ ਵਾਲਿਆਂ ਦਾ ਹੁੰਦਾ ਏ।
- ਕਸੂਰ ਤਾਂ ਧਾਰਮਿਕ ਕੱਟੜਤਾ ਫੈਲਾਉਣ ਵਾਲੇ ਧਰਮ ਪ੍ਰਚਾਰਕਾਂ ਦਾ ਹੁੰਦਾ ਏ।
- ਕਸੂਰ ਤਾਂ ਉਨ੍ਹਾਂ ਮਾਪਿਆਂ ਦਾ ਏ ਜੋ ਆਪਣੀ ਔਲਾਦ ਨੂੰ ਸਰਬੱਤ ਦੇ ਭਲੇ ਦਾ ਪਾਠ ਪੜ੍ਹਾਉਣ ਤੋਂ ਫੇਲ੍ਹ ਰਹੇ।
- ਹਜ਼ਾਰਾਂ ਬੁਰੇ ਸ਼ਬਦ ਵੀ ਘੱਟ ਨੇ ਜੋ ਉਨ੍ਹਾਂ ਉਜੱਡ ਲੋਕਾਂ ਲਈ ਤੇ ਉਨ੍ਹਾਂ ਦੇ ਗੰਦੇ ਖ਼ੂਨ ਲਈ ਵਰਤੇ ਜਾ ਸਕਦੇ ਨੇ ਪਰ ਇਸ ਨਾਲ ਮਰ ਗਿਆਂ ਨੇ ਵਾਪਿਸ ਨਹੀਂ ਪਰਤ ਆਉਣਾ। ਅਤਿਵਾਦ ਨਾਲ ਸਖ਼ਤੀ ਨਾਲ ਨਜਿੱਠਣਾ ਪਏਗਾ।

ਮੈਂ ਇਸ ਘਟਨਾ ਦੀ ਗਿੱਲੀਆਂ ਅੱਖਾਂ ਅਤੇ ਰੋਹ ਨਾਲ ਭਰੇ ਹਿਰਦੇ ਨਾਲ ਨਿੰਦਾ ਕਰਦਾ ਹਾਂ। ਵਾਹਿਗੁਰੂ ਸੁਮੱਤ ਬਖ਼ਸ਼ਣ।

*-ਸ਼ੰਕਰ ਮਹਿਰਾ*

# ਚੰਦਰਾ ਗੁਆਂਢ ਨਾ ਹੋਵੇ: ਪਹਿਲਗਾਮ ਕਤਲੇਆਮ ਦਾ ਦੁਖਾਂਤ

ਜੰਮੂ ਕਸ਼ਮੀਰ ਵਿਚ ਪਹਿਲਗਾਮ ਦੀ ਬੈਸਰਾਨ ਘਾਟੀ ਵਿਚ 22 ਅਪ੍ਰੈਲ 2025 ਨੂੰ ਕਥਿਤ ਅਤਵਾਦੀਆਂ ਨੇ ਇੱਕ ਸਮੁਦਾਇ ਦੇ ਯਾਤਰੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਜਿਹੜੇ ਸੈਲਾਨੀ ਕੁਦਰਤ ਦੀ ਗੋਦ ਦਾ ਆਨੰਦ ਮਾਨਣ ਲਈ ਗਏ ਸਨ ਉਨ੍ਹਾਂ ਵਿਚੋਂ 26 ਸੈਲਾਨੀਆਂ ਨੂੰ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ, ਉਸ ਦਰਦਨਾਕ ਅਤੇ ਹਿਰਦੇਵੇਦਕ ਘਟਨਾ ਨਾਲ ਸਮੁੱਚੇ ਦੇਸ਼ ਵਿਚ ਸੋਗ ਦੀ ਲਹਿਰ ਦੌੜ ਗਈ। ਹਰ ਭਾਰਤੀ ਦੀਆਂ ਅੱਖਾਂ ਵਿਚੋਂ ਹੰਝੂਆਂ ਦੀ ਝੜੀ ਲੱਗ ਗਈ। ਭਾਰਤ ਦੇ ਸਾਰੇ ਵਰਗਾਂ ਅਤੇ ਰਾਜਾਂ ਦੇ ਲੋਕ ਸਰਕਾਰ ਦੀ ਪਿੱਠ 'ਤੇ ਖੜ੍ਹ ਗਏ



**ਉਜਾਗਰ ਸਿੰਘ**
**ਫੋਨ: 94178-13072**

ਅਤੇ ਪਿੰਡ-ਪਿੰਡ ਤੇ ਸ਼ਹਿਰ-ਸ਼ਹਿਰ ਵਿਚ ਸ਼ੋਕ ਸਭਾਵਾਂ ਵਿਚ ਇਸ ਘਿਨੌਣੀ ਹਰਕਤ ਦੀ ਨਿੰਦਿਆ ਕੀਤੀ ਗਈ ਹੈ।

ਪੰਜਾਬੀ ਦੀ ਇੱਕ ਕਹਾਵਤ ਹੈ ਕਿ 'ਚੰਦਰਾ ਗੁਆਂਢ ਨਾ ਹੋਵੇ ਤੇ ਲਾਈ ਲੱਗ ਨਾ ਹੋਵੇ ਘਰ ਵਾਲਾ।' ਆਮ ਤੌਰ 'ਤੇ ਇਹ ਕਹਾਵਤ ਉਦੋਂ ਵਰਤੀ ਜਾਂਦੀ ਹੈ ਜਦੋਂ ਪਰਿਵਾਰਾਂ ਅਤੇ ਆਂਢੀਆਂ ਗੁਆਂਢੀਆਂ ਵਿਚ ਮਾੜੀਆਂ ਮੋਟੀਆਂ ਗੱਲਾਂ 'ਤੇ ਹੀ ਬਿਨਾ-ਵਜ੍ਹਾ ਚੁੰਝ ਚਰਚਾ ਚਲਦੀ ਤੇ ਲੜਾਈ ਝਗੜਾ ਹੁੰਦਾ ਰਹੇ। ਪ੍ਰੰਤੂ ਇਹ ਕਹਾਵਤ ਆਂਢ-ਗੁਆਂਢ ਦੇ ਦੇਸ਼ਾਂ 'ਤੇ ਵੀ ਉਨੀ ਹੀ ਢੁਕਦੀ ਹੈ। ਜਿਥੇ ਇਨਸਾਨ ਰਹਿੰਦਾ ਹੋਵੇ ਭਾਵੇਂ ਉਹ ਦੇਸ਼ ਹੀ ਕਿਉਂ ਨਾ ਹੋਵੇ? ਉਥੇ ਆਪਣੇ ਆਂਢੀਆਂ-ਗੁਆਂਢੀਆਂ ਨਾਲ ਉਨ੍ਹਾਂ ਨੂੰ ਆਪਸੀ ਪਿਆਰ-ਸਤਿਕਾਰ ਤੇ ਮਿਲਵਰਤਨ ਨਾਲ ਰਹਿਣਾ ਚਾਹੀਦਾ ਹੈ। ਸ਼ਾਂਤਮਈ ਵਾਤਾਵਰਨ ਤੋਂ ਬਿਨਾ ਕੋਈ ਵੀ ਦੇਸ਼ ਤਰੱਕੀ ਨਹੀਂ ਕਰ ਸਕਦਾ। ਸ਼ਾਂਤੀ ਹੀ ਵਿਕਾਸ ਦਾ ਧੁਰਾ ਹੁੰਦੀ ਹੈ। ਅਸ਼ਾਂਤੀ ਦੇ ਮਾਹੌਲ ਵਿਚ ਸੁੱਖਮਈ ਜੀਵਨ ਜੀਵਿਆ ਹੀ ਨਹੀਂ ਜਾ ਸਕਦਾ, ਕਿਉਂਕਿ ਹਰ ਵਕਤ ਇੱਕ ਦੂਜੇ ਦੀਆਂ ਲੱਤਾਂ ਖਿਚਣ ਵਿਚ ਸਮਾਂ ਬਰਬਾਦ ਕੀਤਾ ਜਾਵੇ, ਉਦੋਂ ਨਾ ਤਾਂ ਮਨ ਸ਼ਾਂਤ ਰਹਿੰਦਾ ਹੈ ਅਤੇ ਨਾ ਹੀ ਵਿਕਾਸ ਦੀਆਂ ਸਕੀਮਾ ਬਣਾਉਣ ਵਲ ਧਿਆਨ ਜਾਂਦਾ ਹੈ। ਫਿਰ ਉਸ ਦੇਸ਼ ਦੇ ਲੋਕਾਂ ਦਾ ਨੁਕਸਾਨ ਹੁੰਦਾ ਹੈ, ਸਗੋਂ ਹਰ ਵਕਤ ਅਨਰਜ਼ੀ ਬੇਫ਼ਜੂਲ ਦੇ ਕੰਮਾਂ ਵਿਚ ਅਜਾਈਂ ਗੁਆਈ ਜਾਂਦੀ ਹੈ। ਜਿਵੇਂ ਪਾਕਿਸਤਾਨ ਵਿਚ ਹੋ ਰਿਹਾ ਹੈ। ਹੈਰਾਨੀ ਇਸ ਗੱਲ ਦੀ ਹੈ, ਇੱਕ ਪਾਸੇ ਪਾਕਿਸਤਾਨ ਆਪਣੇ ਆਪ ਨੂੰ ਪਰਜਾਤੰਤਰਿਕ ਦੇਸ਼ ਕਹਿੰਦਾ ਹੈ, ਪ੍ਰੰਤੂ ਦੂਜੇ ਪਾਸੇ ਫੌਜ ਦਾ ਬੋਲਬਾਲਾ ਹੈ। ਸਿਆਸਤਦਾਨ ਇਤਨੇ ਕਮਜ਼ੋਰ ਕਿਉਂ ਹੋ ਗਏ ਹਨ? ਉਹ ਫੌਜ ਦੇ ਥੱਲੇ ਲੱਗੇ ਹੋਏ ਹਨ, ਉਨ੍ਹਾਂ ਨੂੰ ਨਾਲੇ ਇਹ ਵੀ ਪਤਾ ਹੈ ਕਿ ਫੌਜ ਕਾਬਲੇ ਇਤਬਾਰ ਨਹੀਂ।

ਹਰ ਸਿਆਸਤਦਾਨ ਦਾ ਅਖ਼ੀਰ ਫੌਜ ਹੱਥੋਂ ਸਿਆਸੀ ਕਤਲ ਹੁੰਦਾ ਹੈ। ਸਾਡਾ ਗੁਆਂਢੀ ਦੇਸ਼ ਪਾਕਿਸਤਾਨ ਜੋ ਕਿਸੇ ਸਮੇਂ ਸਾਡਾ ਆਪਣਾ ਹੀ ਅੰਗ ਹੁੰਦਾ ਸੀ, ਉਹ ਬਿਨਾ ਵਜ੍ਹਾ ਹੀ ਭਾਰਤ ਨਾਲ ਸਿੰਗ ਫਸਾਈ ਰੱਖਦਾ ਹੈ। ਇੰਝ ਕਰਨ ਨਾਲ ਉਸਦਾ ਆਪਣਾ ਨੁਕਸਾਨ ਹੋ ਰਿਹਾ ਹੈ। ਇੱਕ ਪਾਸੇ ਪਾਕਿਸਤਾਨ ਦੇ ਰੱਖਿਆ ਮੰਤਰੀ ਖ਼ਵਾਜਾ ਮੁਹੰਮਦ ਆਸਿਫ਼ ਇੱਕ ਟੀ ਵੀ ਚੈਨਲ ਨਾਲ ਇੰਟਰਵਿਊ ਵਿਚ ਮੰਨਦੇ ਹਨ ਕਿ ਪਾਕਿਸਤਾਨ ਪਿਛਲੇ 30 ਸਾਲਾਂ ਤੋਂ ਅਤਵਾਦੀਆਂ ਦਾ ਸਮਰਥਨ ਅਤੇ ਸਿਖਲਾਈ ਦੇ ਰਿਹਾ ਹੈ, ਇੰਝ ਕਰਕੇ ਉਹ ਪੱਛਵੀਂ ਦੇਸ਼ਾਂ ਲਈ ਮਾੜਾ ਕੰਮ ਕਰ ਰਿਹਾ ਹੈ। ਇਸਨੂੰ ਉਹ ਆਪਣੇ ਦੇਸ਼ ਦੀ ਗ਼ਲਤ ਮੰਨਦਾ ਹੈ, ਮੰਤਰੀ ਨੇ ਇਹ ਵੀ ਕਿਹਾ ਕਿ ਪਾਕਿਸਤਾਨ ਦੀ ਇਨੀ ਮਾੜੀ ਹਾਲਤ ਨਾ ਹੁੰਦੀ ਜੇਕਰ ਪਾਕਿਸਤਾਨ ਅਜਿਹੀਆਂ ਹਰਕਤਾਂ ਨਾ ਕਰਦਾ। ਦੂਜੇ ਪਾਸੇ ਅਜੇ ਵੀ ਆਪਣੀਆਂ ਕਰਤੂਤਾਂ 'ਤੋਂ ਬਾਜ ਨਹੀਂ ਆਉਂਦਾ। ਪਾਕਿਸਤਾਨ ਦੀ ਆਰਥਿਕ ਹਾਲਤ ਡਾਵਾਂਡੋਲ ਹੈ, ਆਰਥਿਕ ਦੀਵਾਲਾ ਨਿਕਲਣ ਦੇ ਨਜ਼ਦੀਕ ਪਹੁੰਚ ਚੁੱਕਾ ਹੈ। ਹਰ ਵਕਤ ਦੂਜੇ ਦੇਸ਼ਾਂ ਅੱਗੇ ਹੱਥ ਅੱਡੀ ਰੱਖਦਾ ਹੈ। ਦੂਜੇ ਦੇਸ਼ਾਂ ਤੋਂ ਸਹਾਇਤਾ ਲੈ ਕੇ ਗੁਜ਼ਾਰਾ ਕਰ ਰਿਹਾ ਹੈ। ਉਹ ਦੇਸ਼ ਆਪਣਾ ਉਲੂ ਸਿੱਧਾ ਕਰ ਰਹੇ ਹਨ, ਆਪਣਾ ਸਾਮਾਨ ਵੇਚ ਰਹੇ ਹਨ।

ਪਾਕਿਸਤਾਨ ਤੇ ਉਹ ਕਹਾਵਤ ਵੀ ਢੁਕਦੀ ਹੈ, 'ਚੰਦਰਾ ਗੁਆਂਢ ਨਾ ਹੋਵੇ ਲਾਈ ਲੱਗ ਨਾ ਹੋਵੇ ਘਰ ਵਾਲਾ'। ਪਾਕਿਸਤਾਨ ਨੂੰ ਸੋਚਣਾ ਹੋਵੇਗਾ ਧਰਮ ਦੇ ਨਾਮ 'ਤੇ ਦੇਸ਼ ਉਨ੍ਹਾਂ ਆਪ ਬਣਾਇਆ ਹੈ। ਜਿਨ੍ਹਾਂ ਨੇ ਅੰਗਰੇਜ਼ਾਂ ਦੇ ਧੱਕੇ ਚੜ੍ਹ ਕੇ ਕਾਂਗਰਸ 'ਚੋਂ ਅਸਤੀਫਾ ਦੇ ਕੇ ਧਰਮ 'ਤੇ ਅਧਾਰਤ ਪਾਕਿਸਤਾਨ ਦੀ ਮੰਗ ਕੀਤੀ ਸੀ। ਧਰਮ 'ਤੇ ਅਧਾਰਤ ਦੇਸ਼ ਬਣਾਇਆ ਸੀ, ਫਿਰ ਭਾਰਤ ਵਿਚੋਂ ਉਨ੍ਹਾਂ ਦੇ ਧਰਮ ਦੇ ਲੋਕ ਕਿਉਂ ਨਹੀਂ ਪਾਕਿਸਤਾਨ ਦੇਸ਼ ਵਿਚ ਗਏ?

ਇਹ ਸੋਚਣ ਵਾਲੀ ਗੱਲ ਹੈ ਕਿ ਉਨ੍ਹਾਂ ਨੂੰ ਪਤਾ ਸੀ ਕਿ ਪਾਕਿਸਤਾਨ ਵਿਚ ਉਨ੍ਹਾਂ ਦਾ ਭਵਿਖ ਸੁਨਹਿਰਾ ਨਹੀਂ ਹੋਵੇਗਾ। ਹੁਣ ਜਦੋਂ ਪਾਕਿਸਤਾਨ ਕਦੀ ਪੁਲਵਾਮਾ, ਪਹਿਲਗਾਮ ਤੇ ਕਦੀ ਕਿਸੇ ਹੋਰ ਥਾਂ 'ਤੇ ਇੱਕ ਸਮੁਦਾਇ ਦੇ ਲੋਕਾਂ ਦੇ ਕਤਲ ਕਰਦੇ ਹਨ ਤਾਂ ਉਨ੍ਹਾਂ ਇਹ ਨਹੀਂ ਸੋਚਿਆ ਕਿ ਉਨ੍ਹਾਂ ਦੇ ਸਮੁਦਾਇ ਦੇ ਲੋਕ ਭਾਰਤ ਵਿਚ ਰਹਿੰਦੇ ਹਨ, ਜੇਕਰ ਉਨ੍ਹਾਂ ਨਾਲ ਅਜਿਹੀ ਘਟਨਾ ਹੋਵੇ ਤਾਂ ਕੀ



ਉਨ੍ਹਾਂ ਨੂੰ ਤਕਲੀਫ ਨਹੀਂ ਹੋਵੇਗੀ। ਉਹ ਆਪਣੀ ਸਮੁਦਾਇ ਦੇ ਹਿੱਤਾਂ ਦਾ ਵੀ ਧਿਆਨ ਨਹੀਂ ਰੱਖਦੇ। ਇਸ ਲਈ ਪਾਕਿਸਤਾਨ ਦੀ ਫੌਜ ਨੂੰ ਸਿਆਣਪ ਤੋਂ ਕੰਮ ਲੈਣਾ ਚਾਹੀਦਾ ਹੈ। ਅਜਿਹੀਆਂ ਘਟਨਾਵਾਂ ਦੋਹਾਂ ਸਮੁਦਾਇ ਦਾ ਜੀਣਾ ਦੁੱਭਰ ਕਰ ਰਹੀਆਂ ਹਨ।

ਆਦਿਲ ਹੁਸੈਨ ਸ਼ਾਹ ਦੀ ਕੁਰਬਾਨੀ ਨੇ ਦੋਹਾਂ ਸਮੁਦਾਇ ਦੇ ਅਨਿਖੜਵੇਂ ਸੰਬੰਧਾਂ ਦਾ ਪ੍ਰਗਟਾਵਾ ਕੀਤਾ ਹੈ। ਭਾਰਤ ਸਰਕਾਰ ਨੂੰ ਆਦਿਲ ਹੁਸੈਨ ਸ਼ਾਹ ਨੂੰ ਮਰਨ ਉਪਰੰਤ ਭਾਰਤ ਦਾ ਸਰਵੋਤਮ ਸਨਮਾਨ ਦੇਣਾ ਚਾਹੀਦਾ ਹੈ, ਜਿਹੜਾ ਹਿੰਦੂ ਮੁਸਲਮਾਨ ਏਕਤਾ ਦਾ ਪ੍ਰਤੀਕ ਬਣਿਆ ਹੈ। ਪਾਕਿਸਤਾਨ ਦੀ ਇਸ ਘਿਨੌਣੀ ਹਰਕਤ ਨਾਲ ਜੰਮੂ ਕਸ਼ਮੀਰ ਦੇ ਲੋਕਾਂ ਦੇ ਰੋਜ਼ਗਾਰ 'ਤੇ ਵੀ ਗਹਿਰੀ ਸੱਟ ਮਾਰੀ ਹੈ। ਹਜ਼ਾਰਾਂ ਸੈਲਾਨੀਆਂ ਨੇ ਆਪਣੇ ਫੈਸਲੇ ਬਦਲ ਲਏ ਹਨ।

ਭਾਰਤ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਅਤੇ ਜੰਮੂ ਕਸ਼ਮੀਰ ਵਿਚ ਵਸ ਰਹੇ ਇੱਕ ਫ਼ਿਰਕੇ ਦੇ ਲੋਕਾਂ ਨੇ ਸਿਆਣਪ ਵਿਖਾਈ ਹੈ, ਭਾਰਤ ਦੀ ਏਕਤਾ ਤੇ ਅਖੰਡਤਾ ਲਈ ਇੱਕੋ ਆਵਾਜ਼ ਵਿਚ ਪਹਿਲਗਾਮ ਕਤਲੇਆਮ ਦੀ ਘੋਰ ਸ਼ਬਦਾਂ ਵਿਚ ਨਿੰਦਿਆ ਕੀਤੀ ਹੈ। ਨਹੀਂ ਆਮ ਤੌਰ 'ਤੇ ਵਿਰੋਧੀ ਪਾਰਟੀਆਂ ਅਜਿਹੀਆਂ ਘਟਨਾਵਾਂ 'ਤੇ ਵੀ ਸਿਆਸਤ ਕਰਨ ਲੱਗ ਜਾਂਦੀਆਂ ਹਨ। ਵਿਰੋਧੀ ਪਾਰਟੀਆਂ ਨੇ ਦੇਸ ਦੀ ਰੱਖਿਆ ਲਈ ਇੱਕਮੁਠਤਾ ਦਾ ਸਬੂਤ ਦਿੱਤਾ ਹੈ। ਭਾਰਤ ਦੇ ਹਰ ਫ਼ਿਰਕੇ ਦੇ ਲੋਕਾਂ ਨੇ ਸਰਕਾਰ ਨਾਲ ਹਰ ਕਿਸਮ ਦਾ ਸਾਥ ਦੇਣ ਦਾ ਐਲਾਨ ਕੀਤਾ ਹੈ। ਪਾਕਿਸਤਾਨ ਦੀ ਫੌਜ ਨੇ ਇੱਕ ਫ਼ਿਰਕੇ ਦੇ ਲੋਕਾਂ ਦਾ ਕਤਲੇਆਮ ਕਰਕੇ ਭਾਰਤ ਵਿਚ ਦੰਗੇ ਫੈਲਾਉਣ ਦੀ ਕੋਸ਼ਿਸ਼ ਕੀਤੀ ਸੀ, ਪ੍ਰੰਤੂ ਸੂਝਵਾਨ ਭਾਰਤੀਆਂ ਨੇ ਇੱਕਮੁੱਠਤਾ ਦਾ ਸਬੂਤ ਦੇ ਕੇ ਬਹਿਕਾਵੇ ਵਿਚ ਆਉਣ ਤੋਂ ਸਾਫ ਇਨਕਾਰ ਕਰ ਦਿੱਤਾ ਹੈ। ਇੰਡੋ ਪਾਕਿ ਜੰਗ ਵਿਚ ਪਾਕਿਸਤਾਨ ਨੂੰ ਮੂੰਹ ਦੀ ਖਾਣੀ ਪਈ ਸੀ, ਇਸ ਲਈ ਪਾਕਿਸਤਾਨ ਦੀ ਸਰਕਾਰ ਨੂੰ ਸਿਆਣਪ ਤੋਂ ਕੰਮ ਲੈਣਾ ਚਾਹੀਦਾ ਹੈ ਕਿਤੇ ਇਹ ਨਾ ਹੋਵੇ ਕਿ ਭਾਰਤ ਨੂੰ ਮਜ਼ਬੂਰ ਕਰਕੇ ਆਪਣਾ ਹੋਰ ਨੁਕਸਾਨ ਕਰਵਾ ਲਵੇ।

ਸੰਸਾਰ ਜਾਣਦਾ ਹੈ ਕਿ ਪਾਕਿਸਤਾਨ ਖਾਮ-ਖਾਹ ਪੰਗੇ ਲੈ ਰਿਹਾ ਹੈ। ਪਾਕਿਸਤਾਨ ਦੀ ਫੌਜ ਇਵੇਂ ਅਜਿਹੀਆਂ ਹਰਕਤਾਂ ਕਰ ਰਹੀ ਹੈ, ਜਿਵੇਂ ਪੰਜਾਬੀ ਦੀ ਇੱਕ ਹੋਰ ਕਹਾਵਤ ਹੈ 'ਚੱਕੀ ਹੋਈ ਪੰਚਾਂ ਦੀ ਥਾਣੇਦਾਰ ਦੇ ਬਰਾਬਰ ਬੋਲੇ' ਪਾਕਿਸਤਾਨ ਨੂੰ ਸਮਝਣਾ ਚਾਹੀਦਾ ਹੈ ਕਿ ਉਂਗਲ ਲਾਉਣ ਵਾਲੇ ਔਖੇ ਸਮੇਂ ਵਿਚ ਕਦੀਂ ਨਾਲ ਨਹੀਂ ਖੜ੍ਹਦੇ ਹੁੰਦੇ, ਸਗੋਂ ਦੂਰ ਖੜ੍ਹ ਕੇ ਤਮਾਸ਼ਾ ਵੇਖਦੇ ਰਹਿੰਦੇ ਹਨ।

ਪਾਕਿਸਤਾਨ ਨੇ ਸਿੱਖਾਂ ਤੋਂ ਬਿਨਾ ਬਾਕੀ ਸਾਰੇ ਭਾਰਤੀਆਂ ਨੂੰ ਪਾਕਿਸਤਾਨ ਛੱਡਣ ਦੇ ਹੁਕਮ ਕਰਕੇ ਵੰਡੀਆਂ ਪਾ ਕੇ ਸਿੱਖਾਂ ਨੂੰ ਫੁਸਲਾਉਣ ਦੀ ਕੋਸ਼ਿਸ਼ ਕੀਤੀ ਹੈ, ਜਿਸ ਵਿਚ ਉਹ ਸਫ਼ਲ ਨਹੀਂ ਹੋਣਗੇ। ਸਿੱਖ ਕੌਮ ਹਮੇਸ਼ਾ ਦੇਸ਼ ਦੀ ਏਕਤਾ ਤੇ ਅਖੰਡਤਾ ਲਈ ਕੁਰਬਾਨੀਆਂ ਕਰਨ ਲਈ ਤੱਤਪਰ ਰਹਿੰਦੀ ਹੈ। ਭਾਰਤ ਸਰਕਾਰ ਨੇ 1960 ਵਿਚ ਭਾਰਤ ਦੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਅਤੇ ਪਾਕਿਸਤਾਨ ਦੇ ਰਾਸ਼ਟਰਪਤੀ ਅਯੂਬ ਖ਼ਾਨ ਨਾਲ ਵਿਸ਼ਵ ਬੈਂਕ ਦੀ ਵਿਚੋਲਗੀ ਰਾਹੀਂ ਕਰਾਚੀ ਵਿਚ ਬੈਠ ਕੇ ਸਿੰਧ ਜਲ ਸਮਝੌਤਾ ਕੀਤਾ ਕੀਤਾ ਸੀ। ਇਸ ਸਮਝੌਤੇ ਨੂੰ ਅਮਲੀ ਰੂਪ ਦੇਣ ਲਈ 9 ਸਾਲ ਲੱਗੇ ਸਨ। ਇਸ ਸਮਝੌਤੇ ਅਧੀਨ 6 ਦਰਿਆਵਾਂ ਸਿੰਧ, ਜੇਹਲਮ ਸਤਲੁਜ, ਰਾਵੀ, ਬਿਆਸ ਅਤੇ ਚਨਾਬ ਦਾ 80 ਫ਼ੀਸਦੀ ਪਾਣੀ ਪਾਕਿਸਤਾਨ ਅਤੇ ਸਿਰਫ 20ਫ਼ੀਸਦੀ ਪਾਣੀ ਭਾਰਤ ਨੂੰ ਦਿੱਤਾ ਗਿਆ ਸੀ। ਸਾਂਝੇ ਭਾਰਤ ਦੇ ਇਹ ਦਰਿਆ ਸਨ, ਤਿਬਤ ਤੋਂ ਸ਼ੁਰੂ ਹੋ ਕੇ ਭਾਰਤੀ ਇਲਾਕੇ ਵਿਚੋਂ ਹੁੰਦੇ ਹੋਏ ਪਾਕਿਸਤਾਨ ਵਿਚ ਜਾਂਦੇ ਹਨ। ਇਸ ਲਈ ਭਾਰਤ ਰਿਪੇਰੀਅਨ ਦੇਸ ਹੋਣ ਕਰਕੇ ਹਿੱਸਾ ਜ਼ਿਆਦਾ ਹੋਣਾ ਚਾਹੀਦਾ ਸੀ। ਭਾਰਤ ਨੇ ਫ਼ਿਰਾਕਦਿਲੀ ਨਾਲ ਪਾਕਿਸਤਾਨ ਨੂੰ ਵੱਧ ਪਾਣੀ ਦਿੱਤਾ। ਸਤਲੁਜ, ਰਾਵੀ ਤੇ ਬਿਆਸ ਜੋ ਭਾਰਤ ਦੇ ਹਿੱਸੇ ਆਏ ਦਾ ਪਾਣੀ ਵੀ ਪਾਕਿਸਤਾਨ ਨੂੰ ਜਾਂਦਾ ਹੈ। ਪਾਕਿਸਤਾਨ ਦਾ 90 ਫ਼ੀਸਦੀ ਖੇਤੀ ਅਧੀਨ ਰਕਬਾ ਇਸ ਪਾਣੀ 'ਤੇ ਨਿਰਭਰ ਕਰਦਾ ਹੈ। ਪਾਕਿਸਤਾਨ ਦੇ ਦੋ ਵੱਡੇ ਪਣਬਿਜਲੀ ਪ੍ਰਾਜੈਕਟ ਤਰਬੇਲਾ ਤੇ ਮੰਗਲਾ ਵੀ ਸਿੰਧ ਦੇ ਇਸ ਪਾਣੀ ਨਾਲ ਚਲਦੇ ਹਨ। ਪਾਕਿਸਤਾਨ ਦੀ ਬਚਦੀ ਆਰਥਿਕਤਾ ਵੀ ਤਬਾਹ ਹੋ ਜਾਵੇਗੀ ਖ਼ੁਰਾਕ ਤੇ ਬਿਜਲੀ ਦਾ ਸੰਕਟ ਖੜ੍ਹਾ ਹੋ ਜਾਵੇਗਾ, ਬਿਜਲੀ ਤੋਂ ਬਿਨਾ ਅੰਨ੍ਹੇਰਾ ਪਸਰ ਜਾਵੇਗਾ ਅਤੇ ਅਸ਼ਾਂਤੀ ਫ਼ੈਲ ਜਾਵੇਗੀ।

ਇਹ ਸਮਝੌਤਾ ਪਾਕਿਸਤਾਨ ਦੀ ਬੇਨਤੀ 'ਤੇ ਕੀਤਾ ਗਿਆ ਸੀ। ਹੁਣ ਪਾਕਿਸਤਾਨ ਨੇ ਪਹਿਲਗਾਮ ਵਿਚ ਕਰੂਰਤਾ ਦਾ ਸਬੂਤ ਦਿੰਦਿਆਂ ਇੱਕ ਸਮੁਦਾਇ ਦੇ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਕੇ, ਅਜਿਹੀ ਸਥਿਤੀ ਪੈਦਾ ਕਰ ਦਿੱਤੀ ਕਿ ਭਾਰਤ ਨੂੰ ਮਜ਼ਬੂਰ ਹੋ ਕੇ ਇਹ ਸਮਝੌਤਾ ਰੱਦ ਕਰਨਾ ਪਿਆ। ਪਾਕਿਸਤਾਨ ਦੇ ਫੌਜ ਮੁੱਖੀ ਦੇ ਕਸ਼ਮੀਰ ਬਾਰੇ ਬਿਆਨ ਨੇ ਸਾਰਾ ਪੁਆੜਾ ਪਾਇਆ ਹੈ। ਪਾਕਿਸਤਾਨ ਹਮੇਸ਼ਾ ਕਸ਼ਮੀਰ ਦਾ ਅਲਾਪ ਕਰੀ ਜਾਂਦਾ ਹੈ, ਜਦੋਂ ਅੰਤਰਰਾਜੀ ਸਮਝੌਤੇ ਅਧੀਨ ਐਲ.ਓ.ਸੀ ਬਣ ਗਈ, ਕਸ਼ਮੀਰ ਦਾ ਕੁਝ ਹਿੱਸਾ ਪਾਕਿਸਤਾਨ ਨੂੰ ਅਤੇ ਬਾਕੀ ਭਾਰਤ ਨੂੰ ਮਿਲ ਗਿਆ, ਫਿਰ ਹੁਣ ਰੌਲਾ ਕਿਸ ਗੱਲ ਦਾ ਰਹਿ ਗਿਆ। ਜੇ ਪਾਕਿਸਤਾਨ ਅਜੇ ਵੀ ਨਾ ਬਾਜ ਆਇਆ ਤਾਂ ਇਸ ਦੇ ਖਖ਼ਤਨਾਕ ਨਤੀਜੇ ਭੁਗਤਣ ਲਈ ਤਿਆਰ ਰਹਿਣਾ ਚਾਹੀਦਾ ਹੈ। ਭਾਰਤ ਦੀ ਸਰਕਾਰ ਅਤੇ ਭਾਰਤ ਦੇ ਲੋਕ ਪਾਕਿਸਤਾਨ ਦੀਆਂ ਆਪਹੁਦਰੀਆਂ ਹੋਰ ਬਰਦਾਸ਼ਤ ਨਹੀਂ ਕਰਨਗੇ। ਅਜੇ ਵੀ ਡੁਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ। ਚੁੱਪ ਕਰਕੇ ਸਿੱਧੇ ਰਸਤੇ ਆ ਜਾਵੋ ਨਹੀਂ ਤਾਂ ਇਵਜਾਨਾ ਭੁਗਤਣ ਲਈ ਤਿਆਰ ਰਹੋ। ਭਾਰਤ ਦੇ ਲੋਕਾਂ ਵਿਚ ਇਸ ਹਿੰਸਕ ਘਟਨਾ ਬਾਰੇ ਕਈ ਤਰ੍ਹਾਂ ਦੇ ਸ਼ੰਕੇ ਖੜ੍ਹੇ ਹੋ ਰਹੇ ਹਨ ਕਿਉਂਕਿ ਇਨੀ ਮਹੱਤਵਪੂਰਨ ਸੈਰਗਾਹ 'ਤੇ ਸੁਰੱਖਿਆ ਬਲਾਂ ਅਤੇ ਫ਼ੌਜੀ ਅਮਲੇ ਦਾ ਗ਼ੈਰ ਹਾਜ਼ਰ ਹੋਣਾ ਹਜ਼ਮ ਨਹੀਂ ਹੋ ਰਿਹਾ।

# ਪੰਜਾਬੀ ਸੰਗੀਤ ਜਗਤ ਦਾ ਚਮਕਦਾ ਸਿਤਾਰਾ - ਪੱਪੀ ਭਦੌੜ

ਪੰਜਾਬ ਦੀ ਧਰਤੀ 'ਤੇ ਜਿੱਥੇ ਅਨੇਕ ਮਸ਼ਹੂਰ ਗਾਇਕਾਂ-ਕਲਾਕਾਰਾਂ ਨੇ ਜਨਮ ਲਿਆ, ਓਥੇ ਹੀ ਜ਼ਿਲ੍ਹਾ ਬਰਨਾਲਾ ਦੇ ਮਸ਼ਹੂਰ ਪਿੰਡ ਭਦੌੜ ਦਾ ਪੱਪੀ ਭਦੌੜ ਵੀ ਆਪਣੀ ਸੰਗੀਤਕ ਕਲਾ ਨਾਲ ਲੋਕਾਂ ਦੇ ਦਿਲਾਂ 'ਤੇ ਵੱਖਰੀ ਛਾਪ ਛੱਡ ਚੁੱਕਾ ਹੈ। ਭਦੌੜ ਪਿੰਡ ਦਵਿੰਦਰ ਸਤਿਆਰਥੀ ਵਰਗੀਆਂ ਸ਼ਖ਼ਸੀਅਤਾਂ ਦੀ ਜਨਮ ਭੂਮੀ ਹੈ। ਪੱਪੀ ਭਦੌੜ ਨੂੰ ਦਵਿੰਦਰ ਸਤਿਆਰਥੀ, ਇਨਕਲਾਬੀ ਕਵੀ ਸੰਤ ਰਾਮ ਉਦਾਸੀ ਜਿਹੀਆਂ ਸ਼ਖ਼ਸੀਅਤਾਂ ਦੀ ਬੁੱਕਲ਼ ਦਾ ਨਿੱਘ ਮਾਨਣ ਦਾ

**ਗੁਰਿੰਦਰਜੀਤ 'ਨੀਟਾ ਮਾਛੀਕੇ'**

ਵੀ ਸੁਭਾਗ ਪ੍ਰਾਪਤ ਹੋਇਆ।

ਪੱਪੀ ਨੇ ਆਪਣੇ ਸੰਗੀਤਕ ਸਫ਼ਰ ਦੀ ਸ਼ੁਰੂਆਤ ਤੂੰਬੀ, ਢੋਲਕ, ਹਾਰਮੋਨੀਅਮ, ਅਲਗੋਜ਼ੇ ਅਤੇ ਬੈਂਜੋ ਵਰਗੇ ਵਾਦ-ਯੰਤਰਾਂ ਦੀ ਮੁਹਾਰਤ ਨਾਲ ਕੀਤੀ। ਉਸਦੀ ਬੈਂਜੋ ਵਜਾਉਣ ਦੀ ਕਲਾ ਐਨੀ ਨਿਖਰੀ ਹੋਈ ਹੈ ਕਿ ਉਹ ਕੁਲਦੀਪ ਮਾਣਕ, ਸੁਰਿੰਦਰ ਛਿੰਦਾ, ਮੁਹੰਮਦ ਸਦੀਕ ਅਤੇ ਹੋਰ ਅਣਗਿਣਤ ਵੱਡੇ ਨਾਮੀ ਗਾਇਕਾਂ ਦੀ ਸੰਗਤ ਕਰ ਚੁੱਕਾ ਹੈ। ਪੱਪੀ ਭਦੌੜ ਆਪਣੇ ਸਮੇਂ ਦਾ ਤਕੜਾ ਪਹਿਲਵਾਨ ਵੀ ਰਿਹਾ ਤੇ ਉਸ ਨੇ ਚੰਗੇ ਨਾਮੀ ਭਲਵਾਨਾਂ ਨਾਲ ਪਟਕੇ ਦੀਆਂ ਕੁਸ਼ਤੀਆਂ ਵੀ ਲੜੀਆਂ ਤੇ ਕਈ ਇਨਾਮ ਆਪਣੇ ਨਾਮ ਕੀਤੇ। ਉਹ ਦੋਵਾਂ ਖੇਤਰਾਂ ਵਿਚ



ਮਾਸਟਰ ਰਾਮ ਕੁਮਾਰ ਜੀ ਨੂੰ ਆਪਣਾ ਉਸਤਾਦ ਮੰਨਦਾ ਹੈ। ਗੀਤਕਾਰੀ ਵਿਚ ਪੱਪੀ ਨੇ ਕਰਨੈਲ ਸਿੰਘ ਸਿੱਧੂ ਜਲਾਲ ਨੂੰ ਪੱਗ ਦੇ ਕੇ ਆਪਣਾ ਗੁਰੂ ਧਾਰਿਆ ਸੀ।

ਪੱਪੀ ਇੱਕ ਮਾਹਿਰ ਸੰਗੀਤਕਾਰ ਹੋਣ ਦੇ ਨਾਲ-ਨਾਲ ਉਤਮ ਗੀਤਕਾਰ ਅਤੇ ਗਾਇਕ ਵੀ ਹੈ।ਉਸ ਦੇ ਲਿਖੇ ਹੋਏ ਗੀਤ ਬਲਵੀਰ ਬੋਪਾਰਾਏ ਅਤੇ ਮੇਜਰ ਰਾਜਸਥਾਨੀ ਵਰਗੇ ਮਸ਼ਹੂਰ ਗਾਇਕਾਂ ਨੇ ਗਾਏ ਹਨ।

ਮੇਜਰ ਰਾਜਸਥਾਨੀ ਦਾ ਗਾਇਆ ਗੀਤ 'ਆ ਮੇਰੇ ਦਿਲਬਰ ਯਾਰਾ ਤੇਰੀ ਯਾਦ ਸਤਾਉਂਦੀ ਵੇ' ਬਹੁਤ ਹੀ ਮਕਬੂਲ ਹੋਇਆ ਸੀ, ਜਿਸ ਨਾਲ ਪੱਪੀ ਦੀ ਲਿਖਤ ਦੀ ਮਹਿਕ ਦੂਰ-ਦੂਰ ਤੱਕ ਫੈਲੀ।







ਪੱਪੀ ਭਦੌੜ ਨੇ ਸਮਾਜਿਕ ਤੇ ਧਾਰਮਿਕ ਮੁੱਦਿਆਂ 'ਤੇ ਵੀ ਆਪਣੀ ਲਿਖਤ ਰਾਹੀਂ ਵੱਡਾ ਯੋਗਦਾਨ ਪਾਇਆ ਹੈ। ਉਸਦਾ ਲਿਖਿਆ ਸੱਭਿਆਚਾਰਕ ਤੇ ਜਾਗਰੂਕਤਾ ਵਾਲਾ ਗੀਤ 'ਖ਼ਤਰਾ ਸਿੱਖੀ ਨੂੰ' ਲੋਕ ਮਨਾਂ 'ਚ ਵੱਖਰੀ ਛਾਪ ਛੱਡ ਚੁੱਕਿਆ ਹੈ। ਅੱਜ-ਕੱਲ੍ਹ ਪੱਪੀ ਨੇ ਆਪਣਾ ਮਿਊਜ਼ਿਕ ਸਫਰ ਅਮਰੀਕਾ ਦੇ ਸ਼ਹਿਰ ਫਰਿਜ਼ਨੋ ਵਿਚ ਜਾਰੀ ਰੱਖਿਆ ਹੋਇਆ ਹੈ। ਉਹ ਇੱਥੇ ਵੀ ਆਪਣੀਆਂ ਸੰਗੀਤਕ ਸੇਵਾਵਾਂ ਰਾਹੀਂ ਪੰਜਾਬੀ ਸਭਿਆਚਾਰ ਨੂੰ ਉਭਾਰ ਰਿਹਾ ਹੈ।

ਪੱਪੀ ਦਾ ਜੀਵਨ ਚੜ੍ਹਦੇ ਅਤੇ ਉਤਰਦੇ ਦਰਿਆ ਵਾਂਗ ਰਿਹਾ। ਬਿਮਾਰੀ ਦੇ ਦੌਰ ਤੋਂ ਬਾਅਦ ਉਹ ਹੁਣ ਫੇਰ ਆਪਣੀ ਮਿਹਨਤ ਅਤੇ ਹੌਸਲੇ ਨਾਲ ਲੋਕਾਂ ਦੇ ਦਿਲਾਂ ਵਿਚ ਵਾਪਸ ਆਪਣੀ ਥਾਂ ਬਣਾਉਂਦਾ ਜਾ ਰਿਹਾ ਹੈ। ਅੱਜ-ਕੱਲ੍ਹ ਪੱਪੀ ਮਸ਼ਹੂਰ ਗਾਇਕਾ ਦਿਲਪ੍ਰੀਤ ਵਰਮਾ (ਜਿਸ ਨੇ ਸੁਰਿੰਦਰ ਛਿੰਦੇ ਨਾਲ ਸਟੇਜਾਂ ਸਾਂਝੀਆਂ ਕੀਤੀਆਂ) ਨਾਲ ਮਿਲ ਕੇ ਡਿਊਟ ਗਾਇਕੀ ਵਿਚ ਆਪਣੀ ਕਿਸਮਤ ਅਜ਼ਮਾ ਰਿਹਾ ਹੈ।

ਸਾਡੀ ਦੁਆ ਹੈ ਕਿ ਪੱਪੀ ਭਦੌੜ ਆਪਣੀ ਮਿਹਨਤ ਅਤੇ ਇਮਾਨਦਾਰੀ ਨਾਲ ਆਪਣੇ ਮਿਸ਼ਨ ਵਿਚ ਪੂਰੀ ਤਰ੍ਹਾਂ ਕਾਮਯਾਬ ਹੋਵੇ ਅਤੇ ਪੰਜਾਬੀ ਸੰਗੀਤ ਜਗਤ ਨੂੰ ਨਵੀਆਂ ਉਚਾਈਆਂ ਤੱਕ ਲੈ ਕੇ ਜਾਵੇ।

# ਤੁਰ ਗਿਆ 'ਖੂੰਢ ਚਰਚਾ ਵਾਲਾ' ਸਾਡਾ ਸੱਜਣ ਸੁਹੇਲਾ

## ਲਾਭ ਸਿੰਘ ਸੰਧੂ ਨੂੰ ਸ਼ਰਧਾਂਜਲੀ

**ਪ੍ਰਿੰ. ਸਰਵਣ ਸਿੰਘ**
**ਫੋਨ: 647-785-1661**

21-22 ਅਪ੍ਰੈਲ ਦੀ ਅੱਧੀ ਰਾਤੇ ਮੈਨੂੰ ਬਰੈਂਪਟਨ 'ਚ ਬੜੀ ਮਾੜੀ ਖ਼ਬਰ ਮਿਲੀ ਕਿ ਲਾਭ ਸਿੰਘ ਸੰਧੂ ਦਿਲ ਦੇ ਦੌਰੇ ਨਾਲ ਅਚਾਨਕ ਗੁਜ਼ਰ ਗਿਆ। ਕੁਵੇਲੇ ਦੀ ਮਾੜੀ ਖ਼ਬਰ ਨਾਲ ਮੈਂ ਡਾਢਾ ਦੁਖੀ ਤੇ ਉਦਾਸ ਹੋਇਆ ਅਤੇ ਉਹਦੀਆਂ ਯਾਦਾਂ 'ਚ ਗੁਆਚ ਗਿਆ। ਉਹ ਮੇਰੇ ਛੋਟੇ ਭਰਾਵਾਂ ਵਰਗਾ ਸੀ। ਸਦਾ ਹਾਸੇ-ਖੇਡੇ ਦੀਆਂ ਗੱਲਾਂ ਕਰਦਾ ਹੱਸਦਾ ਮੁਕਰਾਉਂਦਾ ਮਿਲਦਾ। ਕਦੇ ਖੇਡ ਮੇਲਿਆਂ 'ਚ, ਕਦੇ ਸਾਹਿਤ ਸਭਾਵਾਂ, ਕਦੇ ਕੋਟਕਪੂਰੇ ਤੇ ਕਦੇ ਮੈਨੂੰ ਢੁੱਡੀਕੇ ਆ ਮਿਲਦਾ। ਉਹਦਾ ਕਾਫੀ ਕੁਝ ਮੇਰੇ ਨਾਲ ਮਿਲਦਾ-ਜੁਲਦਾ ਸੀ। ਉਹ ਮੈਥੋਂ ਦਸ ਸਾਲ ਛੋਟਾ ਸੀ ਅਤੇ ਉਹਦੀ ਸਿਹਤ ਚੰਗੀ ਭਲੀ ਸੀ। ਅਜੇ ਉਹਦੇ ਜਾਣ ਦਾ ਵਕਤ ਨਹੀਂ ਸੀ। ਬਠਿੰਡੇ 'ਚ 'ਲੱਖੀ ਜੰਗਲ' ਨਾਂ ਦੀ ਹੱਟ ਤੋਂ ਪੰਜਾਬੀ ਪੁਸਤਕਾਂ ਦੀਆਂ ਤੇਰਾਂ ਤੇਰਾਂ ਤੋਲ ਰਿਹਾ ਸੀ ਕਿ ਅਚਾਨਕ ਬਾਜ ਪਏ ਵਾਲੀ ਗੱਲ ਹੋਈ। ਉਸਨੂੰ ਜਾਂਦੀ ਵਾਰ ਦੀ ਅਲਵਿਦਾ!

ਲਾਭ ਸਿੰਘ ਸੰਧੂ ਜ਼ਿੰਮੇਵਾਰ ਪੱਤਰਕਾਰ ਸੀ ਤੇ ਖਿਡਾਰੀਆਂ ਦਾ ਖੋਜਕਾਰ ਵੀ ਸੀ। ਉਸ ਨੇ ਮਾਨਸਾ, ਬਠਿੰਡਾ ਤੇ ਫਰੀਦਕੋਟ ਵੱਲ ਦੇ ਅਨੇਕ ਗੁੰਮਨਾਮ ਖਿਡਾਰੀਆਂ ਦੀ ਖੋਜ ਭਾਲ ਕੀਤੀ ਤੇ ਉਨ੍ਹਾਂ ਬਾਰੇ ਬੜਾ ਚੰਗਾ ਲਿਖਿਆ। ਪਰ ਉਸ ਦੀ ਵਧੇਰੇ ਮਸ਼ਹੂਰੀ 'ਖੂੰਢ ਚਰਚਾ' ਕਾਲਮ ਲਿਖਣ ਨਾਲ ਹੋਈ। ਉਹ ਕਾਲਮ ਉਸਨੇ 1987 ਤੋਂ 2007 ਤੱਕ 'ਅਜੀਤ' ਵਿੱਚ ਲਗਾਤਾਰ ਵੀਹ ਸਾਲ ਲਿਖਿਆ। ਇਸ ਤੋਂ ਬਿਨਾਂ ਉਸ ਦੇ 'ਏਹੁ ਹਮਾਰਾ ਜੀਵਣਾ', 'ਵਾਹ ਕੁੜੀਏ ਪੰਜਾਬ ਦੀਏ' ਤੇ 'ਰੰਗ ਚਰਚਾ' ਕਾਲਮ ਵੀ ਸਾਲਾਂਬੱਧੀ ਚੱਲੇ। ਖੇਡਾਂ ਖਿਡਾਰੀਆਂ ਬਾਰੇ ਉਸ ਦੀਆਂ ਪੰਜ ਪੁਸਤਕਾਂ 'ਗੁਆਚੇ ਹੀਰੇ', 'ਗਭਰੂ ਪੁੱਤ ਪੰਜਾਬ



ਦੇ', 'ਕਬੱਡੀ ਜਗਤ ਦੇ ਗੁਆਚੇ ਹੀਰੇ', 'ਚੰਨ ਮਾਹੀ ਦੀਆਂ ਬਾਤਾਂ' ਤੇ ਖੇਡ ਬੋਲੀਆਂ 'ਲੱਖੀ ਜੰਗਲ ਦਾ ਵਿਰਸਾ' ਛਪੀਆਂ। ਇਨ੍ਹਾਂ ਤੋਂ ਬਿਨਾਂ 'ਪਾਕਿ ਨਾਵਲਾਂ ਦਾ ਅਧਿਐਨ', 'ਖੂੰਢ ਚਰਚਾ', ਲਘੂ ਨਾਟਕ 'ਬੋਲ ਜਮੂਰੇ ਬੋਲ', 'ਕੱਲੂ ਦੀ ਭੂਤਨੀ' ਤੇ 'ਘੁੱਗੀ ਕੀ ਜਾਣੇ ਸਤਗੁਰ ਦੀਆਂ ਬਾਤਾਂ' ਨਾਂਵਾਂ ਦੀਆਂ ਪੁਸਤਕਾਂ ਪ੍ਰਕਾਸ਼ਿਤ ਹੋਈਆਂ। ਉਹਦਾ ਕੱਦ ਵੀ ਲੰਮਾ ਸੀ, ਦਾੜ੍ਹੀ ਵੀ ਲੰਮੀ, ਮੁੱਛਾਂ ਵੀ ਲੰਮੀਆਂ ਤੇ ਉਲਾਂਘਾਂ ਵੀ ਲੰਮੀਆਂ ਭਰਦਾ ਸੀ। ਸ਼ਾਇਦ ਇਸੇ ਕਾਰਨ ਉਸਦੇ ਕਾਲਮ ਵੀ ਲੰਮਾ ਸਮਾਂ ਚੱਲਦੇ ਰਹੇ। ਪਿੰਡਾਂ ਦੀਆਂ ਸੱਥਾਂ 'ਚ 'ਖੂੰਢ ਚਰਚਾ' ਕਰਨ ਤੇ ਸੁਣਨ ਵਾਲੇ ਉਸ ਨੂੰ ਸੁੱਘੜ ਸਿਆਣਾ ਤੇ ਬਹੁਗੁਣਾ ਬੰਦਾ ਮੰਨਦੇ ਰਹੇ।

ਉਹ ਖੇਡ ਲੇਖਕ ਹੋਣ ਨਾਲ ਖੇਡ ਬੁਲਾਰਾ ਵੀ ਸੀ। ਉਹ ਖੇਡ ਮੇਲਿਆਂ 'ਚ ਕਬੱਡੀ, ਕੁਸ਼ਤੀ ਤੇ ਬਾਸਕਟਬਾਲ ਬਗੈਰਾ ਦੇ ਮੈਚਾਂ ਦੀ ਕੁਮੈਂਟਰੀ ਵੀ ਕਰਦਾ ਰਿਹਾ। ਉਸਦਾ ਜਨਮ 21 ਸਤੰਬਰ 1950 ਨੂੰ ਕੋਟਕਪੂਰੇ ਨੇੜਲੇ ਪਿੰਡ ਦੁਆਰੇਆਣਾ ਵਿਚ ਸ. ਮੋਹਰ ਸਿੰਘ ਸੰਧੂ ਦੇ ਘਰ ਹੋਇਆ ਸੀ। ਉਸਦਾ ਵੱਡਾ ਭਰਾ ਨਿਰਭੈ ਸਿੰਘ ਸੰਧੂ ਸਾਹਿਤ ਸਭਾਵਾਂ ਦਾ ਪ੍ਰੇਮੀ ਸੀ ਜਿਸ ਦੇ ਸਾਥ ਤੇ ਪ੍ਰਭਾਵ ਨਾਲ ਉਹ ਵੀ ਸਭਾਵਾਂ ਵਿਚ ਜਾਣ ਲੱਗ ਪਿਆ ਤੇ ਲੇਖਕ ਬਣ ਗਿਆ। ਪੜ੍ਹਾਈ ਪੱਖੋਂ ਉਹ ਐਮ ਏ ਐਮਫਿੱਲ ਸੀ ਤੇ ਤੀਹ ਸਾਲ ਸਕੂਲਾਂ ਵਿਚ ਪੜ੍ਹਾਉਣ ਪਿੱਛੋਂ ਬਠਿੰਡਾ ਵਾਸੀ ਬਣਿਆ 'ਲੱਖੀ ਜੰਗਲ ਪੰਜਾਬੀ ਸੱਥ' ਦੇ ਸੇਵਾਦਾਰ ਵਜੋਂ ਪੁਸਤਕ ਪ੍ਰਦਰਸ਼ਨੀਆਂ ਲਾ ਰਿਹਾ ਸੀ। ਬਠਿੰਡੇ ਦੀ ਸੌ ਫੁੱਟੀ ਸੜਕ 'ਤੇ ਉਸ ਦੀ ਪੁਸਤਕ ਪ੍ਰਦਰਸ਼ਨੀ ਪੱਕੀ ਹੀ ਲੱਗੀ ਹੋਈ ਹੈ ਜਿਸ ਵਿਚ ਹਜ਼ਾਰਾਂ ਪੁਸਤਕਾਂ ਸੁਭਾਏਮਾਨ ਹਨ। ਉਸਦਾ ਕਹਿਣਾ ਸੀ ਕਿ ਇਉਂ ਮੈਂ ਸੈਂਕੜੇ ਵਿਦਵਾਨਾਂ ਦੀ ਸੰਗਤ ਮਾਣ ਰਿਹਾ ਹਾਂ।

ਮੇਰੇ ਸੰਪਰਕ ਵਿਚ ਉਹ ਢੁੱਡੀਕੇ ਦੀ ਸਾਹਿਤ ਸਭਾ ਰਾਹੀਂ ਆਇਆ ਸੀ। ਕਰਮਜੀਤ ਕੁੱਸਾ ਤੇ ਉਹ ਕਈ ਵਾਰ ਮੇਰੇ ਕੋਲ ਆਏ, ਕੰਵਲ ਨੂੰ ਮਿਲੇ ਤੇ ਕੁੱਸੇ ਜਾਂਦੇ ਰਹੇ। 1982 ਤੋਂ 85 ਤੱਕ ਮੈਂ ਸਚਿੱਤਰ ਕੌਮੀ ਏਕਤਾ ਵਿਚ 'ਪਹਿਰੇਦਾਰ' ਦੇ ਨਾਂ ਹੇਠ 'ਪਿੰਡ ਦੀ ਸੱਥ 'ਚੋਂ" ਕਾਲਮ ਲਿਖ ਹਟਿਆ ਤਾਂ ਉਹ ਮੇਰੀ ਪ੍ਰੇਰਨਾ ਨਾਲ 'ਅਜੀਤ' ਵਿਚ 'ਖੂੰਢ ਚਰਚਾ' ਕਾਲਮ ਲਿਖਣ ਲੱਗ ਪਿਆ। ਫਿਰ ਉਹ 'ਖੂੰਢ ਚਰਚਾ' ਵਾਲਾ ਲਾਭ ਸਿੰਘ ਸੰਧੂ ਵੱਜਣ ਲੱਗ ਪਿਆ।

ਬਰੈਂਪਟਨ ਵਿਚ ਮੇਰੇ ਪਾਸ ਉਹ ਦੀਆਂ ਕਿਤਾਬਾਂ 'ਗਭਰੂ ਪੁੱਤ ਪੰਜਾਬ ਦੇ' ਤੇ 'ਚੰਨ ਮਾਹੀ ਦੀਆਂ ਬਾਤਾਂ' ਪਈਆਂ ਹਨ। 'ਚੰਨ ਮਾਹੀ ਦੀਆਂ ਬਾਤਾਂ' ਕੌਮੀ ਤੇ ਕੌਮਾਂਤਰੀ ਪੱਧਰ ਦੇ ਖਿਡਾਰੀਆਂ ਦੀਆਂ ਪਤਨੀਆਂ ਨਾਲ ਕੀਤੇ ਇੰਟਰਵਿਊਜ਼ ਹਨ। ਏਸ਼ੀਅਨ ਖੇਡਾਂ 'ਚੋਂ ਪੰਜ ਮੈਡਲ ਜਿੱਤਣ ਵਾਲੇ ਗੋਲੇ ਤੇ ਡਿਸਕਸ ਦੇ ਸੁਟਾਵੇ ਪ੍ਰਦੁੱਮਣ ਸਿੰਘ ਬਾਰੇ ਕਦੇ ਮੈਂ ਲੇਖ ਲਿਖਿਆ ਸੀ 'ਭਗਤੇ ਦਾ ਸਰਪੰਚ'। ਏਸ਼ੀਆ ਦਾ ਚੈਂਪੀਅਨ ਹੋਣ ਕਰਕੇ ਪ੍ਰਦੁੱਮਣ ਸਿੰਘ ਨੂੰ ਤਾਂ ਜੱਗ ਜਾਣਦਾ ਸੀ ਪਰ ਉਸਦੀ ਪਤਨੀ ਨੂੰ ਆਂਢ-ਗੁਆਂਢ ਤੋਂ ਬਿਨਾਂ ਕੋਈ ਨਹੀਂ ਸੀ ਜਾਣਦਾ।

ਲਾਭ ਸਿੰਘ ਸੰਧੂ ਨੇ ਲਿਖਿਆ ਕਿ ਜਦੋਂ ਉਹ ਫੋਟੋਗਰਾਫਰ ਨਾਲ ਲੈ ਕੇ ਪ੍ਰਦੁੱਮਣ ਸਿੰਘ ਦੀ ਪਤਨੀ ਬਲਵੰਤ ਕੌਰ ਨੂੰ ਮਿਲਣ ਗਿਆ ਤਾਂ ਉਹ ਰਿੜਕਣੇ ਕੋਲ ਬੈਠੀ ਮਧਾਣੀ ਪੂੰਝ ਰਹੀ ਸੀ। ਉਸਨੇ ਹਥਲਾ ਕੰਮ ਵਿਚੇ ਛੱਡ ਦਿੱਤਾ ਤੇ ਉਨ੍ਹਾਂ ਨਾਲ ਗੱਲਾਂ ਕਰਨ ਲੱਗ ਪਈ। ਉਹਦੀਆਂ ਗੱਲਾਂ-ਬਾਤਾਂ ਤੋਂ ਹੀ ਪਾਠਕਾਂ ਨੂੰ ਪਤਾ ਲੱਗਾ ਕਿ ਪੰਜਾਬ ਦੇ ਮਹਾਨ ਖਿਡਾਰੀਆਂ ਦੀਆਂ ਪਤਨੀਆਂ ਆਪਣੇ 'ਚੰਨ ਮਾਹੀ' ਦੀਆਂ ਕਿਹੋ ਜਿਹੀਆਂ ਬਾਤਾਂ ਪਾਉਂਦੀਆਂ? ਪੇਸ਼ ਹਨ ਉਹਦੀ ਇੰਟਰਵਿਊ ਦੇ ਅੰਸ਼:

-ਮਾਤਾ ਜੀ, ਥੋਡੇ ਪੇਕੇ ਕਿੱਥੇ ਹਨ ਤੇ ਤੁਹਾਡਾ ਵਿਆਹ ਕਦੋਂ ਹੋਇਆ?

-ਮੇਰੇ ਪੇਕੇ ਭਾਈ ਰਾਜਗੜ੍ਹ ਐ ਸਰਦਾਰਾਂ ਵਾਲੇ। ਸਰਦਾਰ ਹੋਰਾਂ ਨਾਲ ਵਿਆਹ ਹੋਏ ਨੂੰ ਚਾਲੀ ਪੰਤਾਲੀ ਸਾਲ ਹੋ ਗਏ ਹੋਣੇ ਐਂ। ਓਦੋਂ ਬਸਰੇ ਦੀ ਲਾਮ ਲੱਗੀ ਸੀ।

-ਵਿਆਹ ਤੋਂ ਪਹਿਲਾਂ ਕਪਤਾਨ ਸਾਹਿਬ ਕੀ ਕਰਦੇ ਸਨ?

-ਸਾਡੇ ਮੰਗਣੇ ਤੋਂ ਥੋੜ੍ਹਾ ਚਿਰ ਪਿੱਛੋਂ ਇਹ ਫੌਜ ਵਿਚ ਭਰਤੀ ਹੋ ਗਏ। ਜਦੋਂ ਮੈਨੂੰ ਪਤਾ ਲੱਗਾ ਤਾਂ ਬਥੇਰਾ ਕਾਲਜਾ ਮੱਚਿਆ ਪਰ ਉਨ੍ਹਾਂ ਵੇਲਿਆਂ 'ਚ ਭਾਈ ਕੁੜੀਆਂ ਦੀ ਕੌਣ ਸੁਣਦਾ ਸੀ? ਸੋ ਕਾਲਜੇ 'ਤੇ ਪੱਥਰ ਰੱਖ ਲਿਆ। ਫੌਜ ਵਿਚ ਜਾ ਕੇ ਇਨ੍ਹਾਂ ਨੇ ਖੇਡਣਾ ਸ਼ੁਰੂ ਕੀਤਾ। ਪਰ ਬਾਹਰਲੇ ਮੁਲਕਾਂ ਵਿਚ ਵਿਆਹ ਤੋਂ ਪਿੱਛੋਂ ਈ ਗਏ ਐ। ਫੇਰ ਤਾਂ ਇਨ੍ਹਾਂ ਨੇ ਬਥੇਰੇ ਮੁਲਕ ਜਿੱਤੇ ਐ। ਅਠਾਰਾਂ ਮੁਲਕਾਂ ਵਿਚ ਇਹ ਗਏ ਐ ਤੇ ਜਿੱਤ ਕੇ ਈ ਮੁੜਦੇ ਰਹੇ ਐ। ਵੀਰਾ ਤਾਕਤ ਈ ਬਾਹਲੀ ਸੀ, ਇਨ੍ਹਾਂ ਦੀ ਖੁਰਾਕ ਵੀ ਖੁੱਲ੍ਹੀ ਸੀ। ਜਦੋਂ ਪਿੰਡ ਆਉਣਾ, ਘਰਦਾ ਘਿਓ ਲੈ ਜਾਣਾ, ਪੀਪਾ ਭਰ ਕੇ ਦੇਣਾ। ਓਥੇ ਵੀ ਖੁੱਲ੍ਹਾ ਖਾਣਾ, ਨਾਲੇ ਊਂ ਵੀ ਇਹ ਪਹਿਲਾਂ ਤੋਂ ਈ ਹੱਡਾਂ ਪੈਰਾਂ ਦੇ ਮੋਕਲੇ ਸੀ।

-ਤੁਸੀਂ ਵੀ ਕਦੇ ਇਨ੍ਹਾਂ ਨਾਲ ਖੇਡਾਂ ਵੇਖਣ ਗਏ ਸੀ?

-ਨਾ ਵੇ ਭਾਈ! ਓਦੋਂ ਜਨਾਨੀਆਂ ਨੂੰ ਕੌਣ ਨਾਲ ਲਿਜਾਂਦਾ ਸੀ? ਇਹ ਤਾਂ ਹੁਣ ਈ ਫੈਸ਼ਨ ਹੋ ਗਿਆ। ਸਾਡੇ ਵੇਲੇ ਜ਼ਮਾਨਾ ਹੋਰ ਸੀ। ਨਾਲੇ ਇਨ੍ਹਾਂ ਦਾ ਸੁਭਾਅ ਵੀ ਕੁਛ ਅੱਖੜ ਸੀ। ਊਂ ਆਪਣੀਆਂ ਜਿੱਤਾਂ ਬਾਰੇ ਦੱਸਦੇ ਜ਼ਰੂਰ ਸਨ ਤੇ ਤਗਮੇ ਵੀ ਦਿਖਾ ਦਿੰਦੇ ਸਨ। ਉਂਜ ਨੌਕਰੀ ਸਮੇਂ ਮੈਂ ਸੰਗਰੂਰ, ਝਾਂਸੀ, ਬੀਬੀ ਨੇ, ਇਨ੍ਹਾਂ ਕੋਲ ਰਹੀ ਜ਼ਰੂਰ ਆਂ। ਬਾਹਲਾ ਤਾਂ ਮੈਂ ਭਗਤੇ ਜਾਂ ਰਾਜਗੜ੍ਹ ਈ ਰਹੀ ਆਂ।

-ਥੋਡੀ ਆਪਸ ਵਿਚ ਬਣਦੀ ਤਾਂ ਬਹੁਤ ਹੋਣੀ ਐਂ?

-ਜੇ ਭਾਈ ਆਪਸ ਵਿਚ ਬਣਦੀ ਨਾ ਹੁੰਦੀ ਤਾਂ ਐਸ ਘਰੇ ਮੇਰੀ ਸੌਂਕਣ ਦਾ ਡੇਰਾ ਹੋਣਾ ਸੀ ਤੇ ਮੈਂ ਮਾਤ੍ਹੜ ਪੇਕੀਂ ਰੁਲਦੀ ਹੁੰਦੀ। ਵਿਆਹ ਤੋਂ ਦਸ ਸਾਲ ਪਿੱਛੋਂ ਵੀ ਜਦੋਂ ਮੇਰੇ ਕੋਈ ਜੁਆਕ ਜੱਲਾ ਨਾ ਹੋਇਆ ਤਾਂ ਬਾਪੂ ਜੀ ਇਨ੍ਹਾਂ ਨੂੰ ਦੂਜਾ ਵਿਆਹ ਕਰਵਾਉਣ ਲਈ ਜ਼ੋਰ ਪਾਉਣ ਲੱਗੇ। ਪਰ ਇਨ੍ਹਾਂ ਨੇ ਕਿਹਾ, ਜੇ ਦੂਜੀ ਦੇ ਵੀ ਜੁਆਕ ਨਾ ਹੋਇਆ ਫੇਰ? ਤੇ ਇਨ੍ਹਾਂ ਦੇ ਕੰਨ੍ਹਾਂ ਨਾ ਲਾਉਣ ਕਰਕੇ ਮੈਂ ਸੌਂਕਣ ਦੇ ਦੁੱਖੋਂ ਬਚ ਗਈ। ਫੇਰ ਵਾਹਿਗੁਰੂ ਨੇ ਸਾਡੀ ਵੀ ਸੁਣ ਲਈ ਤੇ ਆਹ ਜੁਆਕ ਹੋ ਗਿਆ। ਹੁਣ ਭਾਈ ਇਹਦੇ 'ਗਾਂਹ ਜੁਆਕ ਐ। ਸੁੱਖ ਨਾਲ ਜੜ੍ਹ ਲੱਗ ਗਈ। ਊਂ ਭਾਈ ਮਾੜਾ-ਮੋਟਾ ਖੜਕਾ ਦੜਕਾ ਤਾਂ ਘਰਾਂ 'ਚ ਚਲਦਾ ਈਰ ਹਿੰਦੈ। ਦੋ ਭਾਂਡੇ ਖੜਕਦੇ ਈ ਐ।

-ਮਾਤਾ, ਤੁਹਾਡਾ ਮੁੰਡਾ ਵੀ ਖਿਡਾਰੀ ਐ?

-ਊਂ ਤਾਂ ਭਾਈ ਏਹ ਬਥੇਰਾ ਤਕੜਾ ਸੀ। ਆਵਦੇ ਹਾਣੀਆਂ ਤੋਂ ਦੂਣਾ ਜ਼ੋਰ ਸੀ। ਸਾਵਾਂ ਪਿਉ ਵਰਗਾ, ਪਰ 'ਕੱਲਾ ਪੁੱਤ ਹੋਣ ਕਰਕੇ ਮੇਰਾ ਤੱਤੜੀ ਦਾ ਦਿਲ ਨੀ ਮੰਨਿਆਂ ਬਈ ਖੇਡ ਦਾ ਕਿਤੇ ਸੱਟ ਫੇਟ ਨਾ ਖਾ ਬੈਠੇ। ਸਰਦਾਰ ਜੀ ਨੇ ਬਥੇਰਾ ਜ਼ੋਰ ਲਾਇਆ ਬਈ ਇਹਨੂੰ ਖਿਡਾਰੀ ਬਣਾਈਏ ਪਰ ਮਾਂ ਦਾ ਦਿਲ ਸੀ। ਮੇਰਾ ਕਿਤੇ ਬਾਹਰ ਘੱਲਣ ਨੂੰ ਚਿੱਤ ਈ ਨੀ ਮੰਨਿਆ।

-ਜੇ ਪ੍ਰਦੁੱਮਣ ਸਿੰਘ ਖਿਡਾਰੀ ਨਾ ਹੁੰਦੇ ਤਾਂ ਥੋਨੂੰ ਕੀ ਫਰਕ ਪੈਂਦਾ?

-ਜੇ ਭਾਈ ਖਿਡਾਰੀ ਨਾ ਹੁੰਦੇ ਤਾਂ ਪਿੰਡ ਦੇ ਸਿਰ ਕੱਢਵੇਂ ਵੈਲੀ ਹੋਣੇ ਸੀ। ਏਡਾ ਕੱਦ-ਕਾਠ, ਅੰਨ੍ਹਾਂ ਜ਼ੋਰ ਤੇ ਫੇਰ ਜੱਟਾਂ ਵਾਲਾ ਅੜ੍ਹਬ ਸੁਭਾਅ। ਇਹ ਤਾਂ ਖੇਡਾਂ ਕਰਕੇ ਈ ਟਿਕਾਣੇ ਰਹੇ ਐ। ਨਹੀਂ ਤਾਂ ਕੋਈ ਬੰਦਾ ਮਾਰ ਦਿੰਦੇ ਤੇ ਜੇਲ੍ਹੀਂ ਰੁਲਦੇ। ਪਿੱਛੋਂ ਅਸੀਂ ਵੀ ਰੁਲਦੇ ਫਿਰਦੇ। ਬਾਕੀ ਭਾਈ ਆਹ ਤੂੰ ਮੇਰੀਆਂ ਫੋਟੂ ਖਿੱਚੀ ਜਾਨੈਂ ਤੇ ਮੇਰੀਆਂ ਗੱਲਾਂ ਬਾਤਾਂ ਲਿਖੀ ਜਾਨੈਂ। ਇਹ ਹੋਰ ਫੌਜਣਾਂ ਦੇ ਕਰਮਾਂ 'ਚ ਕਿੱਥੇ! ਹੋਰ ਫੌਜਣਾਂ ਤੋਂ ਤਾਂ ਨੀ ਇਹ ਗੱਲਾਂ ਪੁੱਛਦਾ ਹੋਏਗਾ। ਇਨ੍ਹਾਂ ਨੂੰ ਲੱਖਾਂ ਲੋਕ ਜਾਣਦੇ ਐ ਤੇ ਸਾਰੇ ਮਸ਼ਹੂਰ ਐ। ਫੌਜੀ ਤਾਂ ਹੋਰ ਵੀ ਬਥੇਰੇ ਐ ਪਰ ਉਨ੍ਹਾਂ ਦੀ ਕੌਣ ਸਾਰ ਲੈਂਦਾ? ਉਹ ਰਟੈਰ ਹੋਣ ਪਿੱਛੋਂ ਬਿਚਾਰੇ ਦਰ ਦਰ ਰੁਲਦੇ ਐ...।

*

ਬ੍ਰਿਟਿਸ਼ ਇੰਡੀਆ ਦੇ ਚੈਂਪੀਅਨ ਦੌੜਾਕ ਹਜ਼ੂਰਾ ਸਿੰਘ ਬੋਤਾ ਦੀ ਬਿਰਧ ਪਤਨੀ ਚੰਦ ਕੌਰ ਦੇ ਲਾਭ ਸਿੰਘ ਸੰਧੂ ਨਾਲ ਹੋਏ ਬਚਨ ਬਿਲਾਸ ਵੀ ਸੁਣ ਲਓ:

-ਮਾਤਾ ਜੀ, ਸੁਣਾਓ ਜ਼ਿੰਦਗੀ ਕਿਹੋ ਜਿਹੀ ਲੰਘ ਰਹੀ ਐ?

-ਜਿਉਂਦਾ ਰਹਿ ਪੁੱਤ! ਰੱਬ ਲੰਮੀਆਂ ਉਮਰਾਂ ਕਰੇ, ਰੰਗ ਭਾਗ ਲੱਗਣ। ਸ਼ੇਰਾ ਪਛਾਣਿਆ ਨੀ, ਕਿਹੜੇ ਪਿੰਡੋਂ ਐਂ?

-ਮਾਤਾ ਜੀ, ਮੈਂ ਬਠਿੰਡੇ ਤੋਂ ਆਇਆਂ। ਤੁਹਾਡੇ ਜੀਵਨ ਬਾਰੇ ਕੁਝ ਲਿਖਣਾ।

-ਵੇ ਪੁੱਤ ਹੁਣ ਸਾਡਾ ਕਾਹਦਾ ਜਿਉਣ ਐ, ਬੁੱਢੇਵਾਰੇ ਕਿਹੜੀਆਂ ਗੱਲਾਂ ਲਿਖੇਂਗਾ? ਹੁਣ ਤਾਂ ਨਾ ਪੱਲੇ ਸਰੀਰ ਐ, ਨਾ ਕੋਈ ਪੈਸਾ ਧੇਲਾ, ਬੱਸ ਮੌਤ ਦੇ ਦਿਨ ਗਿਣਦੇ ਐਂ। ਕੁਛ ਤਾਂ ਕਬੀਲਦਾਰੀ ਨੇ ਰੋਲਤੇ, ਬਾਕੀ ਗਰੀਬੀ ਲੈ ਬੈਠੀ। ਫੇਰ ਵੀ ਤੂੰ ਐਨੀ ਦੂਰੋਂ ਚੱਲ ਕੇ ਆਇਐਂ। ਪੁੱਛੀ ਚੱਲ ਪੁੱਤ, ਜਿੰਨੀ ਕੁ ਮੇਰੀ ਬੁੱਧ ਐ ਦੱਸ-ਦੂੰ।

-ਤੁਹਾਡਾ ਪੇਕਾ ਪਿੰਡ ਕਿਹੜਾ ਐ ਤੇ ਹਜ਼ੂਰਾ ਸਿੰਘ ਨਾਲ ਤੁਹਾਡਾ ਰਿਸ਼ਤਾ ਕਦੋਂ ਤੇ ਕਿਵੇਂ ਹੋਇਆ?

-ਪੇਕੇ ਤਾਂ ਪੁੱਤ ਮੇਰੇ ਆਹ ਨੇੜੇ ਈ ਐ ਸ਼ੇਖਪੁਰੇ। ਇਹ ਓਦੋਂ ਪਟਿਆਲੇ ਆਲੇ ਰਾਜੇ ਦੇ ਨੌਕਰ ਹੁੰਦੇ ਸੀ। ਮੇਰਾ ਪਿਓ ਇਨ੍ਹਾਂ ਨੂੰ ਦੇਖਣ ਗਿਆ ਤਾਂ ਓਥੇ ਖੇਡਾਂ ਹੋ ਰਹੀਆਂ ਸੀ। ਇਹ ਰਾਜੇ ਦੇ ਬਰਾਬਰ ਤੁਰੇ ਜਾਣ। ਮੇਰੇ ਪਿਉ ਨੇ ਰੁਪਈਆ ਫੜਾ ਤਾ। ਮੇਰਾ ਬਾਬਾ ਤੇ ਚਾਚਾ ਆਖਣ ਲੱਗੇ, ਮੁੰਡੇ ਦਾ ਨਾਨਕ ਦਾਦਕ ਤਾਂ ਪਤਾ ਕਰ ਲੈਂਦਾ। ਮੇਰਾ ਪਿਉ ਕਹਿੰਦਾ, ਉਹ ਤਾਂ ਰਾਜੇ ਦੇ ਬਰਾਬਰ ਬੈਠਾ ਸੀ। ਮੈਂ ਤਾਂ ਹੀ ਰੁਪਈਆ ਫੜਾ ਤਾ ਬਈ ਮੁੰਡਾ ਰਾਜੇ ਦੇ ਬਰੋਬਰ ਬੈਠਾ, ਕਿਸੇ ਚੰਗੇ ਘਰਾਣੇ ਦਾ ਈ ਹੋਊ।

-ਮੁੰਡੇ ਤਾਂ ਹੁਣ ਸੁੱਖ ਨਾਲ ਕਮਾਈਆਂ ਕਰਦੇ ਹੋਣੇ ਐਂ। ਕੋਈ ਖਿਡਾਰੀ ਵੀ ਬਣਿਆਂ ਕਿ ਨਹੀਂ?

-ਵੱਡਾ ਮੁੰਡਾ ਤਾਂ ਆਵਦੇ ਤਾਏ ਦੀ ਢੇਰੀ 'ਤੇ ਐ। ਛੋਟਾ ਠੇਲ੍ਹੇ 'ਤੇ ਡਲੈਵਰ ਐ। ਵਿਚਕਾਰਲਾ ਘਰੇ ਮਾੜੀ ਮੋਟੀ ਵਾਹੀ ਕਰੀ ਜਾਂਦੈ। ਥੋੜ੍ਹੀ ਭੋਇੰ ਦੀ ਕਾਹਦੀ ਵਾਹੀ ਵੀਰਾ, ਐਵੇਂ ਧੰਦ ਪਿੱਟਣ ਐਂ। ਬਾਕੀ ਵੀਰ ਕੁੜੀਆਂ ਦੀ ਡਾਰ ਜੰਮ ਪਈ। ਜ਼ਮੀਨ ਗਹਿਣੇ ਬੈਅ ਕਰ ਕੇ ਕੁੜੀਆਂ ਵਿਆਹੀਆਂ। ਹੁਣ ਰਹਿਗੇ ਖਾਲੀ ਹੱਥ। ਵੀਰਾ ਇਹ ਸੀ ਅਣਪੜ੍ਹ, ਦਫ਼ਤਰਾਂ 'ਚ ਅੱਜ-ਕੱਲ੍ਹ ਕੌਣ ਸਿਆਣਦੈ? ਪੈਸਾ ਕੋਲ ਕੋਈ ਨੀ ਸੀ, ਨਹੀਂ ਤਾਂ ਵੱਢੀ ਦੇ ਕੇ ਪਿਨਸ਼ਨ ਲੁਆ ਲੈਂਦਾ। ਵੋਟਾਂ ਆਲੇ ਆਉਂਦੇ ਐ,



ਅਖੇ ਪਿਨਸ਼ਨ ਲੁਆ ਦਿਆਂਗੇ। ਪਰ ਵੋਟਾਂ ਲੈ ਕੇ ਕੋਈ ਬਾਤ ਨੀ ਪੁੱਛਦਾ। ਹੁਣ ਜਵਾਂ ਈ ਰਹਿ ਖਲੋਤਾ। ਪਿੱਛੇ ਜੇ ਪਿਨਸ਼ਨ ਲੱਗੀ ਸੀ। ਦੋ ਕੁ ਸਾਲ ਮਿਲੀ, ਫੇਰ ਬੰਦ ਹੋਗੀ। ਅਖੇ ਸਰਕਾਰ ਕੋਲ ਪੈਸੇ ਹੈਣੀ। ਵੇ ਭਾਈ! ਜੇ ਤੇਰੀ ਕਿਤੇ ਸੂੰਹ ਸਿਆਣ ਵਾਲਾ ਐ ਤਾਂ ਤੂੰ ਈ ਮਾੜਾ ਮੋਟਾ ਉੱਤਾ ਵਾਚ। ਜੇ ਕੋਈ ਮਦਦ ਮਿਲਜੇ ਤਾਂ ਸਾਡਾ ਬੁਢਾਪਾ ਤਾਂ ਨਾ ਰੁਲੇ ...।

*

ਉਹਦੀ ਦੂਜੀ ਖੇਡ ਪੁਸਤਕ 'ਗਭਰੂ ਪੁੱਤ ਪੰਜਾਬ ਦੇ' ਵਿੱਚੋਂ ਹਜ਼ੂਰਾ ਸਿੰਘ ਬਾਰੇ ਪੜ੍ਹੋ: ਹਜ਼ੂਰਾ ਸਿੰਘ ਬੋਤਾ 1912 ਵਿਚ ਪਟਿਆਲਾ ਰਿਆਸਤ ਦੇ ਪਿੰਡ ਲਹਿਰੀ ਜ਼ਿਲ੍ਹਾ ਬਠਿੰਡਾ ਵਿਚ ਜਨਮਿਆ। ਉਹ ਨਾਮੀ ਐਥਲੀਟ ਹੋਇਆ ਜਿਸ ਨੇ 1936 ਤੋਂ 1940 ਤੱਕ ਭਾਰਤ ਤੇ ਸ੍ਰੀਲੰਕਾ ਦੇ ਐਥਲੀਟਾਂ ਨੂੰ ਪਛਾੜਦਿਆਂ ਅੱਧੀ ਮੀਲ ਤੇ ਇੱਕ ਮੀਲ ਦੌੜ ਦੇ ਨਵੇਂ ਰਿਕਾਰਡ ਬਣਾਏ। ਉਸ ਨੇ ਕੈਨੇਡਾ ਤੋਂ ਆਏ ਇੱਕ ਮੰਨੇ ਦੰਨੇ ਦੌੜਾਕ ਨੂੰ ਵੀ ਪਟਿਆਲੇ ਵਿਚ ਹਰਾਇਆ। ਦੌੜਦਿਆਂ ਲੰਮੀਆਂ ਉਲਾਂਘਾਂ ਭਰਦਾ ਹੋਣ ਕਰਕੇ ਉਹਦੇ ਨਾਂ ਨਾਲ ਬੋਤਾ ਜੁੜ ਗਿਆ। ਮਹਾਰਾਜਾ ਭੁਪਿੰਦਰ ਸਿੰਘ ਦਾ ਇਹ ਸ਼ਾਹੀ ਐਥਲੀਟ ਬੁਢਾਪੇ ਵਿਚ ਆਪਣੇ ਪਿੰਡ ਲਹਿਰੀ ਘੋਰ ਗਰੀਬੀ ਦੀ ਹਾਲਤ ਵਿਚ ਮਰਿਆ। ਇਸ ਸ਼ਾਹੀ ਐਥਲੀਟ ਨਾਲ ਹੋਈ ਆਖ਼ਰੀ ਮੁਲਾਕਾਤ ਜੋ 1 ਜਨਵਰੀ 1995 ਨੂੰ ਬਠਿੰਡਾ ਵਿਖੇ ਕੀਤੀ ਗਈ ਦੇ ਕੁੱਝ ਅੰਸ਼ ਸ਼ਰਧਾਂਜਲੀ ਵਜੋਂ ਪੇਸ਼ ਹਨ:

-ਬਾਬਾ ਜੀ ਤੁਸੀਂ ਖੇਡਾਂ ਵਾਲੇ ਪਾਸੇ ਕਿਵੇਂ ਆਏ?

-ਆਉਣਾ ਕਿਵੇਂ ਸੀ ਜੁਆਨਾਂ, ਬੱਸ ਰੱਬ-ਸਬੱਬੀਂ ਆ ਗਿਆ। ਵੱਡੇ ਭਾਈ ਨੂੰ ਫੌਜ ਵਿਚ ਘਿਓ ਦੇਣ ਗਿਆ ਸੀ। ਓਥੇ ਖੇਡਾਂ ਹੁੰਦੀਆਂ ਸੀ। ਮੈਂ ਕਿਹਾ, ਮੈਂ ਵੀ ਬਾਈ ਛਾਲ ਲਾ ਕੇ ਦੇਖ ਲਾਂ? ਬਾਈ ਨੇ ਅੰਗਰੇਜ਼ ਅਫ਼ਸਰ ਨਾਲ ਗਿੱਟਮਿੱਟ ਕੀਤੀ। ਅਫ਼ਸਰ ਕਹਿਣ ਲੱਗਾ, ਪਹਿਲੇ ਜੁਆਨ ਨਾਲੋਂ ਵੱਧ ਛਾਲ ਲਾਉਣੀ ਪਊ। ਮੈਂ ਲਾਂਗੜ ਕੱਢਿਆ ਤੇ ਉਹਦੇ ਜਿੰਨੀ ਉੱਚੀ ਛਾਲ ਮਾਰ ਕੇ ਰੱਸੀ ਟੱਪ ਗਿਆ। ਅੰਗਰੇਜ਼ ਅਫ਼ਸਰ ਬੈਲ ਡਨ-ਬੈਲਡ ਨ ਕਰਦਾ ਫਿਰੇ। ਉਹਨੇ ਓਥੇ ਈ ਮੈਨੂੰ ਭਰਤੀ ਕਰ ਲਿਆ। ਫੇਰ ਮੈਂ ਦੌੜਾਂ ਲਾਉਣ ਲੱਗ ਪਿਆ। ਜਦੋਂ ਮੈਂ ਲਾਹੌਰ ਅੱਵਲ ਦਰਜੇ 'ਤੇ ਆਇਆ ਤਾਂ ਉੱਥੇ ਪਟਿਆਲੇ ਵਾਲਾ ਰਾਜਾ ਬੈਠਾ ਸੀ। ਉਹਨੇ ਮੈਨੂੰ ਪਿੰਡ ਪੁੱਛਿਆ ਤੇ ਥਾਪੀ ਦੇ ਦਿੱਤੀ। ਉਹ ਮੈਨੂੰ ਆਵਦੇ ਨਾਲ ਹੀ ਪਟਿਆਲੇ ਲੈ ਆਇਆ। ਏਥੇ ਆ ਕੇ ਮੈਂ ਇੰਡੋ-ਸੀਲੋਨ ਡਿਊਲ ਮੀਟ 'ਚੋਂ ਅੱਵਲ ਆਇਆ। ਓਦੋਂ ਕਿਤੇ ਜੰਗ ਨਾ ਲੱਗਦੀ ਤਾਂ ਮੈਂ ਦੁਨੀਆ ਜਿੱਤ ਲੈਣੀ ਸੀ।

- ਓਥੇ ਖੁਰਾਕ ਤਾਂ ਚੰਗੀ ਮਿਲਦੀ ਹੋਊ?

-ਕਿਹੜੀ ਗੱਲ ਕਰਦੈਂ ਜੁਆਨਾਂ, ਅੰਨ੍ਹੀ ਖੁਰਾਕ ਮਿਲਦੀ ਸੀ। ਅੱਧ ਸੇਰ ਝਟਕਾ, ਦੋ ਸੇਰ ਦੁੱਧ, ਪਾਈਆ ਘਿਓ ਤੇ ਹੋਰ ਬਥੇਰਾ ਨਿੱਕ-ਸੁੱਕ ਖਾਣ ਨੂੰ ਮਿਲਦਾ ਸੀ। ਤਿੰਨ ਸੌ ਰੁਪਈਏ ਮਹੀਨੇ ਦੀ ਤਨਖਾਹ ਸੀ। ਰਾਜੇ ਦੇ ਬਰਾਬਰ ਕੁਰਸੀ ਡਹਿੰਦੀ ਸੀ।

-ਹੁਣ ਕੀ ਹਾਲ ਹੈ?

-ਕਾਹਦਾ ਹਾਲ ਸ਼ੇਰਾ, ਬੁਰੇ ਹਾਲ ਤੇ ਬੌਂਕੇ ਦਿਹਾੜੇ। ਰਾਜੇ ਦੇ ਮਰਨ ਪਿੱਛੋਂ ਨਵੇਂ ਹਾਕਮਾਂ ਨਾਲ ਮੇਰੀ ਮੀਜਾ ਨਾ ਮਿਲੀ ਤੇ ਮੈਂ ਪਿੰਡ ਆ ਗਿਆ। ਬਰਾਨੀ ਜ਼ਮੀਨ ਸੀ, ਫਸਲਵਾੜੀ ਹੁੰਦੀ ਨੀ ਸੀ। ਸਰਕਾਰ ਨੇ ਬਾਤ ਨਾ ਪੁੱਛੀ। ਇੱਕ ਵਾਰੀ ਗਿੱਲ ਸਾਹਿਬ ਨੇ ਬਠਿੰਡੇ ਵਾਲੇ ਡੀਸੀ ਨੂੰ ਕਹਿ ਕੇ ਪਿਨਸ਼ਨ ਲੁਆਈ ਸੀ। ਉਹ ਵੀ ਮਗਰੋਂ ਬੰਦ ਹੋਗੀ। ਹੁਣ ਤਾਂ ਰੱਬ ਆਸਰੇ ਹੀ ਡੰਗ ਸਰਦਾ। ਜਦੋਂ ਮਰ ਗਿਆ ਤਾਂ ਏਹੀ ਅਫ਼ਸਰ ਮੇਰੇ ਨਾਂ 'ਤੇ ਮੇਲੇ ਲਾਉਣਗੇ ਤੇ ਵੱਡੇ ਲੀਡਰ ਸੰਘ ਪਾੜ ਕੇ ਭਾਸ਼ਨ ਦੇਣਗੇ।

-ਨੌਜੁਆਨਾਂ ਨੂੰ ਕੋਈ ਸੁਨੇਹਾ?

ਸੁਨੇਹਾ ਸ਼ੇਰਾ ਕਾਹਦਾ, ਬੱਸ ਨਸ਼ੇ-ਪੱਤੇ ਤੋਂ ਬਚੇ ਰਹਿਣ। ਚੰਗੀ ਖੁਰਾਕ ਖਾਣ ਤੇ ਮਿਹਨਤ ਕਰਨ। ਅਸੀਂ ਤਾਂ ਹੁਣ ਨਦੀ ਕਿਨਾਰੇ ਰੁਖੜੇ ਆਂ, ਸਾਡੀ ਸਭ ਨੂੰ ਫਤਿਹ।

ਲਾਭ ਸਿੰਘ ਸੰਧੂ ਨੇ 1970 ਤੋਂ ਲਿਖਣਾ ਸ਼ੁਰੂ ਕੀਤਾ ਸੀ। ਪਹਿਲਾਂ ਕਵਿਤਾ ਲਿਖੀ, ਫਿਰ ਗੀਤ, ਗ਼ਜ਼ਲਾਂ ਤੇ ਰੁਬਾਈਆਂ। 1980 ਤੋਂ ਵਾਰਤਕ ਲਿਖਣ ਲੱਗ ਪਿਆ ਸੀ। ਵਾਰਤਕ ਦੇ ਨਮੂਨੇ ਤਾਂ ਵੇਖ ਹੀ ਲਏ ਨੇ, ਉਹਦੀ ਗ਼ਜ਼ਲ ਦਾ ਨਮੂਨਾ ਵੀ ਵੇਖ ਲਓ:

ਸਾਜ਼, ਸੰਗੀਤ, ਸਜ਼ਿੰਦੇ, ਸੀਖਾਂ ਅੰਦਰ ਨੇ
ਛਮ ਛਮ ਹੰਝੂ ਕੇਰੇ ਤਾਂ ਹੀ ਅੰਬਰ ਨੇ
ਨਾ ਰੂਹਾਂ ਦਾ ਮੇਲਾ ਨਾ ਰੁੱਤ ਮੌਲ ਰਹੀ
ਹਾਸੇ ਕੈਦੀ ਕੀਤੇ ਕਿਸੇ ਕਲੰਦਰ ਨੇ

1 ਮਈ ਨੂੰ ਉਹਦੇ ਨਮਿੱਤ ਪਾਠ ਦਾ ਭੋਗ ਪਾਇਆ ਜਾਵੇਗਾ ਤੇ ਸ਼ਰਧਾਂਜਲੀਆਂ ਦਿੱਤੀਆਂ ਜਾਣਗੀਆਂ।

---

## ਫ਼ਿਲਮਸਾਜ਼ ਸਤਿਆਜੀਤ ਰੇਅ

*(ਸਫਾ 19 ਦਾ ਬਾਕੀ)*

ਇਸ ਤੋਂ ਬਿਨਾਂ ਉਸ ਨੇ ਫਿਲਮਾਂ 'ਤੇ ਕਈ ਕਿਤਾਬਾਂ ਵੀ ਲਿਖੀਆਂ, ਜਿਨ੍ਹਾਂ ਵਿਚ ਪ੍ਰਸਿੱਧ ਹੈ 'ਅਵਰ ਫਿਲਮਜ਼ ਦੇਅਰ ਫ਼ਿਲਮਜ਼'। 1976 ਵਿਚ ਪ੍ਰਕਾਸ਼ਿਤ ਇਹ ਕਿਤਾਬ ਆਲੋਚਨਾ ਦਾ ਸੰਗ੍ਰਹਿ ਹੈ। ਇਸ ਦੇ ਪਹਿਲੇ ਭਾਗ ਵਿਚ ਭਾਰਤੀ ਸਿਨੇਮਾ ਦਾ ਵੇਰਵਾ ਹੈ ਤੇ ਦੂਜਾ ਹਾਲੀਵੁੱਡ 'ਤੇ ਕੇਂਦਰਿਤ ਹੈ। ਰੇਅ ਨੇ ਚਾਰਲੀ ਚੈਪਲਿਨ ਅਤੇ ਅਕੀਰਾ ਕੁਰੋਸਾਵਾ ਵਰਗੇ ਨਿਰਦੇਸ਼ਕਾਂ ਤੇ ਨਵ-ਯਥਾਰਥਵਾਦ ਜਿਹੇ ਵਿਸ਼ਿਆਂ 'ਤੇ ਵਿਸ਼ੇਸ਼ ਧਿਆਨ ਦਿੱਤਾ ਹੈ। 1976 ਵਿਚ ਹੀ ਇੱਕ ਹੋਰ ਕਿਤਾਬ 'ਵਿਸ਼ੇ ਚਲਚਿਤਰ' ਲਿਖੀ, ਜਿਸ ਵਿਚ ਸਿਨੇਮਾ ਦੇ ਵਿਭਿੰਨ ਪਹਿਲੂਆਂ ਬਾਰੇ ਸੰਖੇਪ ਵੇਰਵਾ ਹੈ। ਇਸ ਤੋਂ ਬਿਨਾਂ ਫ਼ਿਲਮਾਂ ਬਾਰੇ ਹੀ ਇੱਕ ਕਿਤਾਬ 'ਇਹਨੂੰ ਸੂਟਿੰਗ ਕਹਿੰਦੇ ਹਨ' ਅਤੇ ਫਿਲਮਾਂ 'ਤੇ ਹੋਰ ਲੇਖ ਵੀ ਪ੍ਰਕਾਸ਼ਿਤ ਹੋਏ ਹਨ।

ਰੇਅ ਨੇ ਬੇਤੁਕੀਆਂ ਕਵਿਤਾਵਾਂ ਦਾ ਇੱਕ ਸੰਗ੍ਰਹਿ "ਘੋੜੇ ਦੇ ਅੰਡਿਆਂ ਦਾ ਗੁੱਛਾ" (ਤੋੜਾਅ ਬਾਧਾ ਘੋੜਾਰ ਡਿਅ) ਵੀ ਲਿਖਿਆ, ਜਿਸ ਵਿਚ ਲੁਈਸ ਕੈਰੋਲ ਦੀ ਕਵਿਤਾ "ਜੰਬਰ ਰੋਕੀ" ਦਾ ਅਨੁਵਾਦ ਵੀ ਸ਼ਾਮਲ ਹੈ। ਉਸ ਨੇ ਬੰਗਲਾ ਵਿਚ ਮੁੱਲਾ ਨਸਰੂਦੀਨ ਦੀਆਂ ਕਹਾਣੀਆਂ ਦਾ ਸੰਗ੍ਰਹਿ ਵੀ ਛਪਵਾਇਆ। ਰੇਅ ਨੇ ਆਪਣੇ ਜੀਵਨ ਵਿਚ 37 ਫਿਲਮਾਂ ਦਾ ਨਿਰਦੇਸ਼ਨ ਦਿੱਤਾ, ਜਿਨ੍ਹਾਂ ਵਿਚ ਫ਼ੀਚਰ, ਡਾਕੂਮੈਂਟਰੀ ਅਤੇ ਲਘੂ ਫਿਲਮਾਂ ਸ਼ਾਮਲ ਹਨ। ਹਿੰਦੀ ਸਿਨੇਮਾ ਨੂੰ ਵੀ ਉਹਨੇ 'ਸਦਗਤੀ' ਅਤੇ 'ਸ਼ਤਰੰਜ ਕੇ ਖਿਲਾੜੀ' ਜਿਹੀਆਂ ਯਾਦਗਾਰੀ ਫ਼ਿਲਮਾਂ ਪ੍ਰਦਾਨ ਕੀਤੀਆਂ ਹਨ। ਉਹਦੀ ਪਹਿਲੀ ਫਿਲਮ 'ਪਾਥੇਰ ਪਾਂਚਾਲੀ' (1955) ਨੂੰ ਕਾਨ ਫੈਸਟੀਵਲ ਵਿਚ 'ਸਰਵੋਤਮ ਮਾਨਵੀ ਪ੍ਰਾਲੇਖ ਪੁਰਸਕਾਰ' ਸਮੇਤ ਕੁੱਲ ਗਿਆਰਾਂ ਅੰਤਰਰਾਸ਼ਟਰੀ ਪੁਰਸਕਾਰ ਮਿਲੇ। ਵਿਸ਼ਵ ਵਿਚ ਭਾਰਤੀ ਫਿਲਮਾਂ ਨੂੰ ਨਵੀਂ ਪਛਾਣ ਦਿਵਾਉਣ ਵਾਲੇ ਰੇਅ ਨੂੰ ਭਾਰਤ ਰਤਨ (1992) ਤੋਂ ਇਲਾਵਾ ਪਦਮਸ਼੍ਰੀ (1958), ਪਦਮ ਭੂਸ਼ਣ (1965), ਪਦਮਵਿਭੂਸ਼ਨ (1971), ਰੇਮਨ ਮੈਗਸੇਸੇ ਪੁਰਸਕਾਰ (1967) ਨਾਲ ਸਨਮਾਨਿਤ ਕੀਤਾ ਗਿਆ। ਵਿਸ਼ਵ ਸਿਨੇਮਾ ਨੂੰ ਵਿਲੱਖਣ ਯੋਗਦਾਨ ਦੇਣ ਬਦਲੇ ਰੇਅ ਨੂੰ 'ਆਨਰੇਰੀ ਆਸਕਰ ਅਵਾਰਡ' ਵੀ ਪ੍ਰਦਾਨ ਕੀਤਾ ਗਿਆ।

ਉਕਤ ਤੋਂ ਬਿਨਾਂ ਉਸ ਨੂੰ ਕੁੱਲ 32 ਰਾਸ਼ਟਰੀ ਪੁਰਸਕਾਰ ਮਿਲੇ। ਰੇਅ ਨੂੰ ਹੋ ਵੀ ਬਹੁਤ ਸਾਰੇ ਇਨਾਮ-ਸਨਮਾਨ ਤੇ ਪੁਰਸਕਾਰ ਪ੍ਰਾਪਤ ਹੋਏ। ਆਕਸਫੋਰਡ ਯੂਨੀਵਰਸਿਟੀ ਵੱਲੋਂ ਆਨਰੇਰੀ ਡਾਕਟਰੇਟ ਦੀ ਡਿਗਰੀ ਪ੍ਰਦਾਨ ਕੀਤੀ ਗਈ। ਚਾਰਲੀ ਚੈਪਲਿਨ ਪਿੱਛੋਂ ਇਹ ਸਨਮਾਨ ਪ੍ਰਾਪਤ ਕਰਨ ਵਾਲਾ ਉਹ ਪਹਿਲਾ ਫਿਲਮ ਨਿਰਦੇਸ਼ਕ ਸੀ। 1985 ਵਿਚ ਉਸਨੂੰ ਦਾਦਾ ਸਾਹਿਬ ਫਾਲਕੇ ਮਿਲਿਆ। ਮੌਤ ਤੋਂ ਕੁਝ ਸਮਾਂ ਪਹਿਲਾਂ ਅਕਾਦਮੀ ਪੁਰਸਕਾਰ ਅਤੇ ਭਾਰਤ ਦਾ ਸਰਵਉੱਚ ਸਨਮਾਨ 'ਭਾਰਤ ਰਤਨ' ਪ੍ਰਦਾਨ ਕੀਤਾ ਗਿਆ। ਮੌਤ ਪਿੱਛੋਂ ਉਹਨੂੰ ਸਾਨ ਫਰਾਂਸਿਸਕੋ ਅੰਤਰਰਾਸ਼ਟਰੀ ਫਿਲਮ ਉਤਸਵ ਵਿਚ 'ਅਕਿਰਾ ਕਰੋਸਾਵਾ ਪੁਰਸਕਾਰ' ਪ੍ਰਦਾਨ ਕੀਤਾ ਗਿਆ, ਜਿਸਨੂੰ ਸ਼ਰਮੀਲਾ ਟੈਗੋਰ ਨੇ ਪ੍ਰਾਪਤ ਕੀਤਾ।

1973 ਵਿਚ ਫ਼ਿਲਮ 'ਘਾਰੇ ਬਾਇਰੇ' 'ਤੇ ਕੰਮ ਕਰਦਿਆਂ ਉਸ ਨੂੰ ਦਿਲ ਦਾ ਦੌਰਾ ਪਿਆ। ਇਸ ਫ਼ਿਲਮ ਨੂੰ ਉਹਨੇ ਪਿੱਛੋਂ ਆਪਣੇ ਬੇਟੇ ਸੰਦੀਪ ਰੇਅ ਦੀ ਮਦਦ ਨਾਲ 1974 ਵਿਚ ਪੂਰਾ ਕੀਤਾ। 1992 ਵਿਚ ਦਿਲ ਦੀ ਕਮਜ਼ੋਰੀ ਕਰਕੇ ਉਹਦੀ ਸਿਹਤ ਲਗਾਤਾਰ ਵਿਗੜਦੀ ਗਈ ਅਤੇ 23 ਅਪਰੈਲ 1992 ਵਿਚ ਉਸਦਾ ਦਿਹਾਂਤ ਹੋ ਗਿਆ। ਉਸਦੀ ਮੌਤ 'ਤੇ ਕੋਲਕਾਤਾ ਸ਼ਹਿਰ ਦੇ ਹਜ਼ਾਰਾਂ ਲੋਕ ਉਸ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਆਏ।

ਭਾਰਤੀ ਫ਼ਿਲਮਾਂ ਨੂੰ ਵਿਲੱਖਣ ਯੋਗਦਾਨ ਦੇਣ ਵਾਲੇ ਇਸ ਫ਼ਿਲਮਸਾਜ਼ ਦਾ ਨਾਂ ਹਮੇਸ਼ਾ ਅਮਰ ਰਹੇਗਾ!

# ਖਟਮਿੱਠੀ ਯਾਦ: ਬਦਲੀਆਂ ਤਾਂ ਬੰਦਿਆਂ ਨੂੰ ਪਰਖਦੀਆਂ

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

2008 ਦੇ ਸਤੰਬਰ ਦਾ ਆਰੰਭ। ਮੈਂ ਦੋ ਸਾਲ ਦੀ ਛੁੱਟੀ ਲੈ ਕੇ ਕੈਨੇਡਾ ਗਿਆ ਸਾਂ ਅਤੇ ਸਤੰਬਰ ਦੇ ਅਖੀਰ ਵਿਚ ਮੈਂ ਵਾਪਸ ਆ ਕੇ ਡਿਊਟੀ 'ਤੇ ਹਾਜ਼ਰ ਹੋਣਾ ਸੀ। ਇਸ ਤੋਂ ਪਹਿਲਾਂ ਹੀ ਰਣਧੀਰ ਕਾਲਜ ਤੋਂ ਰਜਿਸਟਰਡ ਚਿੱਠੀ ਆਈ ਕਿ ਤੁਹਾਡੀ ਬਦਲੀ ਸਰਕਾਰੀ ਕਾਲਜ ਮੁਕਤਸਰ ਦੀ ਹੋ ਗਈ ਹੈ। ਤੁਹਾਨੂੰ ਕਾਲਜ ਤੋਂ ਰਿਲੀਵ ਕਰ ਦਿੱਤਾ ਗਿਆ ਅਤੇ ਹਫ਼ਤੇ ਦੇ ਅੰਦਰ-ਅੰਦਰ ਨਵੀਂ ਪੋਸਟਿੰਗ ਤੇ ਹਾਜ਼ਰ ਹੋਵੋ ਵਰਨਾ ਤੁਹਾਡੇ 'ਤੇ ਵਿਭਾਗੀ ਕਾਰਵਾਈ ਕੀਤੀ ਜਾਵੇਗੀ। ਇਹ ਤਾਂ ਪਤਾ ਸੀ ਕਿ ਰਣਧੀਰ ਕਾਲਜ ਵਿਚ ਫਿਜ਼ਿਕਸ ਦੀ ਇਕ ਪੋਸਟ ਖ਼ਤਮ ਹੋਣ ਨਾਲ, ਮੇਰੀ ਬਦਲੀ ਹੋ ਸਕਦੀ ਹੈ। ਮੈਨੂੰ ਆਸ ਸੀ ਕਿ ਸਤੰਬਰ ਦੇ ਅਖੀਰ ਵਿਚ ਪੰਜਾਬ ਜਾ ਕੇ ਬਦਲੀ ਬਾਰੇ ਕੋਈ ਚਾਰਾਜੋਈ ਤਾਂ ਕੀਤੀ ਜਾ ਸਕਦੀ ਹੈ, ਪਰ ਉਹ ਸਮਾਂ ਆਉਣ ਤੋਂ ਪਹਿਲਾਂ ਹੀ ਬਦਲੀ ਕਰਕੇ ਰਿਲੀਵ ਕਰ ਦੇਣ ਪਿੱਛੇ ਕੀ ਰਾਜ਼ ਹੋ ਸਕਦੈ, ਇਸ ਦਾ ਭੇਤ ਵੀ ਕੁਝ ਸਮੇਂ ਬਾਅਦ ਹੀ ਖੁੱਲ੍ਹ ਗਿਆ। ਦਰਅਸਲ ਉਸ ਸਮੇਂ ਸਿੱਖਿਆ ਮੰਤਰੀ ਬੀਬੀ ਕਪੂਰਥਲੇ ਦੀ ਸੀ ਅਤੇ ਕਾਲਜ ਵਿਚ ਦੋ ਕੁ ਪ੍ਰੋਫੈਸਰ ਅਜੇਹੇ ਸਨ, ਜਿਨ੍ਹਾਂ ਨੂੰ ਕਾਲਜ ਵਿਚ ਮੇਰੀ ਹੋਂਦ ਖਟਕਦੀ ਸੀ। ਉਹ ਦੋਵੇਂ ਬੀਬੀ ਦੇ ਬਹੁਤ ਨੇੜਲੇ ਸਨ ਅਤੇ ਉਨ੍ਹਾਂ ਨੇ ਬੀਬੀ ਮੰਤਰੀ ਰਾਹੀਂ ਮੇਰੇ ਪੰਜਾਬ ਵਾਪਸ ਪਰਤਣ 'ਤੋਂ ਪਹਿਲਾਂ ਹੀ ਮੈਨੂੰ ਰਿਲੀਵ ਕਰਵਾ ਦਿੱਤਾ ਤਾਂ ਕਿ ਮੇਰੇ ਰਣਧੀਰ ਕਾਲਜ ਵਿਖੇ ਰਹਿ ਜਾਣ ਦੀ ਕੋਈ ਸੰਭਾਵਨਾ ਨਾ ਰਹੇ। ਇਸ ਤਿਕੜਮਬਾਜ਼ੀ ਵਿਚ ਉਸ ਸਮੇਂ ਦੇ ਕਾਲਜਾਂ ਦੇ ਡੀ.ਪੀ.ਆਈ. ਜੋ ਰਣਧੀਰ ਕਾਲਜ ਤੋਂ ਹੀ ਪ੍ਰਮੋਟ ਹੋ ਕੇ ਡੀ.ਪੀ.ਆਈ. ਬਣੇ ਸਨ, ਵੀ ਸ਼ਾਮਲ ਸੀ।

ਕੁਝ ਲੋਕਾਂ ਦੀ ਫ਼ਿਤਰਤ ਹੁੰਦੀ ਕਿ ਉਹ ਆਪ ਉੱਚਾ ਉੱਠਣ ਦੀ ਬਜਾਏ ਕਿਸੇ ਨੂੰ ਨੀਵਾਂ ਦਿਖਾ ਕੇ ਆਪ ਉੱਚਾ ਹੋਣ ਦਾ ਭਰਮ ਪਾਲਦੇ। ਇਹ ਨਿਰਾ ਉਨ੍ਹਾਂ ਦਾ ਭਰਮ ਹੀ ਰਹਿ ਜਾਂਦਾ ਕਿਉਂਕਿ ਉੱਪਰ ਉੱਠਣ ਵਾਲੇ ਕਿਸੇ ਨੂੰ ਨੀਵਾਂ ਦਿਖਾ ਕੇ ਉੱਪਰ ਨਹੀਂ ਉੱਠਦੇ। ਇਹ ਉਨ੍ਹਾਂ ਦੀ ਨਿਸ਼ਠਾ, ਲਗਨ, ਸਿਰੜ ਅਤੇ ਮਿਹਨਤ ਦਾ ਇਵਜ਼ਾਨਾ ਹੁੰਦਾ ਜੋ ਉਨ੍ਹਾਂ ਦਾ ਹਾਸਲ ਹੁੰਦਾ। ਅਜੇਹੀ ਜ਼ਹਿਨੀਅਤ ਵਾਲੇ ਅਕਸਰ ਹੀ ਹਰੇਕ ਅਦਾਰੇ ਵਿਚ ਕੰਮ ਕਰਦਿਆਂ, ਆਪਣੇ ਕਿਰਦਾਰ ਰਾਹੀਂ ਜੱਗ-ਜਾਹਰ ਹੋ ਜਾਂਦੇ। ਵਕਤ ਜ਼ਰੂਰ ਲੱਗਦਾ ਹੈ। ਫਿਰ ਅਜੇਹੀ ਬਿਮਾਰ ਮਾਨਸਿਕਤਾ ਵਾਲੇ ਵਿਅਕਤੀ ਸਿਰਫ਼ ਨਮੋਸ਼ੀ ਹੰਢਾਉਣ ਜੋਗੇ ਹੀ ਰਹਿ ਜਾਂਦੇ।

ਮੈਂ ਸਤੰਬਰ ਦੇ ਅਖੀਰ ਵਿਚ ਪੰਜਾਬ ਜਾ ਕੇ ਸਰਕਾਰੀ ਕਾਲਜ ਮੁਕਤਸਰ ਵਿਖੇ ਆਪਣੀ ਡਿਊਟੀ 'ਤੇ ਹਾਜ਼ਰ ਹੋ ਗਿਆ। ਮੁਕਤਸਰ ਵਿਖੇ ਕਾਰਜਕਾਰੀ ਪ੍ਰਿੰਸੀਪਲ ਨੂੰ ਵੀ ਪਤਾ ਸੀ ਕਿ ਇਹ ਬਦਲੀ ਮੈਨੂੰ ਸਜ਼ਾ ਦੇਣ ਲਈ ਕੀਤੀ ਗਈ। ਸਵੇਰੇ ਪੰਜ ਵਜੇ ਘਰੋਂ ਤੁਰ ਕੇ ਰੇਲਵੇ ਸਟੇਸ਼ਨ 'ਤੇ ਜਾਣਾ, ਕਪੂਰਥਲੇ ਤੋਂ ਟਰੇਨ ਲੈ ਕੇ ਫ਼ਿਰੋਜ਼ਪੁਰ ਛਾਉਣੀ ਪਹੁੰਚਣਾ, ਆਟੋ ਰਿਕਸ਼ਾ ਲੈ ਕੇ ਬੱਸ ਅੱਡੇ 'ਤੇ ਜਾਣਾ ਅਤੇ ਫਿਰ ਬੱਸ ਲੈ ਕੇ ਦਸ ਕੁ ਵਜੇ ਮੁਕਤਸਰ ਕਾਲਜ ਵਿਖੇ ਪਹੁੰਚਣਾ। ਪਰ ਕਪੂਰਥਲੇ ਤੋਂ ਫ਼ਿਰੋਜ਼ਪੁਰ ਦੇ ਟਰੇਨ ਸਫ਼ਰ ਦੌਰਾਨ ਸਾਹਿਤ ਪੜ੍ਹਨ ਅਤੇ ਲਿਖਣ ਕਾਰਨ ਸਫ਼ਰ ਦਾ ਪਤਾ ਹੀ ਨਾ ਲੱਗਦਾ। ਰੇਲਗੱਡੀ ਦੇ ਸਫ਼ਰ ਦੌਰਾਨ ਆਲੇ-ਦੁਆਲੇ ਦੀਆਂ ਸਵਾਰੀਆਂ ਦੀ ਮਾਨਸਿਕਤਾ ਨੂੰ ਪੜ੍ਹਦਿਆਂ ਅਤੇ ਉਨ੍ਹਾਂ ਦੇ ਹਾਵਾਂ-ਭਾਵਾਂ ਵਿਚੋਂ ਜੀਵਨ ਦੇ ਵੱਖਰੇ ਨਕਸ਼ ਚਿੱਤਵਦਿਆਂ, ਬਹੁਤ ਕੁਝ ਸਿੱਖਣ ਤੇ ਸਮਝਣ ਦਾ ਯਤਨ ਕਰਦਾ। ਦਰਅਸਲ ਇਹ ਸਫ਼ਰ ਵੀ ਮੇਰੇ ਨਜ਼ਰੀਏ ਨੂੰ ਵਿਸ਼ਾਲਣ ਵਿਚ ਸਹਾਈ ਹੋਇਆ। ਮੈਂ ਜ਼ਿੰਦਗੀ ਦੇ ਕੁਝ ਸੱਚ ਨੂੰ ਬਹੁਤ ਨੇੜਿਓਂ ਜਾਣ ਸਕਿਆ ਅਤੇ ਇਸ ਨਵੇਂ ਪੜਾਅ ਵਿਚ ਵੀ ਜ਼ਿੰਦਗੀ ਦੇ ਹਰ ਪਲ ਨੂੰ ਮਾਣਨ ਲੱਗਾ।

ਇਸ ਦੌਰਾਨ ਮੇਰੇ ਬਹੁਤ ਹੀ ਕਰੀਬੀ ਟਰਾਂਸਪੋਰਟ ਮੰਤਰੀ ਜੀ ਨੇ ਬੀਬੀ ਮੰਤਰੀ ਨੂੰ ਮਿਲ ਕੇ ਮੇਰੀ ਬਦਲੀ ਕਪੂਰਥਲਾ ਕਰ ਦੇਣ ਲਈ ਕਿਹਾ ਤਾਂ ਉਸ ਨੇ ਬਹੁਤ ਹੀ ਬੇਹੂਦਗੀ ਨਾਲ ਕੋਰਾ ਜਵਾਬ ਦੇ ਦਿੱਤਾ ਕਿਉਂਕਿ ਕੰਨਾਂ ਦੇ ਕੱਚਿਆਂ ਲਈ ਚੁੱਕ ਬਹੁਤ ਹੀ ਮਾੜੀ ਹੁੰਦੀ ਆ। ਵੈਸੇ ਬੀਬੀ ਮੈਨੂੰ ਵੀ ਚੰਗੀ ਤਰ੍ਹਾਂ ਜਾਣਦੀ ਸੀ, ਕਿਉਂਕਿ ਬੀਬੀ ਦੇ ਚਾਚਾ ਪਰਿਵਾਰ ਨਾਲ ਮੇਰੇ ਨੇੜਲੇ ਸਬੰਧ ਸਨ। ਮੇਰੇ ਮਾਮਾ ਜੀ ਜੋ ਆਪਣੇ ਆਪ ਨੂੰ ਬੀਬੀ ਦੇ ਨੇੜੇ ਸਮਝਦੇ ਸਨ, ਜਦ ਉਨ੍ਹਾਂ ਨੇ ਬੀਬੀ ਨੂੰ ਮਿਲ ਕੇ ਮੇਰੀ ਬਦਲੀ ਨੂੰ ਰੱਦ ਕਰਨ ਲਈ ਕਿਹਾ ਤਾਂ ਉਨ੍ਹਾਂ 'ਤੋਂ ਵੀ ਬੜੀ ਬੇਰੁਖ਼ੀ ਨਾਲ ਕੋਰਾ ਜਵਾਬ ਮਿਲਿਆ। ਦਰਅਸਲ ਕਈ ਵਾਰ ਹਮਦਰਦਾਂ ਨਾਲੋਂ ਆਪਣੇ ਕਬੀਲੇ ਵਾਲਿਆਂ ਦੇ ਇਕ ਦੋ ਬੰਦਿਆਂ ਦੇ ਢਹੇ ਚੜ੍ਹ ਕੇ ਕਿੜ ਕੱਢਣਾ, ਮਹਿੰਗਾ ਤਾਂ ਪੈਂਦਾ ਪਰ ਸਮਾਂ ਲੱਗ ਜਾਂਦਾ ਹੈ।

ਮੈਂ ਸੋਚਿਆ ਹਰ ਰੋਜ਼ ਪੰਜ ਘੰਟੇ ਸਫ਼ਰ ਦੀ ਖੱਜਲਖੁਆਰੀ ਦੀ ਨੌਕਰੀ ਕਰਨ ਨਾਲੋਂ ਬਿਹਤਰ ਹੈ ਕਿ ਰਿਟਾਇਰਮੈਂਟ ਲੈ ਕੇ ਕੈਨੇਡਾ ਵਾਪਸ ਚਲੇ ਜਾਵਾਂ। ਮੈਂ ਨੌਕਰੀ ਤੋਂ ਪੂਰਵ ਰਿਟਾਇਰਮੈਂਟ ਲਈ ਤਿੰਨ ਮਹੀਨੇ ਦਾ ਨੋਟਿਸ ਵਿਭਾਗ ਨੂੰ ਭੇਜ ਦਿੱਤਾ। ਜਦ ਬੀਬੀ ਮੰਤਰੀ ਨੂੰ ਇਸ ਨੋਟਿਸ ਦਾ ਪਤਾ ਲੱਗਾ ਤਾਂ ਉਸ ਨੇ ਟਰਾਂਸਪੋਰਟ ਮੰਤਰੀ ਜੀ ਨੂੰ ਸੁਨੇਹਾ ਭੇਜਿਆ ਕਿ ਪ੍ਰੋ ਭੰਡਾਲ ਨੂੰ ਕਹੋ ਕਿ ਉਹ ਆਪਣਾ ਨੋਟਿਸ ਵਾਪਸ ਲੈ ਲਵੇ। ਹੁਣ ਮੈਂ ਉਸ ਦੀ ਬਦਲੀ ਸਰਕਾਰੀ ਕਾਲਜ ਲੁਧਿਆਣਾ ਦੀ ਕਰ ਦਿੰਦੀ ਹਾਂ ਅਤੇ ਜੂਨ-ਜੁਲਾਈ ਵਿਚ ਆਮ ਬਦਲੀਆਂ ਦੌਰਾਨ ਉਹ ਰਣਧੀਰ ਕਪੂਰਥਲੇ ਕਾਲਜ ਆ ਜਾਵੇਗਾ। ਟਰਾਂਸਪੋਰਟ ਮੰਤਰੀ ਨੇ ਦਾਈਏ ਨਾਲ ਮੈਨੂੰ ਇਹ ਸਲਾਹ ਮੰਨਣ ਲਈ ਕਿਹਾ ਤਾਂ ਮੈਂ ਨਾਂਹ ਨਾ ਕਰ ਸਕਿਆ। ਮੈਂ ਟਰਾਂਸਪੋਰਟ ਮੰਤਰੀ ਜੀ ਨੂੰ ਆਪਣਾ ਨੋਟਿਸ ਵਾਪਸ ਲੈਣ ਦਾ ਲਿਖ ਕੇ ਦੇ ਦਿੱਤਾ ਅਤੇ ਤੀਸਰੇ ਦਿਨ ਉਹ ਆਪ ਹੀ ਮੇਰੀ ਬਦਲੀ ਦੇ ਆਰਡਰ ਲੈ ਕੇ ਆ ਗਏ। ਇਹ ਜਨਵਰੀ 2009 ਦਾ ਆਖ਼ਰੀ ਹਫ਼ਤਾ ਸੀ। ਮੈਂ ਅਗਲੇ ਦਿਨ ਮੁਕਤਸਰ ਕਾਲਜ ਗਿਆ। ਪਹਿਲਾਂ ਸਾਰੀਆਂ ਕਲਾਸਾਂ ਨੂੰ ਪੜ੍ਹਾਇਆ ਅਤੇ ਫਿਰ ਮੈਂ ਰਿਲੀਵ ਹੋ ਕੇ ਅਗਲੇ ਦਿਨ ਸਰਕਾਰੀ ਕਾਲਜ ਲੁਧਿਆਣਾ ਵਿਖੇ ਡਿਊਟੀ 'ਤੇ ਹਾਜ਼ਰ ਹੋ ਗਿਆ।

ਦਰਅਸਲ ਮੈਂ ਅਤੇ ਟਰਾਂਸਪੋਰਟ ਮੰਤਰੀ ਜੀ ਬੀਬੀ ਮੰਤਰੀ ਦੀ ਇਸ ਚਾਲ ਪਿੱਛੇ ਕੰਮ ਕਰਦੇ ਉਨ੍ਹਾਂ ਪ੍ਰੋਫੈਸਰਾਂ ਦੀ ਮਨਸ਼ਾ ਨਾ ਸਮਝ ਸਕੇ, ਕਿ ਉਹ ਕਿਸੇ ਵੀ ਕੀਮਤ ਤੇ ਮੇਰਾ ਰਣਧੀਰ ਕਾਲਜ ਕਪੂਰਥਲੇ ਆ ਜਾਣਾ ਬਰਦਾਸ਼ਤ ਕਰਨ ਲਈ ਤਿਆਰ ਨਹੀਂ ਸਨ। ਉਹ ਹਰ ਤਰੀਕੇ ਬੀਬੀ ਮੰਤਰੀ ਰਾਹੀਂ ਆਪਣੀ ਹਰ ਮਾੜੀ ਭਾਵਨਾ ਨੂੰ ਸਿਰੇ ਚਾੜ੍ਹਨ ਲਈ ਯਤਨਸ਼ੀਲ ਸਨ। ਹੋਇਆ ਵੀ ਇੰਝ ਹੀ ਕਿ ਆਮ ਬਦਲੀਆਂ ਵਿਚ ਮੇਰੀ ਬਦਲੀ ਨਾ ਹੋਈ ਅਤੇ ਮੇਰੇ 'ਤੋਂ ਬੇਮਤਲਬ ਖ਼ਾਰ ਖਾਣ ਵਾਲੇ ਪ੍ਰੋਫੈਸਰ ਆਪਣੇ ਮਕਸਦ ਵਿਚ ਫਿਰ ਕਾਮਯਾਬ ਹੋ ਗਏ। ਇਹ ਸੱਚ ਬੀਬੀ ਮੰਤਰੀ ਦੇ ਖ਼ਾਸਮ-ਖ਼ਾਸ ਵਿਅਕਤੀਆਂ ਨੇ ਮੈਨੂੰ ਵੀ ਦੱਸ ਦਿੱਤਾ ਸੀ ਜਿਨ੍ਹਾਂ ਨੇ ਬੀਬੀ ਦੀ ਹਾਜ਼ਰੀ ਵਿਚ ਇਹ ਸੱਚ ਸੁਣਿਆ ਸੀ।




ਪਰ ਇਹੀ ਤਾਂ ਸਮਾਂ ਹੁੰਦਾ ਜਦੋਂ ਤੁਹਾਨੂੰ ਥਿੜਕਾਉਣ ਲਈ ਬਿਮਾਰ ਮਾਨਸਿਕਤਾ ਵਾਲੇ ਲੋਕ ਹਰ ਤਿਕੜਮਬਾਜ਼ੀ ਵਰਤਦੇ। ਉਨ੍ਹਾਂ ਦਾ ਅਤੇ ਬੀਬੀ ਮੰਤਰੀ ਦਾ ਸੋਚਣਾ ਸੀ ਕਿ ਸ਼ਾਇਦ ਮੈਂ ਬੀਬੀ ਸਾਹਵੇਂ ਆਪਣੀ ਬਦਲੀ ਲਈ ਗਿੜਗਿੜਵਾਂਗਾ। ਪਰ ਜਿਊਂਦੀ ਜ਼ਮੀਰ ਵਾਲੇ ਹਰ ਮੁਸ਼ਕਲ ਵਿਚੋਂ ਵੀ ਆਪਣੇ ਹਿੱਸੇ ਦੀ ਖ਼ੁਸ਼ੀਆਂ ਨੂੰ ਲੱਭ ਲੈਂਦੇ ਹਨ। ਜੀਵਨ ਦੇ ਹਰ ਰੰਗ ਵਿਚ ਆਪਣੀ ਸੰਵੇਦਨਾ, ਸੋਚ ਅਤੇ ਸਿਰਜਣਾਤਮਿਕਤਾ ਅਤੇ ਸਮਰਪਿੱਤਾ ਨੂੰ ਕਾਇਮ ਰੱਖਦੇ ਨੇ। ਜਲੰਧਰ ਤੋਂ ਲੁਧਿਆਣਾ ਰੇਲਗੱਡੀ ਦਾ ਸਫ਼ਰ ਮੇਰੇ ਲਈ ਸਭ ਤੋਂ ਵਧੀਆ ਹੁੰਦਾ, ਜਦੋਂ ਮੈਂ ਆਪਣੇ-ਆਪ ਨਾਲ ਕੀਤੀ ਗੁਫ਼ਤਗੂ ਨੂੰ ਲੈਪਟਾਪ ਤੇ ਲਿਖਦਾ, ਸਮਾਜਿਕ ਸਰੋਕਾਰਾਂ ਅਤੇ ਮਨੁੱਖੀ ਭਾਵਨਾਵਾਂ ਨੂੰ ਚਿਤਰਨ ਵਿਚ ਮਸਰੂਫ਼ ਹੁੰਦਾ। ਮੇਰੇ ਬਹੁਤ ਸਾਰੇ ਲੇਖ ਅਤੇ ਕਵਿਤਾਵਾਂ ਰੇਲ ਦੇ ਸਫ਼ਰ ਵਿਚੋਂ ਪੈਦਾ ਹੋਈਆਂ। ਵੈਸੇ ਵੀ ਲੁਧਿਆਣਾ ਕਾਲਜ ਵਿਚ ਜਮਾਤੀ ਪ੍ਰੋਫੈਸਰਾਂ ਜੈਪਾਲ ਸਿੰਘ, ਸੁਰਜੀਤ ਸਿੰਘ ਰਾਂਸੀ ਆਦਿ ਮਿੱਤਰਾਂ ਹੁਰਾਂ ਦੀ ਸੁਹਬਤ ਵਿਚ ਮੈਂ ਬਹੁਤ ਹੀ ਖ਼ੁਸ਼ ਸਾਂ।

ਅਗਸਤ 2009 ਦੇ ਅੱਧ ਵਿਚ ਖਡੂਰ ਸਾਹਿਬ ਵਿਖੇ ਆਯੋਜਿਤ ਧਾਰਮਿਕ ਸਮਾਗਮ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਆਦਿ ਲੀਡਰ ਆਏ ਸਨ। ਮੈਂ ਬਾਬਾ ਸੇਵਾ ਸਿੰਘ ਜੀ ਵੱਲੋਂ ਵਿਦਿਆਰਥੀਆਂ ਨੂੰ ਪੀ.ਐਮ.ਟੀ. ਅਤੇ ਸੀ.ਈ.ਟੀ. ਦੀ ਤਿਆਰੀ ਕਰਵਾਉਣ ਵਾਲੀ ਸੰਸਥਾ ਨਾਲ ਸ. ਰਘਬੀਰ ਸਿੰਘ ਬੈਂਸ ਹੁਰਾਂ ਦੀ ਪ੍ਰੇਰਨਾ ਨਾਲ ਜੁੜਿਆ ਹੋਇਆ ਸਾਂ। ਬਾਬਾ ਜੀ ਦੀ ਇੱਛਾ ਸੀ ਕਿ ਮੇਰੀ ਬਦਲੀ ਕਪੂਰਥਲਾ ਕਾਲਜ ਦੀ ਹੋ ਜਾਵੇ ਤਾਂ ਮੈਂ ਕਿ ਕਾਲਜ ਤੋਂ ਬਾਅਦ ਇਸ ਸੰਸਥਾ ਦੀ ਜ਼ਿਆਦਾ ਸੇਵਾ ਕਰ ਸਕਦਾ ਹਾਂ। ਉਸ ਸਮਾਗਮ ਵਿਚ ਮੈਂ ਵੀ ਹਾਜ਼ਰ ਸਾਂ। ਸਮਾਗਮ ਤੋਂ ਬਾਅਦ ਬਾਬਾ ਜੀ ਨੇ ਮੈਨੂੰ ਆਪਣੇ ਕਮਰੇ ਵਿਚ ਬੁਲਾਇਆ ਜਿੱਥੇ ਸ. ਪ੍ਰਕਾਸ਼ ਸਿੰਘ ਬਾਦਲ ਅਤੇ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਬੈਠੇ ਸਨ। ਜਦ ਬਾਬਾ ਜੀ ਨੇ ਮੇਰੀ ਬਦਲੀ ਬਾਰੇ ਬਾਦਲ ਸਾਹਿਬ ਨਾਲ ਆਪਣੀ ਇੱਛਾ ਜ਼ਾਹਿਰ ਕੀਤੀ ਤਾਂ ਉਨ੍ਹਾਂ ਨੇ ਮੇਰੀ ਬਦਲੀ ਕਰਵਾਉਣ ਦੀ ਜ਼ਿੰਮੇਵਾਰੀ ਜਥੇਦਾਰ ਬ੍ਰਹਮਪੁਰਾ ਜੀ ਦੀ ਲਾ ਦਿੱਤੀ। ਬਾਬਾ ਜੀ ਨੂੰ ਭਰੋਸਾ ਦਿਵਾਇਆ ਕਿ ਇਹ ਬਦਲੀ ਬਹੁਤ ਜਲਦ ਹੋ ਜਾਵੇਗੀ। ਪਰ ਬਦਲੀ ਤਾਂ ਹੋਣੀ ਹੀ ਨਹੀਂ ਸੀ। ਬਾਅਦ ਵਿਚ ਜਥੇਦਾਰ ਬ੍ਰਹਮਪੁਰਾ ਹੁਰਾਂ ਦਾ ਮੈਨੂੰ ਕਈ ਵਾਰ ਫ਼ੋਨ ਆਇਆ ਕਿ ਬਦਲੀ ਹੋਈ ਕਿ ਨਹੀਂ? ਇਕ ਵਾਰ ਤਾਂ ਬਾਬਾ ਜੀ ਨੇ ਆਪਣੇ ਕਾਲਜ ਦੇ ਪ੍ਰਿੰਸੀਪਲ ਨੂੰ ਬੀਬੀ ਮੰਤਰੀ ਕੋਲ ਭੇਜਿਆ ਕਿ ਪ੍ਰੋ ਭੰਡਾਲ ਦੀ ਬਦਲੀ ਦਾ ਕੀ ਬਣਿਆ? ਤਾਂ ਬੀਬੀ ਮੰਤਰੀ ਨੇ ਬਾਬਾ ਜੀ ਬਾਰੇ ਵੀ ਬਹੁਤ ਅਵਾ-ਤਵਾ ਬੋਲਿਆ। ਜਦ ਮੈਨੂੰ ਬੀਬੀ ਮੰਤਰੀ ਦੇ ਹੰਕਾਰੀ ਅਤੇ ਬਾਬਾ ਜੀ ਪ੍ਰਤੀ ਬੇਹੁਰਮਤੀ ਭਰੇ ਬੋਲਾਂ ਦਾ ਪਤਾ ਲੱਗਾ ਤਾਂ ਮੈਂ ਬਾਬਾ ਜੀ ਨੂੰ ਬੇਨਤੀ ਕੀਤੀ ਕਿ ਤੁਸੀਂ ਮੇਰੀ ਬਦਲੀ ਬਾਰੇ ਕਿਸੇ ਨੂੰ ਨਹੀਂ ਕਹਿਣਾ। ਮੈਂ ਆਪਣੇ ਵਿੱਤ ਮੁਤਾਬਿਕ ਤੁਹਾਡੀ ਸੰਸਥਾ ਦੀ ਸੇਵਾ ਜ਼ਰੂਰ ਕਰਦਾ ਰਹਾਂਗਾ। ਮੈਂ ਨਹੀਂ ਸੀ ਚਾਹੁੰਦਾ ਕਿ ਮੇਰੇ ਬਦਲੀ ਕਾਰਨ ਕਿਸੇ ਮਾਣਮੱਤੀ ਸ਼ਖ਼ਸੀਅਤ ਦਾ ਨਿਰਾਦਰ ਹੋਵੇ। ਜਥੇਦਾਰ ਬ੍ਰਹਮਪੁਰਾ ਜੀ ਵੀ ਬਹੁਤ ਹਤਾਸ਼ ਹੋਏ। ਆਖ਼ਰ ਨੂੰ ਜਥੇਦਾਰ ਬ੍ਰਹਮਪੁਰਾ ਵੀ ਬੇਬਸ ਹੋ ਗਏ ਤੇ ਬਦਲੀ ਦੀ ਗੱਲ ਹੀ ਠੱਪ ਹੋ ਗਈ

ਮੈਂ ਮਈ 2010 ਦੇ ਸ਼ੁਰੂ ਵਿਚ ਹੀ 8 ਅਗਸਤ 2010 ਨੂੰ ਅਗਾਊਂ ਰਿਟਾਇਰਮੈਂਟ ਲੈਣ ਵਾਸਤੇ ਅਰਜ਼ੀ ਭੇਜ ਦਿੱਤੀ ਕਿਉਂਕਿ ਮੈਂ ਹੋਰ ਨੌਕਰੀ ਨਹੀਂ ਸੀ ਕਰਨਾ ਚਾਹੁੰਦਾ ਅਤੇ ਕੈਨੇਡਾ ਵਾਪਸ ਪਰਤ ਜਾਣ ਦਾ ਪੱਕਾ ਮਨ ਬਣਾ ਲਿਆ। ਜੂਨ 2010 ਦੇ ਅੱਧ ਵਿਚ ਇਕ ਦਿਨ ਮੈਂ ਪਿੰਡੋਂ ਹੋ ਕੇ ਘਰ ਆਇਆ ਤਾਂ ਪਤਾ ਲੱਗਾ ਕਿ ਟਰਾਂਸਪੋਰਟ ਮੰਤਰੀ ਸਾਹਿਬ ਮੇਰੇ ਘਰ ਆਏ ਸਨ। ਉਨ੍ਹਾਂ ਨੇ ਕਿਹਾ ਹੈ ਕਿ ਮੈਂ ਉਨ੍ਹਾਂ ਨੂੰ ਜਲਦੀ ਫ਼ੋਨ ਕਰਾਂ। ਕੋਈ ਜ਼ਰੂਰੀ ਕੰਮ ਹੈ। ਮੈਂ ਮੰਤਰੀ ਸਾਹਿਬ ਨੂੰ ਫ਼ੋਨ ਕੀਤਾ ਤਾਂ ਉਨ੍ਹਾਂ ਨੇ ਦੱਸਿਆ ਕਿ ਬੀਬੀ ਮੰਤਰੀ ਦਾ ਫ਼ੋਨ ਆਇਆ ਹੈ ਕਿ ਪ੍ਰੋ ਭੰਡਾਲ ਨੂੰ ਕਹੋ ਕਿ ਉਹ ਆਪਣੀ ਬਦਲੀ ਦੀ ਅਰਜ਼ੀ ਦੇਣ। ਮੈਂ ਉਨ੍ਹਾਂ ਦੀ ਬਦਲੀ ਕਪੂਰਥਲੇ ਕਰ ਦੇਵਾਂਗੀ। ਮੈਂ ਟਰਾਂਸਪੋਰਟ ਮੰਤਰੀ ਨੂੰ ਸਾਫ਼ ਨਾਂਹ ਕਰਦਿਆਂ ਕਹਿ ਦਿੱਤਾ ਕਿ ਬੀਬੀ ਮੰਤਰੀ ਨੂੰ ਮੇਰਾ ਇਹ ਸੁਨੇਹਾ ਜ਼ਰੂਰ ਦੇ ਦੇਣਾ ਕਿ ਮੈਨੂੰ ਹੁਣ ਕਪੂਰਥਲੇ ਬਦਲੀ ਦੀ ਕੋਈ ਲੋੜ ਨਹੀਂ। ਮੈਂ ਲੁਧਿਆਣੇ ਕਾਲਜ ਵਿਚ ਬਹੁਤ ਖ਼ੁਸ਼ ਹਾਂ।

ਤੇ ਫਿਰ ਜੁਲਾਈ 2010 ਦੇ ਪਹਿਲੇ ਹਫ਼ਤੇ ਲੁਧਿਆਣਾ ਕਾਲਜ ਵਿਚ ਹੀ ਮੈਨੂੰ ਕਪੂਰਥਲਾ ਕਾਲਜ ਦੇ ਉਸ ਪ੍ਰੋਫੈਸਰ ਦਾ ਫ਼ੋਨ ਆਇਆ ਜੋ ਬੀਬੀ ਮੰਤਰੀ ਦਾ ਬਹੁਤ ਕਰੀਬੀ ਸੀ। ਉਸ ਨੇ ਦੱਸਿਆ ਕਿ ਤੇਰੀ ਬਦਲੀ ਕਪੂਰਥਲੇ ਕਾਲਜ ਦੀ ਹੋ ਗਈ ਹੈ ਜਦ ਕਿ ਉਸ ਸਮੇਂ ਤੱਕ ਕਿਸੇ ਨੂੰ ਬਦਲੀਆਂ ਬਾਰੇ ਕੋਈ ਜਾਣਕਾਰੀ ਨਹੀਂ ਸੀ ਅਤੇ ਨਾ ਹੀ ਕਿਸੇ ਕਾਲਜ ਵਿਚ ਬਦਲੀਆਂ ਦੀ ਲਿਸਟ ਆਈ ਸੀ। ਉਸ ਦਾ ਫ਼ੋਨ ਆਉਣਾ ਹੀ ਇਹ ਸਪਸ਼ਟ ਕਰਨ ਲਈ ਕਾਫ਼ੀ ਸੀ ਕਿ ਕੌਣ ਸਨ ਉਹ ਲੋਕ ਜਿਨ੍ਹਾਂ ਦਾ ਪੂਰਾ ਜ਼ੋਰ ਲੱਗਾ ਹੋਇਆ ਸੀ ਕਿ ਪ੍ਰੋ ਭੰਡਾਲ ਨੂੰ ਰਣਧੀਰ ਕਾਲਜ ਵਿਚ ਵਾਪਸ ਨਹੀਂ ਆਉਣ ਦੇਣਾ। ਬੀਬੀ ਮੰਤਰੀ ਨੂੰ ਲੱਗਦਾ ਸੀ ਕਿ ਉਹ ਮੇਰੀ ਬਦਲੀ ਕਪੂਰਥਲਾ ਕਾਲਜ ਦੀ ਕਰਕੇ ਮੇਰੇ ਉੱਪਰ ਬਹੁਤ ਵੱਡਾ ਅਹਿਸਾਨ ਕਰ ਰਹੀ ਹੈ। ਇਹ ਸਿਰਫ਼ ਉਸ ਦਾ ਭਰਮ ਸੀ। ਹੁਣ ਤੱਕ ਮੈਂ ਬੀਬੀ ਮੰਤਰੀ ਨੂੰ ਕਦੇ ਨਹੀਂ ਮਿਲਿਆ। ਜਦੋਂ ਤੁਸੀਂ ਕਿਸੇ ਨੂੰ ਜ਼ਲੀਲ ਕਰਕੇ ਆਪਣੀ ਹਉਮੈਂ ਨੂੰ ਪੱਠੇ ਪਾਉਂਦੇ, ਕਿਸੇ ਸੱਚੇ ਵਿਅਕਤੀ ਨੂੰ ਤੁੱਛ ਸਮਝਦੇ ਹੋ ਤਾਂ ਸਮਾਂ ਸਾਰਾ ਕੁਝ ਦੇਖ ਰਿਹਾ ਹੁੰਦਾ ਹੈ। ਸਮਾਂ ਆਉਣ 'ਤੇ ਵਕਤ ਹੀ ਦੱਸ ਦਿੰਦਾ ਕਿ ਤੁਸੀਂ ਕਿਸੇ ਨਾਲ ਕੀ ਕਰਦੇ ਰਹੇ ਹੋ ਅਤੇ ਇਸ ਦਾ ਇਵਜ਼ਾਨਾ ਕਿਹੜੇ ਰੂਪ ਵਿਚ ਜੀਵਨ ਦੇ ਕਿਸ ਪੜਾਅ 'ਤੇ ਤਾਰਨਾ ਪੈਣਾ। ਰਾਜਸੀ ਲੋਕ ਆਪਣੇ ਚਾਪਲੂਸਾਂ ਦੀਆਂ ਸਾਜਸ਼ੀ ਚਾਲਾਂ ਰਾਹੀਂ ਆਪ ਬਦਨਾਮ ਹੁੰਦੇ ਨੇ ਅਤੇ ਲੋਕ ਮਨਾਂ ਵਿਚੋਂ ਵੀ ਬੜੀ ਜਲਦੀ ਲੱਥ ਜਾਂਦੇ ਹਨ। ਇਸ ਦਾ ਸਬੂਤ ਸੀ ਕਿ ਅਗਲੀਆਂ ਚੋਣਾਂ ਵਿਚ ਬੀਬੀ ਨੂੰ ਜ਼ਬਰਦਸਤ ਹਾਰ ਦਾ ਮੂੰਹ ਦੇਖਣਾ ਪਿਆ ਅਤੇ ਆਖ਼ਰ ਉਹ ਰਾਜਸੀ ਪਿੜ ਵਿਚੋਂ ਹੀ ਸਦਾ ਲਈ ਲਾਂਭੇ ਹੋ ਗਈ।

ਕਮੀਨਗੀਆਂ, ਕੋਝੀਆਂ ਅਤੇ ਧੱਕੇਸ਼ਾਹੀ ਵਾਲੀਆਂ ਹਰਕਤਾਂ ਇਕ ਕਮਜ਼ੋਰ ਵਿਅਕਤੀ ਨੂੰ ਤਾਂ ਡੁੱਲ੍ਹਾ ਸਕਦੀਆਂ ਨੇ। ਪਰ ਜਿਸ ਨੇ ਜ਼ਿੰਦਗੀ ਦੀਆਂ ਤਲਖ਼ੀਆਂ ਵਿਚੋਂ ਜੀਵਨ ਦਾ ਸੁਖਨ ਹਾਸਲ ਕੀਤਾ ਹੋਵੇ ਉਸ ਲਈ ਇਹ ਤਲਖ਼ੀਆਂ ਸੁਹੰਢਣੇ ਜੀਵਨ ਲਈ ਇਕ ਮਾਰਗ ਦਰਸ਼ਕ ਹੁੰਦੀਆਂ। ਇਨ੍ਹਾਂ ਵਿਚੋਂ ਨਿਕਲ ਕੇ ਹੀ ਬੰਦੇ ਦੀ ਪਛਾਣ ਹੁੰਦੀ ਕਿ ਬੰਦਾ ਮਰੀ ਜ਼ਮੀਰ ਵਾਲੀ ਜਿਊਂਦੀ ਲਾਸ਼ ਹੈ ਜਾਂ ਉਹ ਜਿਊਂਦੀ ਜ਼ਮੀਰ ਵਾਲਾ ਧੜਕਦੇ ਸਾਹਾਂ ਦਾ ਸ਼ਾਹ-ਅਸਵਾਰ ਹੈ। ਸਿਰ ਉੱਚਾ ਰੱਖ ਕੇ ਜਿਊਣ ਦਾ ਲੁਤਫ਼ ਹੀ ਵੱਖਰਾ ਹੁੰਦਾ।

ਮੈਂ ਅਗਸਤ 2010 ਵਿਚ ਨੌਕਰੀ ਤੋਂ ਫਾਰਗ ਹੋ ਕੇ ਕੈਨੇਡਾ ਵਿਚ ਨਵੀਂ ਜ਼ਿੰਦਗੀ ਦੀ ਸ਼ੁਰੂਆਤ ਕਰ ਲਈ।

ਤੇ ਪੰਜਾਬ ਦੀ ਸਿੱਖਿਆ ਮੰਤਰੀ ਵਲੋਂ ਬਦਲੀਆਂ ਰਾਹੀਂ ਖੱਜਲ-ਖੁਆਰ ਕਰਕੇ ਪੂਰਵ ਸੇਵਾ-ਮੁਕਤੀ ਲੈਣ ਲਈ ਮਜ਼ਬੂਰ ਕੀਤਾ ਸਖਸ਼ ਪਿੱਛਲੇ ਦਸ ਸਾਲਾਂ ਤੋਂ ਅਮਰੀਕਾ ਦੀ ਯੂਨੀਵਰਸਿਟੀ ਵਿਚ ਫਿਜਿਕਸ ਪੜ੍ਹਾ ਰਿਹਾ ਹੈ।

# ਰੱਜੀਆਂ ਰੂਹਾਂ

ਹਰਪ੍ਰੀਤ ਸਿੰਘ ਜਵੰਦਾ

ਸਾਰੇ ਸਕੂਲ ਵਿਚ ਬਾਣੀਆਂ ਦਾ ਉਹ ਮੁੰਡਾ ਹੀ ਘੜੀ ਬੰਨ੍ਹ ਕੇ ਆਉਂਦਾ....!

ਇੱਕ ਦਿਨ ਅੱਧੀ ਛੁੱਟੀ ਵੇਲੇ ਬਸਤੇ ਵਿਚ ਪਾ ਬਾਹਰ ਖੇਡਣ ਗਿਆ......ਮੈਂ ਮੌਕਾ ਪਾ ਕੇ ਕੱਢ ਲਈ......ਫੇਰ ਸ਼ਸ਼ੋਪੰਝ ਵਿਚ......ਹੁਣ ਲੁਕਾਵਾਂ ਕਿਥੇ?

ਕਾਹਲੀ-ਕਾਹਲੀ ਜੁਰਾਬ ਅੰਦਰ ਪਾ ਬੂਟ ਦੀ ਅੱਡੀ ਤੱਕ ਖਿਸਕਾ ਲਈ....!

ਅਗਲਾ ਪੀਰੀਅਡ ਮਾਸਟਰ ਸਵਰਨ ਸਿੰਘ ਦਾ ਸੀ......ਉਸਦਾ ਲਾਲ ਰੰਗ ਵੇਖ ਨਾਲਦੇ ਆਖਦੇ......ਹਮੇਸ਼ਾਂ ਘੁੱਟ ਲਾ ਕੇ ਰੱਖਦਾ!

ਆਉਂਦਿਆਂ ਹੀ ਪਹਿਲਾਂ ਪਿਆਰ ਨਾਲ ਪੁੱਛਿਆ....ਕੋਈ ਨਾ ਮੰਨਿਆ ਫੇਰ ਸਾਰੇ ਅੱਖਾਂ ਬੰਦ ਕਰਵਾ ਕੰਧ ਵੱਲ ਨੂੰ ਖੜੇ ਕਰਵਾ ਲਏ....ਆਖਣ ਲੱਗਾ ਕੰਨਾਂ ਵਿਚ ਵੀ ਉਂਗਲਾਂ ਦੇ ਲਵੋ....ਜਿਸਨੇ ਵੀ ਖੋਲੀਆਂ....ਜੁੱਤੀ ਬੜੀ ਫਿਰੂ ਤੇ ਸਕੂਲੋਂ ਵੀ ਕੱਢਿਆ ਜਾਊ....!

ਕੱਲੇ-ਕੱਲੇ ਦੀ ਤਲਾਸ਼ੀ ਲਈ....ਮੇਰੀ ਵਾਰੀ ਆਈ ਤਾਂ ਮੁੜਕੋ-ਮੁੜਕੀ ਹੋਏ ਦੇ ਹੱਥ-ਪੈਰ ਕੰਬੀ ਜਾਣ....ਉਸਨੇ ਹੌਲੀ ਜਿਹੀ ਜੁਰਾਬ ਅੰਦਰੋਂ ਕੱਢ ਲਈ....ਪਰ ਬਾਕੀ ਰਹਿ ਗਿਆਂ ਦੀ ਤਲਾਸ਼ੀ ਲੈਣੀ ਬੰਦ ਨਾ ਕੀਤੀ....!

ਲੱਭ ਗਈ ਤੇ ਬਾਣੀਆਂ ਦਾ ਮੁੰਡਾ ਟਪੂਸੀਆਂ ਮਾਰੇ....ਪਰ ਕਿਸੇ ਨੂੰ ਵੀ ਕੰਨੋਂ ਕੰਨ ਖਬਰ ਨਹੀਂ ਕੇ ਅਸਲ ਚੋਰ ਭਲਾ ਕੌਣ ਹੈ!

ਛੁੱਟੀ ਮਗਰੋਂ ਮੈਨੂੰ ਕੋਲ ਸੱਦ ਲਿਆ....ਆਖਣ ਲੱਗੇ....ਪੁੱਤਰਾ ਮੁੜ ਕੇ ਇੰਝ ਨਾ ਕਰੀਂ....ਤੇਰਾ ਬਾਪ ਤਾਂ ਸ਼ਰਮ ਨਾਲ ਮਰ ਜੂ....!

ਕਿੰਨਿਆਂ ਵਰ੍ਹਿਆਂ ਬਾਅਦ ਮੈਂ ਫ਼ੂਡ ਸਪਲਾਈ ਮਹਿਕਮੇਂ ਵਿਚ ਅਫਸਰ ਲੱਗ ਗਿਆ....ਹਰ ਪਾਸੇ ਕੁਰੱਪਸ਼ਨ ਰਿਸ਼ਵਤ ਦਾ ਬੋਲ-ਬਾਲਾ....ਪਰ ਜਦੋਂ ਵੀ ਕੋਈ ਐਸੀ-ਵੈਸੀ ਕਮਾਈ ਲਾਗੇ ਆਉਣ ਲੱਗਦੀ ਮਾਸਟਰ ਸਵਰਨ ਸਿੰਘ ਦਿਸ ਪਿਆ ਕਰਦਾ!

ਇੱਕ ਦਿਨ ਖਬਰ ਆ ਗਈ....ਸਸਕਾਰ 'ਤੇ ਗਿਆ....ਸਾਰੇ ਅੱਖੀਆਂ ਪੂੰਝੀ ਜਾ ਰਹੇ ਸਨ ਪਰ ਉਹ ਮੜੀ ਤੇ ਪਿਆ ਵੀ ਖੁਸ਼....ਲਾਲ ਸੁਰਖ ਰੰਗ....ਠੀਕ ਓਸੇ ਤਰਾਂ ਜਿੱਦਾਂ ਕਿੰਨੇ ਵਰ੍ਹੇ ਪਹਿਲਾਂ ਸਕੂਲ ਵੇਲੇ ਹੋਇਆ ਕਰਦਾ ਸੀ!

ਰੱਜੀਆਂ ਸੰਤੁਸ਼ਟ ਰੂਹਾਂ....ਤ੍ਰਿਪਤ ਸੋਚ....ਦੂਜਿਆਂ ਦੇ ਪਰਦੇ ਕੱਜਣ ਵਾਲੇ ਸ਼ਾਇਦ ਹਮੇਸ਼ਾ ਖੁਸ਼ ਹੀ ਰਹਿੰਦੇ....ਚੜੀ ਰਹਿੰਦੀ ਨਾਮ ਖ਼ੁਮਾਰੀ ਨੂੰ ਲੋਕ ਦੁਨਿਆਵੀ ਨਸ਼ਾ ਆਖ ਭੰਡਣ ਲੱਗਦੇ....ਆਖਰੀ ਸਫ਼ਰ 'ਤੇ ਵੀ ਕੋਈ ਝੋਰਾ ਨਹੀਂ ਕੋਈ ਗਮ ਨਹੀਂ....!

ਮਾਮੇ ਦੀ ਨੂੰਹ....ਕਿੰਨੇ ਵਰ੍ਹੇ ਪਹਿਲਾਂ ਵੱਡੇ ਪੁੱਤ ਦੇ ਵਿਆਹ 'ਤੇ ਆਈ....ਨਵੇਂ ਸਵਾਏ ਸੂਟ ਸਣੇ ਝੋਲਾ ਬੱਸ ਵਿਚ ਹੀ ਕਿਧਰੇ ਭੁੱਲ ਆਈ....ਹਮੇਸ਼ਾਂ ਹੱਸਦੀ ਰਹਿੰਦੀ ਉਸ ਦਿਨ ਥੋੜੀ ਘਾਬਰੀ ਹੋਈ....ਹੁਣ ਮਿਲਣੀ ਤੇ ਕੀ ਪਾਉਣਾ....!

ਮੈਨੂੰ ਪਤਾ ਲੱਗਾ....ਅੰਦਰ ਪਿਆ ਵਧੀਆ ਸੂਟ ਕੱਢਿਆ ਤੇ ਪਵਾ ਦਿਤਾ....ਫਿਰੋਜੀ ਰੰਗਾ ਏਦਾਂ ਫੱਬੇ ਜਿੱਦਾਂ ਸਵਾਇਆ ਹੀ ਉਸੇ ਜੋਗਾ ਹੋਵੇ....!

ਗਿੱਧਾ ਪਾਉਂਦੀ ਦੀਆਂ ਤਾਰੀਫਾਂ ਹੋਈ ਜਾਣ....ਬੋਲੀਆਂ ਵਾਲੀ ਵੀ ਧੰਨ ਧੰਨ ਕਰਵਾ ਦਿੱਤੀ....ਸਾੜੇ ਦੀਆਂ ਮਾਰੀਆਂ ਕਈ ਆਖੀ ਜਾਵਣ....ਹੁਣ ਇਸ ਕੋਲੋਂ ਮੁੜਕੇ ਦੀ ਮੁਸ਼ਕ ਆਊ!

ਅੱਜ ਏਨੇ ਵਰ੍ਹਿਆਂ ਬਾਅਦ ਜਦੋਂ ਵੀ ਮਿਲਦੀ ਉਸ ਫਿਰੋਜੀ ਰੰਗ ਦੇ ਕੀਤੇ ਉਪਕਾਰ ਦਾ ਜਿਕਰ ਜਰੂਰ ਕਰਦੀ....ਨਾਲੇ ਆਖਦੀ ਬੀਬੀ ਤੂੰ ਮੇਰਾ ਝੱਟ ਲੰਘਾਇਆ ਸੀ....ਰੱਬ ਤੇਰੇ ਝੱਟ ਸੌਖੇ-ਸਵੱਲੇ ਕਰੇ....!

ਕਈ ਰੱਜੀਆਂ ਰੂਹਾਂ ਦੂਜਿਆਂ ਲਈ ਸਾਰੀ ਉਮਰ ਦੁਆਵਾਂ ਹੀ ਮੰਗਦੀਆਂ....ਇਹਨਾਂ ਅੰਦਰੋਂ ਵਗ ਤੁਰੀਆਂ ਮੁੜਕੇ ਦੀਆਂ ਲੀਹਾਂ ਵਿਚੋਂ ਵੀ ਸਦੀਵੀਂ ਖੁਸ਼ਬੋਆਂ ਆਉਂਦੀਆਂ....ਉਹ ਖੁਸ਼ਬੋਆਂ ਜਿਹੜੀਆਂ ਰੂਹ ਵੀ ਠਾਰਦੀਆਂ ਤੇ ਆਲੇ-ਦਵਾਲੇ ਪੱਸਰੀ ਪੂਰੀ ਕਾਇਨਾਤ ਵੀ....ਇਨ੍ਹਾਂ ਨਾਲ ਬਿਤਾਏ ਪਲ ਸਦੀਵੀ ਇਤਿਹਾਸ ਹੋ ਨਿਬੜਦੇ....!

ਉਸ ਰੱਬ ਸੱਚੇ ਅੱਗੇ ਬੱਸ ਇੱਕੋ ਅਰਦਾਸ....ਇਹੋ ਜਿਹੀਆਂ ਪਾਕਿ-ਪਵਿੱਤਰ ਰੂਹਾਂ ਦਾ ਕਦੇ ਵੀ ਕਾਲ ਨਾ ਪਵੇ....ਵਰਨਾ ਰਹਿੰਦੀ ਖੂੰਹਦੀ ਧਰਤੀ ਵੀ ਨਰਕ ਬਣ ਜੂ!

# ਸੱਭਿਆਚਾਰਕ ਸਾਂਝ ਦਾ ਪ੍ਰਤੀਕ ਹੋ ਨਿੱਬੜਿਆ 'ਰੰਗਲਾ ਪੰਜਾਬ-2025'

## 6 ਤੋਂ 60 ਸਾਲ ਦੇ ਕਲਾਕਾਰਾਂ ਨੇ ਲੁੱਟਿਆ ਮੇਲਾ; ਪਹਿਲਗਾਮ ਹਮਲੇ ਦੇ ਪੀੜਤਾਂ ਨੂੰ ਸ਼ਰਧਾਂਜਲੀਆਂ

ਸ਼ਿਕਾਗੋ ():

ਪੁੰਗਰੀਆਂ ਵੱਲਾਂ, ਵੇਲਾਂ ਰੁੱਖੀਂ ਚੜ੍ਹੀਆਂ
ਫੁਲਾਂ ਹੇਠੋਂ ਫਲਾਂ ਨੇ ਪਰੋਈਆਂ ਲੜੀਆਂ
ਸਾਈਂ ਦੀ ਨਿਗ੍ਹਾ, ਜੱਗ 'ਤੇ ਸਵੱਲੀ ਏ
ਚੱਲ ਨੀਂ ਪ੍ਰੇਮੀਏ ਵਿਸਾਖੀ ਚੱਲੀਏ।

ਵਿਸਾਖੀ, ਜੋ ਕਿ ਪੰਜਾਬ ਦਾ ਮਹੱਤਵਪੂਰਨ ਤਿਉਹਾਰ ਹੈ, ਹੁਣ ਪੰਜਾਬ ਤੱਕ ਹੀ ਸੀਮਿਤ ਨਹੀਂ ਰਹਿ ਗਿਆ, ਸਗੋਂ ਦੁਨੀਆਂ ਦੇ ਹਰ ਕੋਨੇ ਵਿਚ ਜਿੱਥੇ ਵੀ ਪੰਜਾਬੀ ਵਸਦੇ ਹਨ, ਉਥੇ ਪੂਰੇ ਚਾਅ ਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਧਨੀ ਰਾਮ ਚਾਤ੍ਰਿਕ ਦੀਆਂ ਉਪਰੋਕਤ ਸਤਰਾਂ ਅਨੁਆਰ ਹੀ, ਸ਼ਿਕਾਗੋ ਵਿਚ ਪੰਜਾਬੀ ਕਲਚਰਲ ਸੁਸਾਇਟੀ ਆਫ਼ ਸ਼ਿਕਾਗੋ (ਪੀ ਸੀ ਐੱਸ), ਵਲੋਂ ਵੀ ਹਰ ਸਾਲ ਜਦੋਂ ਵਿਸਾਖੀ ਮੌਕੇ 'ਰੰਗਲਾ ਪੰਜਾਬ' ਕਰਵਾਇਆ ਜਾਂਦਾ ਹੈ ਤਾਂ ਪੰਜਾਬੀ ਵਹੀਰਾਂ ਘੱਤ ਕੇ ਵਿਸਾਖੀ ਦਾ ਮੇਲਾ ਵੇਖਣ ਪੁਜਦੇ ਨੇ। ਇਹ ਗਿਣਤੀ ਹਜ਼ਾਰ ਤੋਂ ਟੱਪ ਗਈ। 300 ਦੇ ਕਰੀਬ ਤਾਂ ਬੱਚੇ ਹੀ ਸਨ, ਜਿਨ੍ਹਾਂ ਆਪਣੀਆਂ ਕਲਾਕਾਰੀਆਂ ਨਾਲ ਦਰਸ਼ਕਾਂ ਦਾ ਮਨੋਰੰਜਨ ਕਰਨਾ ਸੀ। ਰੰਗਲਾ ਪੰਜਾਬ ਵਿਚ ਇਲੀਨੋਇਓ ਤੋਂ ਇਲਾਵਾ ਇੰਡੀਆਨਾ ਅਤੇ ਵਿਸਕਾਨਸਿਨ ਤੋਂ ਪੁੱਜੇ ਅਤੇ ਸ਼ੇਅਰੋ-ਸ਼ਾਇਰੀ ਨਾਲ ਦਰਸ਼ਕਾਂ ਸੀਟਾਂ 'ਤੇ ਬਹਿ ਕੇ ਪ੍ਰੋਗਰਾਮ ਦਾ ਅਨੰਦ ਮਾਨਣ ਦਾ ਸੱਦਾ ਦਿੱਤਾ। ਉਸ ਨੇ ਸੱਭਿਆਚਾਰਕ ਪ੍ਰੋਗਰਾਮ ਦੀ ਪਹਿਲੀ ਟੀਮ 'ਪੰਜਾਬੀ ਮੁਟਿਆਰਾਂ' ਨੂੰ ਸਟੇਜ 'ਤੇ ਆਉਣ ਦਾ ਸੱਦਾ ਦਿੱਤਾ। ਰੰਗ ਬਿਰੰਗੀਆਂ

ਉੱਭਰਦੇ ਨੌਜਵਾਨ ਗਾਇਕ ਗੁਰਜੋਤ ਸਿੰਘ ਮੁਲਤਾਨੀ ਤੋਂ ਇਲਾਵਾ ਸੁਰਿੰਦਰ ਸੇਠੀ ਨੇ ਗੀਤ ਗਾ ਕੇ ਵਾਹ-ਵਾਹ ਖੱਟੀ। ਦੋ ਭੈਣਾਂ ਅਦਿਤੀ ਅਤੇ ਅਨਿਕਾ ਵਿੱਜ ਨੇ ਜਦੋਂ ਆਪਣੀ ਮਿੱਠੀ ਅਵਾਜ਼ ਵਿਚ 'ਮੇਰੇ ਵਾਲਾਂ ਵਿਚਲਾ ਚੀਰ ਗਲੀ ਲਾਹੌਰ

ਲਈ ਧੰਨਵਾਦ ਕੀਤਾ।

ਚੇਅਰਮੈਨ ਡਾ. ਪਰਮ ਪੁਨੀਤ ਸਿੰਘ ਨੇ ਕਿਹਾ, "ਭੰਗੜਾ ਟੀਮਾਂ ਚੰਗੀ ਤਰ੍ਹਾਂ ਤਿਆਰ ਕੀਤੀਆਂ ਗਈਆਂ ਸਨ, ਅਤੇ ਬੱਚੇ ਰੰਗੀਨ ਰਵਾਇਤੀ ਪਹਿਰਾਵੇ ਵਿਚ ਬਹੁਤ ਸੁੰਦਰ ਲੱਗ ਰਹੇ ਸਨ। ਪੀਸੀਐਸ ਟੀਮ ਦਾ ਧੰਨਵਾਦ, ਜੋ ਸਾਡੀ ਅਗਲੀ ਪੀੜ੍ਹੀ ਨੂੰ ਆਪਣੀਆਂ ਜੜ੍ਹਾਂ ਨਾਲ ਜੋੜਨ ਲਈ ਹਰ ਸਾਲ ਇਹ ਪ੍ਰੋਗਰਾਮ ਉਲੀਕਦੀ ਹੈ। ਬ੍ਰਾਵੋ!"

ਮੁੱਖ ਮਹਿਮਾਨ ਡਾ. ਦੇਵੇਸ਼ ਰੰਜਨ (ਡੀਨ ਇੰਜਨੀਅਰਿੰਗ - ਮੈਡੀਸਨ) ਨੇ ਸਮਾਗਮ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਪੀ.ਸੀ.ਐਸ. ਟੀਮ ਦੁਆਰਾ ਬਹੁਤ ਹੀ ਸੁਚੱਜਾ ਪ੍ਰੋਗਰਾਮ ਆਯੋਜਿਤ ਕਰਵਾਇਆ ਗਿਆ ਹੈ। ਮੈਂ ਬਹੁਤ ਸਾਰੇ ਭਾਰਤੀ ਐਸੋਸੀਏਸ਼ਨਾਂ ਦੇ ਸਮਾਗਮ ਦੇਖੇ ਹਨ, ਪਰ ਪੀਸੀਐਸ ਦਾ ਇਹ ਪ੍ਰੋਗਰਾਮ ਵੱਖ ਵੱਖ










ਅਜਿਹਾ ਪ੍ਰੋਗਰਾਮ ਹੈ, ਜਿਸ ਵਿਚ ਸਿਰਫ ਪੰਜਾਬੀ ਹੀ ਨਹੀਂ ਸਗੋਂ ਵੱਖ-ਵੱਖ ਸਭਿਆਚਾਰਾਂ, ਖਿੱਤਿਆਂ ਨਾਲ ਸਬੰਧਤ ਲੋਕ ਆਪਣੇ ਬੱਚਿਆਂ ਸਣੇ ਆਉਂਦੇ ਨੇ ਤੇ ਪੰਜਾਬੀਅਤ ਦੇ ਰੰਗ ਵਿਚ ਹੀ ਰੰਗੇ ਜਾਂਦੇ ਨੇ। ਸਾਰੇ ਰੋਜ਼ਾਨਾ ਦੀ ਰੁਟੀਨ ਨੂੰ ਭੁੱਲ ਕੇ ਹੁਮਾਹੁਮਾ ਕੇ ਹੱਸਦੇ-ਗਾਉਂਦੇ, ਨੱਚਦੇ-ਟੱਪਦੇ ਮੇਲੇ ਦਾ ਅਨੰਦ ਮਾਨਣ ਲਈ ਆਉਂਦੇ ਨੇ, ਤੇ ਪੰਜਾਬ 'ਚ ਵੇਖੇ ਮੇਲਿਆਂ ਦੀਆਂ ਯਾਦਾਂ ਨੂੰ ਤਰੋ-ਤਾਜ਼ਾ ਕਰਦੇ ਹਨ। 'ਰੰਗਲਾ ਪੰਜਾਬ' ਦੀ ਸਾਰਾ ਸਾਲ ਹੀ ਬੇਸਬਰੀ ਨਾਲ ਉਡੀਕ ਕੀਤੀ ਜਾਂਦੀ ਹੈ, ਤੇ ਪੀ.ਸੀ.ਐਸ. ਦੀ ਟੀਮ ਸਣੇ, ਬੱਚੇ ਤੇ ਉਨ੍ਹਾਂ ਦੇ ਮਾਪੇ ਵੀ 5-6 ਮਹੀਨੇ ਇਸ ਪ੍ਰੋਗਰਾਮ ਦੀ ਤਿਆਰੀ ਨੂੰ ਸਮਰਪਿਤ ਕਰ ਦੇਂਦੇ ਨੇ। ਇਹ ਹਰ ਸਾਲ ਸ਼ਿਕਾਗੋਲੈਂਡ ਦਾ ਸਭ ਤੋਂ ਵੱਡਾ ਪ੍ਰੋਗਰਾਮ ਹੋ ਨਿੱਬੜਦਾ ਹੈ, ਜੋ ਪੀਸੀਐਸ ਦੀ ਸਾਰੀ ਟੀਮ ਲਈ ਮਾਣ ਵਾਲੀ ਗੱਲ ਹੈ। ਇਹ ਸਮਾਗਮ ਦਰਸ਼ਕਾਂ ਨੇ ਇਸ ਨੂੰ ਚਾਰ ਚੰਨ ਲਾਏ।

ਐਤਕੀਂ ਮੇਲੇ ਵਿਚ 6 ਸਾਲ ਤੋਂ ਲੈ ਕੇ 60 ਸਾਲ ਤੱਕ ਦੇ ਕਲਾਕਾਰਾਂ ਦੁਆਰਾ ਭੰਗੜਾ, ਗਿੱਧਾ, ਪੰਜਾਬੀ ਲੋਕ ਗੀਤ, ਕਵਿਤਾ ਸਮੇਤ 29 ਪੇਸ਼ਕਾਰੀਆਂ ਕੀਤੀਆਂ ਗਈਆਂ।

ਮੇਲੀਆਂ ਤੇ ਮੇਲਣਾਂ ਦੀ ਟੌਹਰ ਤਾਂ ਵੇਖਿਆਂ ਹੀ ਬਣਦੀ ਸੀ, ਰੰਗ-ਬਿਰੰਗੇ ਕੁੜਤੇ-ਚਾਦਰਿਆਂ, ਪੰਜਾਬੀ ਸੂਟਾਂ, ਲਾਚਿਆਂ ਵਿਚ ਸਜੇ ਬੱਚੇ ਤੇ ਗੱਭਰੂ-ਮੁਟਿਆਰਾਂ ਦੇ ਤਾਂ ਕੀ ਹੀ ਕਹਿਣੇ ਸੀ। ਇਸੇ ਲਈ ਤਾਂ ਡਿਊਟੀ ਦੇ ਰਹੇ ਗੋਰੇ ਵੀ ਖੁਦ ਨੂੰ ਰੋਕ ਨਾ ਸਕੇ ਤੇ ਉਹ ਕੁੜੀਆਂ ਦੀ ਤਾਰੀਫ 'ਚ ਕਹਿ ਰਹੇ ਸਨ, 'ਵਾਓ ਯੂ ਆਰ ਲੁਕਿੰਗ ਸੋ ਪ੍ਰੀਟੀ'। ਭੰਗੜੇ ਅਤੇ ਗਿੱਧੇ ਦੀਆਂ ਧੁਨਾਂ, ਝੂਮਰ ਦੀਆਂ ਮਨਮੋਹਕ ਤਾਲਾਂ, ਸੁਰੀਲੇ ਗੀਤਾਂ ਅਤੇ ਉੱਚ ਪੱਧਰੀ ਪੇਸ਼ਕਾਰੀਆਂ ਨੇ ਇਸ ਨੂੰ ਸੱਚਮੁੱਚ 'ਰੰਗਲੀ ਸ਼ਾਮ' ਬਣਾ ਦਿੱਤਾ।

ਪੁਸ਼ਾਕਾਂ 'ਚ ਸਜੀਆਂ ਇਸ ਟੀਮ ਦੀਆਂ ਨੰਨੀਆਂ ਬੱਚੀਆਂ ਨੇ ਜਦੋਂ ਭੰਗੜਾ ਪਾਉਣਾ ਸ਼ੁਰੂ ਕੀਤਾ ਤਾਂ ਦਰਸ਼ਕਾਂ ਨੇ ਤਾੜੀਆਂ, ਸੀਟੀਆਂ ਨਾਲ ਉਨ੍ਹਾਂ ਦੀ ਹੌਸਲਾ ਅਫਜ਼ਾਈ ਕੀਤੀ। ਮਗਰੋਂ ਇਕ ਤੋਂ ਬਾਅਦ ਇਕ ਟੀਮਾਂ - 'ਸ਼ਾਨ ਪੰਜਾਬ ਦੀ' ਸ਼ਿਕਾਗੋ ਰੰਗਲਾ ਸਕੁਐਡ', 'ਗੱਭਰੂ ਚੰਨ ਵਰਗੇ', 'ਵਿਰਾਸਤ-ਏ-ਪੰਜਾਬ', 'ਵੱਖਰਾ ਸਵੈਗ', 'ਭੰਗੜਾ ਵਾਈਬ', 'ਅਸ਼ਕੇ ਭੰਗੜਾ ਕਲੱਬ ਸ਼ਿਕਾਗੋ', ਪੀਸੀਐਸ ਪਾਇਨੀਅਰਜ਼ ਭੰਗੜਾ, ਸ਼ੌਂਕਣਾਂ ਸ਼ਿਕਾਗੋ ਦੀਆਂ', 'ਕੁਈਨਜ਼ ਆਫ ਭੰਗੜਾ ਰੁਾਈਮਜ਼', 'ਪੀਸੀਐਸ ਯੂਥ ਭੰਗੜਾ', 'ਰਾਖੇ ਵਿਰਸੇ ਦੇ ਅਕੈਡਮੀ', 'ਗਿੱਧਾ ਧੀਆਂ ਦਾ', 'ਰੂਹ ਪੰਜਾਬ ਦੀ', 'ਖੱਟੀਆਂ-ਮਿੱਠੀਆਂ', 'ਮੁਟਿਆਰਾਂ ਸਾਊਥ-ਵੈਸਟ ਦੀਆਂ', 'ਵਿਰਦੇ ਦੇ ਵਾਰਿਸ', 'ਗੱਭਰੂ ਪੰਜਾਬ ਦੇ', 'ਏਬੀਸੀ ਅਪਨਾ ਭੰਗੜਾ ਕਰਿਊ', 'ਬੌਲੀਭੰਗੜਾ ਡਾਂਸ ਸਕੂਲ, 'ਮਨਮੋਹਨਾਸ' ਦੇ ਦੀ' ਅਤੇ 'ਜੁਗਨੀ' ਗਾਈ ਤਾਂ ਉਹ ਲਾਚੀ ਬਾਵਾ ਤੇ ਗਲੋਰੀ ਭਾਵਾ ਦਾ ਭੁਲੇਖਾ ਪਾ ਰਹੀਆਂ ਸਨ। ਉਨ੍ਹਾਂ ਆਪਣੀ ਗਾਇਕੀ ਨਾਲ ਦਰਸ਼ਕਾਂ ਨੂੰ ਮੰਤਰ-ਮੁਗਧ ਕਰ ਦਿੱਤਾ। ਸ਼ਿਕਾਗੋ ਦੇ ਉਘੇ ਸ਼ਾਇਰ ਆਬਿਦ ਰਸ਼ੀਦ ਨੇ ਵੀ ਆਪਣੀ ਸ਼ਾਇਰੀ ਸੁਣਾਈ।

ਜਿਗਰਦੀਪ ਸਿੰਘ ਢਿੱਲੋਂ ਨੇ ਸਟੇਜ ਦੀ ਕਾਰਵਾਈ ਸੰਭਾਲਦਿਆਂ ਪੀ.ਸੀ.ਐਸ. ਦੇ ਚੀਫ ਗੈਸਟ ਡਾ. ਦੇਵੇਸ਼ ਰੰਜਨ, ਪ੍ਰਧਾਨ ਨਵਤੇਜ ਸਿੰਘ ਸੋਹੀ, ਚੇਅਰਮੈਨ ਡਾ. ਪਰਮ ਪੁਨੀਤ ਸਿੰਘ, ਕਾਉਂਸਲ ਜਨਰਲ ਸੋਮਨਾਥ ਘੋਸ਼ ਨੂੰ ਸਟੇਜ 'ਤੇ ਆਉਣ ਦਾ ਸੱਦਾ ਦਿੱਤਾ।

ਪ੍ਰਧਾਨ ਨਵਤੇਜ ਸਿੰਘ ਸੋਹੀ ਨੇ ਪੀਸੀਐਸ ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ ਦੇ ਸਫਰ 'ਤੇ ਝਾਤ ਪਾਉਂਦਿਆਂ ਕਿਹਾ, "ਮੈਂ ਇਸ ਸਫਲ ਸਮਾਗਮ ਨੂੰ ਦੇਖ ਕੇ ਮਾਣ ਮਹਿਸੂਸ ਕਰਦਾ ਹਾਂ ਸੱਭਿਆਚਾਰਕਾਂ ਦੀ ਸਾਂਝ ਦਾ ਪ੍ਰਤੀਕ ਹੈ।" ਉਨ੍ਹਾਂ ਸਿੱਖਿਆ 'ਤੇ ਜ਼ੋਰ ਦਿੱਤਾ ਅਤੇ ਇਸ ਨੂੰ ਸਮਾਜਿਕ ਬਦਲਾਅ ਦਾ ਸਭ ਤੋਂ ਵੱਡਾ ਏਜੰਟ ਦੱਸਿਆ।

ਕੌਂਸਲ ਜਨਰਲ, ਸੋਮ ਨਾਥ ਘੋਸ਼ ਨੇ ਥੋੜ੍ਹੇ ਸਮੇਂ ਲਈ ਸਮਾਗਮ ਵਿਚ ਸ਼ਿਰਕਤ ਕੀਤੀ ਅਤੇ ਪੰਜਾਬੀ ਪੇਸ਼ਕਾਰੀਆਂ ਦੀ ਅਤੇ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਲਈ ਪੀਸੀਐਸ ਦੇ ਯਤਨਾਂ ਦੀ ਸ਼ਲਾਘਾ ਕੀਤੀ।

ਰੰਗਲਾ ਪੰਜਾਬ ਵਿਚ ਵਿਸ਼ੇਸ਼ ਤੌਰ 'ਤੇ ਪੁੱਜੇ ਸ੍ਰੀ ਯੋਗੇਸ਼ ਵਢੇਰਾ (ਪ੍ਰੈਜ਼ੀਡੈਂਟ ਮੇਡਲਾਈਨ) ਨੇ ਕਿਹਾ, "ਪੀਸੀਐਸ-ਰੰਗਲਾ ਪੰਜਾਬ 2025 ਕਾਮਯਾਬ ਈਵੈਂਟ ਹੈ।' ਉਨ੍ਹਾਂ ਪੀਸੀਐਸ ਮੈਂਬਰਾਂ ਦੀ ਤਾਰੀਫ ਕਰਦਿਆਂ ਕਿਹਾ, "ਉਹ ਦਿਆਲੂ ਅਤੇ ਸਨਮਾਨ ਕਰਨ ਵਾਲੇ ਸਨ। ਭੋਜਨ ਗਰਮ ਅਤੇ ਸੁਆਦੀ ਸੀ।" ਰੋਨੀ ਸਿੰਘ ਅਤੇ ਕਰਨ ਸੋਹੀ ਨੇ ਕਿਹਾ,"ਇਹ ਮੇਲਾ (ਤਿਉਹਾਰ) ਵਰਗਾ





ਪੀਸੀਐਸ ਅਧਿਕਾਰੀਆਂ ਵਲੋਂ ਬਹੁਤ ਸਾਰੇ ਕੋਆਰਡੀਨੇਟਰਾਂ, ਵਾਲੰਟੀਅਰਾਂ ਅਤੇ ਸਪਾਂਸਰਾਂ ਦੀ ਮਦਦ ਅਤੇ ਸਹਿਯੋਗ ਨਾਲ ਕਰਵਾਇਆ ਗਿਆ।

'ਰੰਗਲਾ ਪੰਜਾਬ' ਵਿਚ ਹਰ ਸਾਲ ਪੰਜਾਬੀ ਸੱਭਿਆਚਾਰ ਦੀ ਹਰ ਝਲਕ ਵੇਖਣ ਨੂੰ ਮਿਲਦੀ ਹੈ, ਜਿੱਥੇ ਗੱਭਰੂ ਭੰਗੜੇ, ਧਮਾਲ ਨਾਲ ਦਿਲ ਜਿੱਤਦੇ ਨੇ, ਉਥੇ ਹੀ ਮੁਟਿਆਰਾਂ ਗਿੱਧੇ, ਲੁੱਡੀ, ਸੰਮੀ, ਫਿਊਜ਼ਨ ਡਾਂਸ ਨਾਲ ਮੇਲਾ ਲੁੱਟ ਕੇ ਲੈ ਜਾਂਦੀਆਂ ਨੇ। ਇਸ ਸਾਲ ਵੀ ਕੁਝ ਅਜਿਹਾ ਹੀ ਨਜ਼ਾਰਾ ਵੇਖਣ ਨੂੰ ਮਿਲਿਆ, ਨਿੱਕੇ ਨਿੱਕੇ ਬੱਚਿਆਂ ਤੋਂ ਲੈ ਕੇ ਨੌਜਵਾਨਾਂ ਵਲੋਂ ਪੇਸ਼ ਕੀਤੀਆਂ ਵੱਖ-ਵੱਖ ਆਈਟਮਾਂ ਨੇ ਮੇਲੀਆਂ ਨੂੰ ਕੁਰਸੀਆਂ ਨਾਲ ਬੰਨ੍ਹ ਕੇ ਬੈਠਣ ਲਈ ਮਜਬੂਰ ਕਰ ਦਿੱਤਾ।

26 ਅਪਰੈਲ ਦੀ ਸ਼ਾਮ ਨੂੰ ਕਾਪਰਨਿਕਸ ਸੈਂਟਰ, ਸ਼ਿਕਾਗੋ ਵਿਖੇ ਸ਼ਾਮ ਨੂੰ ਦਰਸ਼ਕ ਜੁੜਨੇ ਸ਼ੁਰੂ ਹੋ ਗਏ ਸੀ ਤੇ ਦੇਖਦਿਆਂ ਦੀ ਦੇਖਦਿਆਂ ਹੀ

ਪ੍ਰੋਗਰਾਮ ਸ਼ੁਰੂ ਕਰਨ ਤੋਂ ਪਹਿਲਾਂ 22 ਅਪ੍ਰੈਲ, 2025 ਨੂੰ ਪਹਿਲਗਾਮ ਵਿਚ ਅਤਿਵਾਦੀਆਂ ਦੁਆਰਾ ਕਤਲੇਆਮ ਦੇ 26 ਪੀੜਤਾਂ ਦੇ ਸਨਮਾਨ ਲਈ ਇਕ ਪਲ ਦਾ ਮੌਨ ਰੱਖਿਆ ਗਿਆ।

ਪੀਸੀਐੱਸ ਦੇ ਮੀਤ ਪ੍ਰਧਾਨ ਬਿਕਰਮ ਸਿੰਘ ਸੋਹੀ ਨੇ ਸਟੇਜ ਤੋਂ 'ਰੰਗਲਾ ਪੰਜਾਬ -2025' ਦੀ ਸ਼ੁਰੂਆਤ ਕੀਤੀ ਅਤੇ ਹਾਜ਼ਰੀਨ ਦਾ ਸਵਾਗਤ ਕੀਤਾ। ਪ੍ਰੋਗਰਾਮ ਦੀ ਸ਼ੁਰੂਆਤ ਮਿੰਨੀ ਸਿੰਘ ਵੱਲੋਂ ਅਮਰੀਕਾ ਦੇ ਰਾਸ਼ਟਰੀ ਗੀਤ ਨਾਲ ਕੀਤੀ ਗਈ। ਪਰਮਵੀਰ ਕੌਰ ਅਤੇ ਤੇਜਵੀਰ ਸਿੰਘ ਸੂਦਨ ਦੀ ਅਗਵਾਈ ਹੇਠ ਏਕਮ ਕੌਰ, ਜਸਕੀਰਤ ਸਿੰਘ, ਮਨਤੇਜ ਸਿੰਘ ਅਤੇ ਨਵਰੂਪ ਕੌਰ ਨੇ ਸ਼ਬਦ ਗਾਇਨ ਕੀਤਾ।

ਰੰਗਲਾ ਪੰਜਾਬ ਦੀ ਐਮ ਸੀ ਅੰਮ੍ਰਿਤ ਪਾਲ ਕੌਰ ਨੇ ਸਭਨਾਂ ਨੂੰ ਵਿਸਾਖੀ ਦੀਆਂ ਮੁਬਾਰਕਾਂ ਦਿੰਦਿਆਂ ਵਿਸਾਖੀ ਦੀ ਮਹੱਤਤਾ ਬਾਰੇ ਦੱਸਿਆ

ਬੱਚਿਆਂ, ਗੱਭਰੂ-ਮੁਟਿਆਰਾਂ ਨੇ ਵਧੀਆ ਭੰਗੜਾ-ਗਿੱਧਾ ਪਾ ਕੇ ਦਰਸ਼ਕਾਂ ਨੂੰ ਝੂਮਣ ਲਾ ਦਿੱਤਾ। ਇਨ੍ਹਾਂ ਬੱਚਿਆਂ ਦੀਆਂ ਤਿਆਰੀ, ਕੋ-ਆਰਡੀਨੇਟਰ ਕਮਲ ਢੀਂਡਸਾ, ਗਗਨਦੀਪ ਸਿੰਘ, ਕਮਲਜੀਤ ਗਿੱਲ ਅਤੇ ਅਮਰਜੋਤ ਮਹਿਰਾ, ਕੇਵਿਨਦੀਪ ਸਿੰਘ ਅਟਵਾਲ ਅਤੇ ਜਸਪਾਲ ਸਿੰਘ ਸੈਣੀ, ਬਲਜੀਤ ਕੌਰ, ਨੇਹਾ ਸੋਬਤੀ, ਡੀ ਜੇ ਸੈਣੀ ਅਤੇ ਜਸਪਾਲ ਬੱਚੂ, ਨਵਜੋਧ ਸਿੰਘ ਬਾਜਵਾ, ਨਵਤੇਜ ਸਿੰਘ ਸੋਹੀ, ਰਾਜਪ੍ਰੀਤ ਕੌਰ, ਕਵਲਜੀਤ ਕੌਰ ਅਤੇ ਪਾਇਲ ਵਿਰਦੀ, ਅਮਨਦੀਪ ਸਿੰਘ ਕੁਲਾਰ, ਗੁਰਇਕਬਾਲ ਭੁੱਲਰ, ਸਹਿਜ ਕੌਰ ਸਿੱਧੂ ਅਤੇ ਗੁਣਤਾਸ ਕੌਰ, ਜਸਵੀਰ ਸਿੰਘ, ਹਰਮਨ ਕੌਰ, ਹਰਪਿੰਦਰ ਕੌਰ, ਸੋਨੀ ਜੱਜ, ਪ੍ਰੇਰਣਾ ਆਰਿਆ ਅਤੇ ਸੰਗੀਤਾ ਠਾਕਰੇ ਨੇ ਕਰਵਾਈ ਸੀ। ਕਿਰਨਦੀਪ ਕੌਰ, ਕਬੀਰ ਵਿਰਕ ਅਤੇ ਆਰੋਨ ਸੋਹੀ ਅਤੇ ਜੈਸਮੀਨ ਕੌਰ ਤੇ ਰੀਆ ਕੌਰ ਹੁੰਜਨ ਨੇ ਸਟੇਜ ਦੀ ਕਾਰਵਾਈ ਬਾਖੂਬੀ ਸੰਭਾਲੀ।

ਜੋ, ਸੱਭਿਆਚਾਰਕ ਜਸ਼ਨਾਂ ਅਤੇ ਲੀਡਰਸ਼ਿਪ ਦੁਆਰਾ ਭਾਈਚਾਰੇ ਨੂੰ ਉੱਚਾ ਚੁੱਕਣ ਦੇ ਆਪਣੇ ਮਿਸ਼ਨ ਦੀ ਪੁਸ਼ਟੀ ਕਰਦਾ ਹੈ।" ਉਨ੍ਹਾਂ ਨੇ ਬੱਚਿਆਂ, ਉਨ੍ਹਾਂ ਦੇ ਮਾਪਿਆਂ ਅਤੇ ਪੀ ਸੀ ਐਸ ਦੀ ਪੂਰੀ ਟੀਮ ਦੀ ਸ਼ਲਾਘਾ ਕੀਤੀ, ਜਿਨ੍ਹਾਂ ਦੀ ਸਖ਼ਤ ਮਿਹਨਤ ਨਾਲ ਹਰ ਸਾਲ ਇਹ ਪ੍ਰੋਗਰਾਮ ਸਿਰੇ ਚੜ੍ਹਦਾ ਹੈ। ਉਨ੍ਹਾਂ ਬੀ.ਓ.ਡੀ ਦੀ ਸਮੁੱਚੀ ਟੀਮ ਖਾਸ ਕਰਕੇ ਗੁਰਲਾਲ ਭੱਠਲ, ਗੁਰਪ੍ਰੀਤ ਸਿੱਧੂ, ਬਿਕਰਮ ਸੋਹੀ, ਜਿਗਰਦੀਪ ਢਿੱਲੋਂ, ਅਮਿਤ ਪਾਲ ਗਿੱਲ, ਜੋਤੀ ਪਰਮਾਰ, ਪਰਮਵੀਰ ਕੌਰ, ਤੇਜਵੀਰ ਸੂਦਨ, ਭੁਪਿੰਦਰ ਧਾਲੀਵਾਲ, ਪਰਵਿੰਦਰ ਨਨੂਆ, ਪਾਲ ਲੈਲ, ਭਿੰਦਰ ਪੰਮਾ, ਗੁਰਜੀਤ ਪਲੀਆ, ਸਾਬਕਾ ਪ੍ਰਧਾਨ ਮਨਜੀਤ ਭੱਲਾ, ਸਾਬਕਾ ਚੇਅਰਮੈਨ ਡਾ: ਵਿਕਰਮਜੀਤ ਗਿੱਲ, ਅਮਰਜੀਤ ਅਟਵਾਲ, ਵਿੱਕ ਸਿੰਘ, ਬਲਵਿੰਦਰ ਗਿਰਨ, ਮਹਿੰਦਰਜੀਤ ਸੈਣੀ, ਰਜਿੰਦਰ ਸਿੰਘ ਮਾਗੋ ਦਾ ਇਸ ਸਮਾਗਮ ਨੂੰ ਸਹਿਯੋਗ ਦੇਣ ਤੇ ਤਨਦੇਹੀ ਨਾਲ ਸਿਰੇ ਚੜ੍ਹਾਉਣ

ਸੀ, ਜਿਸ ਵਿਚ ਆਪਣਿਆਂ ਦਾ ਨਿੱਘ ਸੀ। ਲੋਕ ਆਡੀਟੋਰੀਅਮ ਦੇ ਨਾਲ-ਨਾਲ ਲਾਬੀ ਵਿਚ ਖਚਾਖਚ ਭਰੇ ਹੋਏ ਸਨ। ਰੰਗ-ਬਿਰੰਗੇ ਪਹਿਰਾਵੇ ਅਤੇ ਪੱਗਾਂ ਨੇ ਇਸ ਨੂੰ ਅਭੁੱਲ ਬਣਾ ਦਿੱਤਾ ਹੈ।"

ਸਾਬਕਾ ਚੇਅਰਮੈਨ ਡਾ. ਵਿਕਰਮ ਗਿੱਲ ਨੇ ਆਪਣੇ ਭਾਸ਼ਣ ਦੌਰਾਨ ਪੰਜਾਬ ਅਤੇ ਪੰਜਾਬੀਅਤ ਦੀ ਗੱਲ ਕੀਤੀ।

ਪ੍ਰੋਗਰਾਮ ਦੇ ਗ੍ਰੈਂਡ ਸਪਾਂਸਰ ਡਾ. ਨਰਿੰਦਰ ਸਿੰਘ ਗਰੇਵਾਲ ਅਤੇ ਪਲੈਟੀਨਮ ਸਪਾਂਸਰ ਕੇਵਿਨਦੀਪ ਸਿੰਘ ਅਟਵਾਲ, ਗੋਲਡਨ ਸਪਾਂਸਰ ਜੈਦੇਵ ਸਿੰਘ ਭੱਠਲ, ਤਨੂ ਬਲਜੀਤ ਮਾਂਗਟ, ਗੁਲਜ਼ਾਰ ਮੁਲਤਾਨੀ ਅਤੇ ਡਾ. ਹਰਜਿੰਦਰ ਖਹਿਰਾ ਸਨ। ਪੀਸੀਐਸ ਵਲੋਂ ਸਪਾਂਸਰਾਂ ਨੂੰ ਪਲੇਕਾਂ ਦੇ ਕੇ ਸਨਮਾਨਿਤ ਵੀ ਕੀਤਾ ਗਿਆ। ਪ੍ਰਧਾਨ ਨਵਤੇਜ ਸਿੰਘ ਸੋਹੀ ਅਤੇ ਚੇਅਰਮੈਨ ਡਾ. ਪਰਮ ਪੁਨੀਤ ਸਿੰਘ ਅਤੇ ਪੀਸੀਐਸ ਟੀਮ ਦੀ ਅਗਵਾਈ ਹੇਠ ਇਹ ਪ੍ਰੋਗਰਾਮ ਯਾਦਗਾਰੀ ਹੋ ਨਿੱਬੜਿਆ।

# ਪੀ.ਸੀ.ਐੱਸ. ਦੇ 'ਰੰਗਲਾ ਪੰਜਾਬ-2025' ਦੀਆਂ ਕੁਝ ਹੋਰ ਤਸਵੀਰਾਂ






















**ਫੋਟੋਗ੍ਰਾਫੀ ਤੇ ਵੀਡੀਓਗ੍ਰਾਫੀ:**
**ਬਲਿੰਗ ਕ੍ਰਿਏਸ਼ਨਜ਼**

# ਜਲੇਬੀ ਵਰਗਾ ਕਹਾਣੀਕਾਰ ਸੁਖਜੀਤ


ਕਤਰੀ ਦਾੜ੍ਹੀ, ਪਿੱਛੇ ਵੱਲ ਵਾਹੇ ਹੋਏ ਲੰਬੇ ਵਾਲ ਤੇ ਭਰਵਾਂ ਜੁੱਸਾ। ਵਿਦਵਤਾ ਵਾਲੀ ਤੇ ਧੜੱਲੇਦਾਰ ਸ਼ਖ਼ਸੀਅਤ। ਚੁਗਾਠਾ ਚੌੜਾ ਤੇ ਲੰਬੇ ਕੱਦ ਕਰਕੇ ਉਸ ਨੂੰ ਕਮੀਜ਼-ਪਜਾਮਾ ਫਬ ਰਿਹਾ ਸੀ। ਜਿਉਂ ਹੀ ਉਸ ਨੇ ਖਚਾਖਚ ਭਰੇ ਹਾਲ ਵਿੱਚ ਪ੍ਰਵੇਸ਼ ਕੀਤਾ ਤਾਂ ਸਭ ਨੂੰ ਸਹਿਜੇ ਹੀ ਪਛਾਣ ਆ ਗਈ ਕਿ ਸਮਾਗਮ ਦਾ ਕੇਂਦਰ ਬਿੰਦੂ ਤੇ ਕਹਾਣੀਕਾਰ ਸੁਖਜੀਤ ਇਹੀ ਹੈ। ਉਸ ਦਾ ਸਰੂਰ, ਸਲੀਕਾ ਤੇ ਪੁਸ਼ਾਕ ਦਰਸਾਉਂਦੇ ਸਨ ਕਿ ਉਹ ਸਵੈ-ਅਨੁਸ਼ਾਸਿਤ ਤੇ ਮੜ੍ਹਕ ਵਾਲਾ ਪੰਜਾਬੀ ਹੈ। ਉਸ ਦਾ ਮੜ੍ਹਕ ਨਾਲ ਤੁਰਨ ਵਾਲਾ ਲਹਿਜ਼ਾ ਤੇ ਤੱਕਣੀ 'ਚ ਪੁਲੀਸ ਅਫਸਰਾਂ ਵਾਲਾ ਰੋਅਬ ਵੀ ਉਸ ਨੂੰ ਹੋਰਨਾਂ ਲੋਕਾਂ ਨਾਲੋਂ ਨਿਖੇੜਦਾ।

ਰੂ-ਬ-ਰੂ ਸਮਾਗਮ ਦੀ ਪਰੰਪਰਾ ਅਨੁਸਾਰ ਸੁਖਜੀਤ ਦਾ ਸਵਾਗਤ ਕੀਤਾ ਅਤੇ ਉਸ ਨੂੰ ਬੂਟਾ ਪ੍ਰਸ਼ਾਦ ਭੇਟ ਕੀਤਾ ਗਿਆ। ਫਿਰ ਸੁਖਜੀਤ ਨੇ ਆਪਣੇ ਜੀਵਨ ਤੇ ਸਾਹਿਤਕ ਸਫ਼ਰ ਬਾਰੇ ਬੋਲਣਾ

**ਡਾ. ਸੁਖਦਰਸ਼ਨ ਸਿੰਘ ਚਹਿਲ**
**ਫੋਨ: 97795-90575**

ਸ਼ੁਰੂ ਕੀਤਾ ਤਾਂ ਵਿਲੱਖਣ ਕਿਸਮ ਦਾ ਸੰਨਾਟਾ ਛਾ ਗਿਆ, ਹਰ ਕੋਈ ਇਸ ਵਿਲੱਖਣ ਜਾਪਦੀ ਸ਼ਖ਼ਸੀਅਤ ਨੂੰ ਸੁਣਨ ਲਈ ਬੇਤਾਬ ਜਾਪਦਾ ਸੀ। ਉਸ ਨੇ ਆਪਣੇ ਨਿਡੱਰ ਸੁਭਾਅ ਪਿੱਛੇ ਛੁਪੇ ਰਾਜ਼ ਬਾਰੇ ਦੱਸਦਿਆਂ ਭਾਸ਼ਨ ਦੀ ਸ਼ੁਰੂਆਤ ਕੀਤੀ, 'ਪਾਕਿਸਤਾਨ ਤੋਂ ਆ ਕੇ ਸਾਡੇ ਪਰਿਵਾਰ ਮਾਲਵੇ 'ਚ ਪੈਰ ਜਮਾਉਣ ਲਈ ਯਤਨਸ਼ੀਲ ਸਨ। ਅਸੀਂ ਖੇਤਾਂ 'ਚ ਹੀ ਛੱਪਰ (ਸਰਕੜੇ ਦੀ ਛੱਤ ਵਾਲੀ ਝੁੱਗੀ) 'ਚ ਰਹਿੰਦੇ ਸੀ। ਇੱਕ ਵਾਰ ਸ਼ਾਮ ਨੂੰ ਸਾਡੇ ਚੁੱਲ੍ਹੇ-ਚੌਂਕੇ ਵੱਲ ਸੱਪ ਆ ਗਿਆ। ਮੇਰੀ ਮਾਂ ਨੇ ਮੈਨੂੰ ਹਾਕ ਮਾਰ ਕੇ ਕਿਹਾ ਕਿ ਲਿਆ ਵੇ ਸੋਟੀ, ਦੇਖਦਾ ਕੀ ਏਂ? ਮੈਂ ਸੋਟੀ ਲਿਆਇਆ ਤੇ ਸੱਪ ਮਾਰ ਦਿੱਤਾ। ਇਸ ਤਰ੍ਹਾਂ ਦੀਆਂ ਘਟਨਾਵਾਂ ਸਦਕਾ ਬਚਪਨ 'ਤੋਂ ਹੀ ਮੇਰੇ ਸੁਭਾਅ ਨੂੰ ਦਲੇਰੀ ਦੀ ਪਾਣ ਚੜ੍ਹਨੀ ਸ਼ੁਰੂ ਹੋ ਗਈ। ਇਸੇ ਤਰ੍ਹਾਂ ਇੱਕ ਵਾਰ ਬਹੁਤ ਜ਼ਿਆਦਾ ਹਨੇਰੀ ਆਈ ਤੇ ਸਾਨੂੰ ਪਤਾ ਹੀ ਨਹੀਂ ਲੱਗਿਆ ਕਦੋਂ ਸਾਡਾ ਛੱਪਰ ਉੱਡ ਗਿਆ। ਜਦੋਂ ਮੇਰੀ ਅੱਖ ਖੁੱਲ੍ਹੀ ਤਾਂ ਸੋਚਿਆ ਕਿ ਸਾਡੇ ਛੱਪਰ 'ਚੋਂ ਤਾਰੇ ਕਿਵੇਂ ਦਿਖਾਈ ਦੇਣ ਲੱਗ ਗਏ। ਇਸ ਤਰ੍ਹਾਂ ਝੱਖੜਾਂ-ਝੋਲਿਆਂ 'ਚ ਛੱਪਰ 'ਚ ਜੀਵਨ ਬਸਰ ਕਰਦਿਆਂ ਸ਼ੁਰੂ ਤੋਂ ਹੀ ਹਰ ਮੌਸਮ ਦਾ ਜੁਝਾਰੂ ਬਣ ਕੇ ਟਾਕਰਾ ਕਰਨਾ ਮੇਰੇ ਸੁਭਾਅ ਦਾ ਹਿੱਸਾ ਬਣ ਗਿਆ।'

ਸਾਹਿਤਕ ਚੇਟਕ ਬਾਰੇ ਸੁਖਜੀਤ ਨੇ ਆਪਣੇ ਬਚਪਨ ਦੀਆਂ ਨਿੱਕੀਆਂ-ਨਿੱਕੀਆਂ ਘਟਨਾਵਾਂ ਦੱਸੀਆਂ, 'ਮੇਰੇ ਪਿਤਾ ਜੀ ਧਾਰਮਿਕ ਸਾਹਿਤ ਪੜ੍ਹਨ ਦੇ ਸ਼ੌਕੀਨ ਸਨ। ਉਹ ਗੁਰੂ ਸਾਹਿਬਾਨ ਦੀਆਂ ਸਾਖੀਆਂ ਤੇ ਹੋਰ ਗ੍ਰੰਥ ਬਹੁਤ ਰੀਝ ਨਾਲ ਪੜ੍ਹਦੇ ਸਨ। ਉਹ ਚਾਹੁੰਦੇ ਸਨ ਕਿ ਮੈਂ ਉਨ੍ਹਾਂ ਵਾਂਗ ਹੀ ਪੜ੍ਹਨ-ਲਿਖਣ ਨਾਲ ਜੁੜਾਂ। ਇਸੇ ਕਰਕੇ ਉਨ੍ਹਾਂ ਸਕੂਲ ਪੜ੍ਹਨ ਲਾਉਣ ਤੋਂ ਪਹਿਲਾਂ ਹੀ ਧਰਤੀ 'ਤੇ ਸੁਆਹ ਵਿਛਾ ਕੇ, ਮੈਨੂੰ ਗੁਰਮੁਖੀ ਲਿਖਣੀ ਸਿਖਾਉਣੀ ਸ਼ੁਰੂ ਕਰ ਦਿੱਤੀ। ਇਸ ਤਰ੍ਹਾਂ ਮੈਂ ਪਹਿਲੀ ਜਮਾਤ 'ਚ ਦਾਖਲ ਹੋਣ ਵੇਲੇ ਤੱਕ ਗੁਰਮੁਖੀ ਦੀ ਵਰਣਮਾਲਾ ਲਿਖਣੀ ਤੇ ਪੜ੍ਹਨੀ ਸਿੱਖ ਗਿਆ। ਪਹਿਲੀ ਜਮਾਤ 'ਤੋਂ ਹੀ ਪਿਤਾ ਜੀ ਦੁਆਰਾ ਪੜ੍ਹੇ ਜਾਣ ਵਾਲੇ ਗ੍ਰੰਥ ਪੜ੍ਹਨ ਦੀ ਕੋਸ਼ਿਸ਼ ਕਰਨ ਲੱਗਿਆ। ਜਿਸ ਕਰਕੇ ਮੈਂ ਤੀਸਰੀ ਜਮਾਤ 'ਚ ਹੀ ਮਹਾਂਭਾਰਤ ਦੀ ਕਥਾ ਕਰਨ ਲੱਗਿਆ। ਇਸ ਦੇ ਸਮਾਨਾਂਤਰ ਹੀ ਮੈਂ ਆਪਣੇ ਮਨ 'ਚ ਕਹਾਣੀਆਂ ਬੁਣਨ ਲੱਗਿਆ ਪਰ ਸਮਝ ਨਾ ਆਉਂਦੀ ਕਿ ਇਨ੍ਹਾਂ ਨੂੰ ਲਿਖਾਂ ਕਿਵੇਂ?'



ਕਹਾਣੀਕਾਰ ਸੁਖਜੀਤ

ਆਪਣੀ ਕਹਾਣੀ ਸਿਰਜਣਾ ਬਾਰੇ ਸੁਖਜੀਤ ਛੋਟੀਆਂ ਪਰ ਰੋਚਕ ਗੱਲਾਂ ਦਾ ਭੰਡਾਰ ਸਮੋਈ ਬੈਠਾ ਸੀ। ਉਸ ਕੋਲ ਆਪਣੀ ਹਰੇਕ ਕਹਾਣੀ ਪਿੱਛੇ ਛੁਪਿਆ ਕਿੱਸਾ ਸੀ। ਉਹ ਬੇਬਾਕੀ ਨਾਲ ਦੱਸਦਾ, 'ਕੋਈ ਸਮਾਂ ਸੀ ਜਦੋਂ ਹਿੰਦੀ ਟੀਵੀ ਜਗਤ 'ਚ ਅੰਤਰਾ ਮਾਲੀ ਨਾਮ ਦੀ ਅਦਾਕਾਰਾ ਦੀ ਤੂਤੀ ਬੋਲਦੀ ਸੀ। ਉਸ ਦਾ ਨਾਮ ਮੈਨੂੰ ਬੜਾ ਪਸੰਦ ਆਇਆ। ਉਸ ਦੇ ਨਾਮ 'ਤੇ ਹੀ ਕਹਾਣੀ ਮੇਰੇ ਅੰਦਰ ਉਸਲਵੱਟੇ ਲੈਣ ਲੱਗੀ ਤੇ ਹੌਲੀ-ਹੌਲੀ ਮੈਂ ਇਹ ਕਹਾਣੀ ਲਿਖ ਦਿੱਤੀ ਅਤੇ ਮੇਰੀ ਕਿਤਾਬ ਦਾ ਟਾਈਟਲ ਵੀ ਬਣ ਗਈ। ਇਸੇ ਤਰ੍ਹਾਂ ਇੱਕ ਵਾਰ ਨਾਮਧਾਰੀ ਦਰਬਾਰ ਭੈਣੀ ਸਾਹਿਬ ਦੇ ਪੈਰੋਕਾਰਾਂ ਦਾ ਕਸ਼ਮੀਰ ਤੋਂ ਕੰਨਿਆਕੁਮਾਰੀ ਤੱਕ ਇੱਕ ਟੂਰ ਜਾਣਾ ਸੀ। ਇਸ ਟੂਰ 'ਤੇ ਸੰਗਤ ਨੂੰ ਲਿਜਾਣ ਵਾਲੀ ਬੱਸ ਚਲਾਉਣ ਦੀ ਜ਼ਿੰਮੇਵਾਰੀ ਮੇਰੀ ਸੀ। ਟੂਰ ਵਾਲੇ ਦਿਨ ਮੈਨੂੰ ਇੱਕ ਲੜਕੀ ਦੀ ਬਹੁਤ ਸੋਹਣੀ ਤਸਵੀਰ ਮਿਲੀ। ਇਹ ਤਸਵੀਰ ਖਿੱਚਣ ਵਾਲੇ ਫੋਟੋਗ੍ਰਾਫਰ ਦਾ ਕਮਾਲ ਸੀ ਕਿ ਤਸਵੀਰ ਦੇਖ ਕੇ ਜਾਪਦਾ ਸੀ ਜਿਵੇਂ ਲੜਕੀ ਹੱਸੇਗੀ। ਇਹ ਤਸਵੀਰ ਮੈਂ ਡਰਾਈਵਰ ਸੀਟ ਸਾਹਮਣੇ ਲੱਗੇ ਸ਼ੀਸ਼ੇ ਦੇ ਇੱਕ ਖੂੰਜੇ 'ਚ ਲਗਾ ਦਿੱਤੀ। ਇਸ ਬੱਸ 'ਚ ਲਗਾਈ ਇਸ ਤਸਵੀਰ ਵੱਲ ਹਰ ਕੋਈ ਬਹੁਤ ਗਹੁ ਨਾਲ ਦੇਖਦਾ ਪਰ ਇਹ ਕਿਸੇ ਨੇ ਨਾ ਕਿਹਾ ਕਿ ਤਸਵੀਰ ਉਤਾਰ ਦੇਵੋ। ਇਸ 'ਤੋਂ ਮੈਨੂੰ ਅਹਿਸਾਸ ਹੋਇਆ ਕਿ ਹਰ ਕੋਈ ਇਸ ਤਸਵੀਰ ਨੂੰ ਪਸੰਦ ਕਰਦਾ ਹੈ। ਇਹ ਤਸਵੀਰ ਵੀ ਮੇਰੀ ਇੱਕ ਕਹਾਣੀ ਦੀ ਸਿਰਜਣਾ ਦਾ ਆਧਾਰ ਬਣੀ। ਜਿਵੇਂ ਇਸ ਤਸਵੀਰ ਨੂੰ ਦੇਖ ਕੇ ਹਰ ਕੋਈ ਉਡੀਕ ਕਰਦਾ ਸੀ ਕਿ ਲੜਕੀ ਹੱਸੇਗੀ, ਇਸੇ ਤਰ੍ਹਾਂ ਇਨਸਾਨ ਸਾਰੀ ਉਮਰ ਇਸੇ ਉਡੀਕ 'ਚ ਰਹਿੰਦਾ ਹੈ ਕਿ ਜ਼ਿੰਦਗੀ ਹੱਸੇਗੀ ਪਰ ਹੱਸਦੀ ਨਹੀਂ। ਇਹ ਘਟਨਾ ਮੇਰੀ ਕਹਾਣੀ 'ਜ਼ਿੰਦਗੀ ਹੱਸੂਗੀ ਪਰ ਨਹੀਂ' ਦਾ ਆਧਾਰ ਬਣੀ। ਇਸੇ ਤਰ੍ਹਾਂ ਮੈਂ ਇੱਕ ਵਾਰ ਦਿੱਲੀ ਵਿਖੇ ਕਿਸੇ ਐੱਮ.ਪੀ. ਦੇ ਘਰ 15-20 ਦਿਨ ਰਿਹਾ। ਵਿਹਲੇ ਸਮੇਂ 'ਚ ਮੰਤਰੀ ਦੇ ਸੁਰੱਖਿਆ ਗਾਰਡਾਂ ਕੋਲ ਬੈਠ ਜਾਂਦਾ। ਮੰਤਰੀ ਦੀ ਕੋਠੀ ਦੇ ਅੱਗੇ ਦੀ ਇੱਕ ਲੜਕੀ ਹਰ ਰੋਜ਼ ਲੰਘਦੀ ਸੀ। ਗਾਰਡ ਦਾ ਦਿਲ ਕਰਦਾ ਸੀ ਕਿ ਉਹ ਉਸ ਲੜਕੀ ਨੂੰ ਕੁਝ ਕਹਿਣ ਤੇ ਅੱਗਿਓਂ ਉਹ ਵੀ ਜੁਆਬ ਦੇਵੇ। ਪਰ ਉਹ ਡਿਊਟੀ ਅਜਿਹੀ ਕਰ ਰਹੇ ਸਨ ਕਿ ਅਜਿਹਾ ਕਰਨਾ ਉਨ੍ਹਾਂ ਨੂੰ ਸ਼ੋਭਾ ਨਹੀਂ ਦਿੰਦਾ ਸੀ। ਕੁਝ ਦਿਨਾਂ ਬਾਅਦ ਉਨ੍ਹਾਂ ਕਹਿਣਾ ਸ਼ੁਰੂ ਕਰ ਦਿੱਤਾ ਕਿ ਲੜਕੀ ਦਾ ਚਾਲ-ਚੱਲਣ ਠੀਕ ਨਹੀਂ ਹੈ। ਮੈਂ ਇੱਕ ਦਿਨ ਸਬੱਬ ਨਾਲ ਹੀ ਨੇੜਲੀ ਮਾਰਕੀਟ ਵਿਚ ਕੋਈ ਕੰਮ ਗਿਆ ਤੇ ਉਸ ਲੜਕੀ ਨੂੰ ਕਿਸੇ ਦਫਤਰ 'ਚ ਕੰਮ ਕਰਦੀ ਦੇਖਿਆ। ਉਹ ਬੜੀ ਗੰਭੀਰਤਾ ਨਾਲ ਆਪਣੇ ਕੰਮ 'ਚ ਰੁੱਝੀ ਹੋਈ ਸੀ। ਗਾਰਡਾਂ ਨੇ ਉਸ ਲੜਕੀ ਬਾਰੇ ਫਿਰ ਇਤਰਾਜ਼ਯੋਗ ਸ਼ਬਦ ਵਰਤੇ ਤਾਂ ਮੈਂ ਉਨ੍ਹਾਂ ਨੂੰ ਲੜਕੀ ਦੇ ਨੌਕਰੀਸ਼ੁਦਾ ਹੋਣ ਬਾਰੇ ਚਾਨਣਾ ਪਾਇਆ। ਫਿਰ ਕਿਤੇ ਇਸ ਚੁੰਝ-ਚਰਚਾ ਨੂੰ ਵਿਰਾਮ ਲੱਗਿਆ। ਇਸ ਘਟਨਾ 'ਚੋਂ ਮੇਰੀ ਕਹਾਣੀ 'ਸਤਾਈ ਮੀਲ' ਉਸਰੀ।' ਸੁਖਜੀਤ ਸੱਤਾ ਦੀਆਂ ਆਪਹੁਦਰੀਆਂ ਤੇ ਸੁਭਾਅ ਬਾਰੇ ਵੀ ਆਪਣੀ ਕਹਾਣੀਆਂ ਰਾਹੀਂ ਸੱਚ ਬੋਲਣ 'ਤੋਂ ਨਹੀਂ ਝਿਜਕਦਾ ਸੀ। 'ਇਸੇ ਤਰ੍ਹਾਂ ਮੇਰੀ ਕਹਾਣੀ 'ਮੈਂ ਇਨਜਾਏ ਕਰਦੀ ਹਾਂ' ਇੱਕ ਅਜਿਹੀ ਲੜਕੀ ਦੇ ਜੀਵਨ 'ਤੇ ਆਧਾਰਿਤ ਹੈ ਜਿਸ ਦਾ ਕਿਸੇ ਆਸ਼ਰਮ/ਡੇਰੇ 'ਚ ਸ਼ੋਸ਼ਣ ਹੁੰਦਾ ਹੈ। ਹੌਲੀ-ਹੌਲੀ ਉਹ ਡੇਰੇ ਦੇ ਮਾਹੌਲ ਨੂੰ ਸਮਝ ਜਾਂਦੀ ਹੈ ਤੇ ਸਮਾਂ ਪਾ ਕੇ ਖੁਦ ਡੇਰੇ ਦੀ ਸੰਚਾਲਕ ਬਣ ਜਾਂਦੀ ਅਤੇ ਸੱਤਾ ਦਾ ਆਨੰਦ ਮਾਣਦੀ ਹੈ। ਇਸ ਕਹਾਣੀ ਦਾ ਤੱਤਸਾਰ ਇਹ ਵੀ ਹੈ ਕਿ ਸੱਤਾ ਦੀਆਂ ਧੱਕੇਸ਼ਾਹੀਆਂ ਖਿਲਾਫ਼ ਲੜਦਾ ਰਿਹਾ ਵਿਅਕਤੀ ਵੀ ਕਈ ਵਾਰ ਸੱਤਾ ਹਾਸਲ ਕਰਕੇ ਖ਼ੁਦ ਵੀ ਪਹਿਲਾਂ ਵਾਲਿਆਂ ਵਾਂਗ ਮਨਮਰਜ਼ੀਆਂ ਕਰਦਾ ਹੈ। ਇਸ ਤਰ੍ਹਾਂ ਸੱਤਾ ਦੇ ਸੰਚਾਲਕ ਬਦਲਦੇ ਰਹਿੰਦੇ ਹਨ ਪਰ ਉਸ ਦਾ ਸਰੂਪ ਤੇ ਕਾਰਜਸ਼ੈਲੀ ਨਹੀਂ ਬਦਲਦੇ।'

ਇੱਛਾਵਾਂ ਤੇ ਸੁਫ਼ਨਿਆਂ ਬਾਰੇ ਸੁਖਜੀਤ ਬਹੁਤ ਸੋਹਣੇ ਤਰੀਕੇ ਨਾਲ ਮਨੋਵਿਗਿਆਨੀਆਂ ਵਾਂਗ ਸਮਝਾਉਂਦਾ ਸੀ, 'ਜੇਕਰ ਬੰਦੇ ਦਾ ਅਚੇਤ ਬਾਹਰ ਕੱਢ ਦੇਈਏ ਤਾਂ ਉਹ ਜਲਦੀ ਹੀ ਖ਼ੁਦਕੁਸ਼ੀ ਕਰ ਲਵੇ। ਅਚੇਤ ਮਨੁੱਖ ਦੀਆਂ ਪੂਰੀਆਂ ਨਾ ਹੋਣ ਵਾਲੀਆਂ ਸੱਧਰਾਂ ਦੇ ਸੁਫ਼ਨੇ ਸਿਰਜਦਾ ਹੈ ਤੇ ਵਿਅਕਤੀ ਅਜਿਹੇ ਸੁਫ਼ਨੇ/ਸੋਚਾਂ ਸਦਕਾ ਹੀ ਚਿੱਤ ਪਰਚਾਅ ਲੈਂਦਾ ਹੈ। ਜਿਸ ਕਾਰਨ ਉਸ ਦੀਆਂ ਇੱਛਾਵਾਂ 'ਤੇ ਵੀ ਕਾਬੂ ਪੈ ਜਾਂਦਾ ਹੈ।' ਪਰਵਾਸ ਬਾਰੇ ਸੁਖਜੀਤ ਬੜੀ ਬੇਬਾਕੀ ਨਾਲ ਬੋਲਿਆ, 'ਤੁਰਨਾ ਮਨੁੱਖ ਦੀ ਫਿਤਰਤ ਹੈ। ਹਮੇਸ਼ਾ ਹੀ ਜ਼ਿਆਦਾਤਰ ਮਨੁੱਖ ਬਿਹਤਰ ਜ਼ਿੰਦਗੀ ਦੀ ਉਮੀਦ ਨਾਲ ਜਾਂ ਖਿੱਤੇ ਦੇ ਹਾਲਾਤ ਜਾਂ ਆਪਣੀ ਖੋਜੀ ਬਿਰਤੀ ਕਾਰਨ ਪਰਵਾਸ ਕਰਦੇ ਰਹਿੰਦੇ ਹਨ।' ਸਾਹਿਤ ਰਚਨਾ ਸੰਬੰਧੀ ਉਸ ਨੇ ਦੱਸਿਆ ਕਿ ਉਹ ਬਚਪਨ 'ਚ ਮਾਪਿਆਂ ਵੱਲੋਂ ਕੀਤੀ ਗਈ ਪਰਵਰਿਸ਼ ਸਦਕਾ ਕਦੇ ਕਿਸੇ ਮੁਸ਼ਕਿਲ, ਦੁੱਖ-ਤਕਲੀਫ਼ ਜਾਂ ਚੁਣੌਤੀ 'ਤੋਂ ਭੱਜਿਆ ਨਹੀਂ ਸਗੋਂ ਉਸ ਨਾਲ ਖਹਿ ਕੇ, ਟੱਕਰ ਲੈ ਕੇ ਅੱਗੇ ਵਧਿਆ। ਇਸ ਕਰਕੇ ਬਹੁਤ ਸਾਰੇ ਰੌਚਕ ਕਿੱਸੇ ਤੇ ਘਟਨਾਵਾਂ ਅਕਸਰ ਹੀ ਉਸ ਨੂੰ ਤੰਗ ਕਰ ਜਾਂਦੀਆਂ ਜੋ ਕਹਾਣੀ ਦਾ ਰੂਪ ਧਾਰ ਲੈਂਦੀਆਂ ਸਨ। ਬਹੁਤ ਸਾਰੇ ਮੁਹਾਵਰੇ ਤੇ ਕਹਾਵਤਾਂ ਪਿੱਛੇ ਛੁਪੇ ਤੱਥ, ਤਜਰਬੇ ਤੇ ਘਟਨਾਵਾਂ ਉਸ ਨੂੰ ਤੰਗ ਕਰਨ ਲੱਗ ਜਾਂਦੇ ਅਤੇ ਇਹ ਬੋਝ ਉਹ ਕਹਾਣੀ ਸਿਰਜ ਕੇ ਉਤਾਰਦਾ। ਇਸ ਧਾਰਨਾ ਬਾਰੇ ਵਿਸਥਾਰ 'ਚ ਜਾਂਦਿਆਂ ਸੁਖਜੀਤ ਨੇ ਇੱਕ ਕਿੱਸਾ ਸੁਣਾਇਆ, 'ਤੂਤ ਵਰਗੀ ਲੱਕੜ ਨਹੀਂ ਜੇ ਟੁੱਟੇ ਨਾ, ਜੱਟ ਵਰਗੀ ਜ਼ੁਬਾਨ ਨਹੀਂ ਜੇ ਮੁੱਕਰੇ ਨਾ। ਇਸ ਅਖੌਤ ਦੀ ਖੋਜ ਲਈ ਮੈਂ ਕਾਫ਼ੀ ਵੱਡੀ ਉਮਰ ਦੇ ਵਿਅਕਤੀ ਨਾਲ ਗੱਲ ਕੀਤੀ। ਫਿਰ ਕਿਤੇ ਜਾ ਕੇ ਇਸ ਦਾ ਸਿਰਾ ਫੜਿਆ ਗਿਆ। ਇੱਕ ਵਾਰ ਇੱਕ ਜੱਟ ਨੇ ਆਪਣੀ ਮੱਝ ਵੇਚ ਦਿੱਤੀ। ਉਸ ਦੇ ਆਂਢੀ-ਗੁਆਂਢੀ ਕਹਿਣ ਲੱਗੇ ਕਿ ਮੱਝ ਸਸਤੀ ਵੇਚ ਦਿੱਤੀ। ਜੱਟ ਸੋਚਣ ਲੱਗਿਆ ਕਿ ਹੁਣ ਜ਼ੁਬਾਨ ਹੋ ਗਈ ਤੇ ਮੱਝ ਵੀ ਖਰੀਦਦਾਰ ਲੈ ਗਿਆ। ਅਜਿਹੇ ਹਾਲਾਤ 'ਚ ਮੁੱਕਰਨਾ ਔਖਾ ਹੈ। ਆਖ਼ਰ ਲੋਕਾਂ 'ਤੋਂ ਤੰਗ ਆ ਕੇ ਉਸ ਨੇ ਮੱਝ ਵਾਪਸ ਲਿਆਉਣ ਦਾ ਫ਼ੈਸਲਾ ਕੀਤਾ ਤੇ ਇੱਕ ਤਰਕੀਬ ਲੜਾਈ। ਉਹ ਮੱਝ ਖਰੀਦਣ ਵਾਲੇ ਕੋਲ ਗਿਆ। ਉਸ ਨੂੰ ਜਾ ਕੇ ਕਹਿੰਦਾ, 'ਮੇਰਾ ਚਾਰ ਕੁ ਸਾਲਾਂ ਦਾ ਪੁੱਤ ਜਿਸ ਦਿਨ ਦੀ ਮੱਝ ਵੇਚੀ ਏ ਰੋਣੋਂ ਨੀਂ ਹਟ ਰਿਹਾ ਤੇ ਕਹਿ ਰਿਹਾ ਮੱਝ ਲਿਆਓ।' ਮੱਝ ਖਰੀਦਣ ਵਾਲਾ ਜੱਟ ਦੀ ਗੱਲ ਸੁਣ ਕੇ ਪਿਘਲ ਗਿਆ ਤੇ ਉਸ ਨੇ ਜੱਟ 'ਤੋਂ ਪੈਸੇ ਲੈ ਲਏ ਤੇ ਮੱਝ ਵਾਪਸ ਕਰ ਦਿੱਤੀ।

ਸੁਖਜੀਤ ਜਿੰਨੀਆਂ ਸਾਹਿਤਕ ਗੱਲਾਂ ਖੁੱਲ੍ਹ ਕੇ ਕਰਦਾ, ਓਨੀਆਂ ਉਹ ਆਪਣੇ ਨਿੱਜੀ ਜੀਵਨ ਦੇ ਪੋਤੜੇ ਵੀ ਬੇਬਾਕੀ ਨਾਲ ਫਰੋਲਦਾ ਸੀ, 'ਜਦੋਂ ਮੇਰੀ ਮਾਂ ਮੈਨੂੰ ਕੁੱਟਦੀ ਜਾਂ ਹੋਰਨਾਂ ਦੋਸਤਾਂ ਦੀਆਂ ਮਾਵਾਂ ਉਨ੍ਹਾਂ ਨੂੰ ਕੁੱਟਦੀਆਂ ਤਾਂ ਮੈਂ ਸੋਚਦਾ ਕਿ ਮਾਵਾਂ ਅਜਿਹੀਆਂ ਹੁੰਦੀਆਂ ਨੇ, ਗੀਤਾਂ ਤੇ ਕਿੱਸਿਆਂ 'ਚ ਤਾਂ ਮਾਂ ਨੂੰ ਰੱਬ ਦਾ ਰੂਪ ਕਿਹਾ ਜਾਂਦਾ ਹੈ। ਇਸੇ ਤਰ੍ਹਾਂ ਜਦੋਂ ਮੈਂ ਸਰਪੰਚ ਹੁੰਦਾ ਸੀ ਤਾਂ ਕਈ ਵਾਰ ਪਿੰਡ ਦੀਆਂ ਔਰਤਾਂ ਆਪਣੇ ਪੁੱਤਰਾਂ ਦੀਆਂ ਸ਼ਿਕਾਇਤਾਂ ਲੈ ਕੇ ਆਉਂਦੀਆਂ ਤੇ ਕਹਿੰਦੀਆਂ, 'ਮੇਰੇ ਪੁੱਤ ਦੀਆਂ ਲੱਤਾਂ ਤੋੜ ਦੇ ਸਰਪੰਚਾ'। ਇਸ ਤਰ੍ਹਾਂ ਮੈਂ ਅਕਸਰ ਹੀ ਸੋਚਦਾ ਰਹਿੰਦਾ ਕਿ ਅਜਿਹਾ ਹੁੰਦੈ ਮਾਂ ਦਾ ਪਿਆਰ!'

ਸੁਖਜੀਤ ਆਪਣੀ ਪੇਂਡੂ ਪੁੱਠ ਵਾਲੀ ਭਾਸ਼ਾ 'ਚ ਜੀਵਨ ਦੇ ਤਜਰਬੇ ਸੁਣਾ ਕੇ ਸਰੋਤਿਆਂ ਨੂੰ ਕੀਲ ਲੈਂਦਾ ਸੀ। ਉਸ ਦੀ ਹਰੇਕ ਗੱਲ 'ਚ ਕੋਈ ਨਾ ਕੋਈ ਕਹਾਣੀ ਛੁਪੀ ਹੁੰਦੀ। ਇਸ ਗੁੰਝਲ ਕਰਕੇ ਹੀ ਕਈ ਵਾਰ ਉਸ ਦਾ ਸੁਭਾਅ ਜਲੇਬੀ ਵਰਗਾ ਜਾਪਦਾ ਸੀ। ਉਸ ਦਾ ਗੱਲਬਾਤ ਕਰਨ ਦਾ ਅੰਦਾਜ਼ ਇਸ ਤਰ੍ਹਾਂ ਕਿ ਉਸ ਦੀਆਂ ਗੱਲਾਂ 'ਚੋਂ ਜਲੇਬੀ ਵਾਂਗ ਰਸ ਚੋਂਦਾ ਸੀ। ਇਸੇ ਲਈ ਉਹ ਮਿਲਣ ਵਾਲਿਆਂ ਦੇ ਦਿਲ 'ਚ ਵਸ ਜਾਂਦਾ ਕਿਉਂਕਿ ਉਸ ਦਾ ਸਾਫ਼ਗੋਈ ਵਾਲਾ ਸੁਭਾਅ ਸਭ ਨੂੰ ਪ੍ਰਭਾਵਿਤ ਕਰਦਾ ਸੀ। ਬੇਵਕਤੀ ਮੌਤ ਦੀ ਆਗੋਸ਼ 'ਚ ਚਲੇ ਗਏ ਸੁਖਜੀਤ ਦੀਆਂ ਕਹਾਣੀਆਂ ਤੇ ਕਵਿਤਾਵਾਂ ਵਰਗੀਆਂ ਗੱਲਾਂ ਸਦਾ ਯਾਦ ਰਹਿਣਗੀਆਂ।

# ਚੱਪਲ ਵਰਗੇ ਸਾਥੀ.....!

ਜੀਵਨ ਇੱਕ ਅਜਿਹੀ ਰੇਲਗੱਡੀ ਵਾਂਗ ਹੈ, ਜਿਸ ਵਿਚ ਸਾਥੀਆਂ ਦੀ ਆਵਾਜਾਈ ਲਗਾਤਾਰ ਜਾਰੀ ਰਹਿੰਦੀ ਹੈ। ਇਹ ਸਾਥੀ ਕਦੇ ਮਿੱਤਰ ਦੇ ਰੂਪ ਵਿਚ ਮਿਲਦੇ ਹਨ, ਕਦੇ ਰਿਸ਼ਤੇਦਾਰ ਦੇ ਰੂਪ ਵਿਚ, ਕਦੇ ਸਹਿਯੋਗੀ ਬਣ ਕੇ, ਤਾਂ ਕਦੇ ਗੁਆਂਢੀ ਬਣ ਕੇ ਮਿਲਦੇ ਹਨ। ਪਰ ਹਰੇਕ ਸਾਥੀ ਸੱਚੇ ਦਿਲੋਂ ਸਾਥ ਨਿਭਾਵੇ, ਇਹ ਲਾਜ਼ਮੀ ਨਹੀਂ ਹੁੰਦਾ। ਜੀਵਨ ਦੀ ਇਸ ਰੇਲਗੱਡੀ ਵਿਚ ਅਨੇਕਾਂ ਸਾਥੀ ਅਜਿਹੇ ਵੀ ਹੁੰਦੇ ਹਨ ਜੋ ਚਿੱਟੇ ਕਾਗਜ਼ ਵਾਂਗ ਸਾਫ ਦਿਸਦੇ ਹਨ, ਪਰ ਅੰਦਰੋਂ ਅਜਿਹੇ ਕਾਲੇ ਕਿਰਦਾਰ ਵਾਲੇ ਹੁੰਦੇ ਹਨ ਜੋ ਸਿਰਫ਼ ਆਪਣੀ ਲਾਭ ਲੋਭੀ ਸੋਚ ਹੇਠ ਹੀ ਸਾਡੇ ਸਾਥੀ ਬਣੇ ਰਹਿੰਦੇ ਹਨ। ਇਹੋ ਜਿਹੇ ਸਾਥੀਆਂ ਦੀ ਤੁਲਨਾ ਜਦੋਂ ਅਸੀਂ

**ਸੰਦੀਪ ਕੁਮਾਰ**

'ਚੱਪਲ' ਨਾਲ ਕਰਦੇ ਹਾਂ, ਤਾਂ ਇਹ ਇਕ ਅਤਿਅੰਤ ਗੂੜ੍ਹੀ ਤੇ ਅਸਲੀਅਤ ਭਰੀ ਮਿਸਾਲ ਬਣ ਜਾਂਦੀ ਹੈ। ਬਰਸਾਤ ਦੇ ਦਿਨਾਂ ਵਿਚ ਜਦੋਂ ਅਸੀਂ ਚੱਪਲ ਪਾ ਕੇ ਕੱਚੀਆਂ ਰਾਹਵਾਂ 'ਤੇ ਜਾਂਦੇ ਹਾਂ, ਤਾਂ ਇਹ ਚੱਪਲ ਸਾਨੂੰ ਤੁਰਨ ਵਿਚ ਤਾਂ ਸਹਿਯੋਗ ਦਿੰਦੀ ਹੈ, ਪਰ ਨਾਲ ਹੀ ਪਿੱਛੇ ਪਾਣੀ ਦੇ ਗੰਦੇ ਛਿੱਟੇ ਵੀ ਸਾਡੀਆਂ ਪੈਂਟਾਂ ਤੇ ਕੁਰਤਿਆਂ ਉੱਤੇ ਪਾ ਦਿੰਦੀ ਹੈ। ਇਹੀ ਹਾਲਤ ਉਨ੍ਹਾਂ ਸਾਥੀਆਂ ਦੀ ਵੀ ਹੁੰਦੀ ਹੈ ਜੋ ਉਪਰੋਂ ਸਾਥੀ ਬਣ ਕੇ ਚਲਦੇ ਹਨ, ਪਰ ਅੰਦਰੋਂ ਸਾਡੀ ਨਿੰਦਾ, ਸਾਡਾ ਬੁਰਾ, ਸਾਡੀ ਨਕਾਮੀ ਅਤੇ ਅਸਫਲਤਾ ਦੀ ਖੁਸ਼ੀ ਅਤੇ ਸਫਲਤਾ ਦਾ ਦੁੱਖ ਮਨਾਉਂਦੇ ਹਨ।

ਕਈ ਵਾਰ ਇਹ ਸਾਥੀ ਸਾਡੀ ਜ਼ਿੰਦਗੀ ਵਿਚ ਇੰਨਾ ਨੇੜੇ ਹੋ ਜਾਂਦੇ ਹਨ ਕਿ ਅਸੀਂ ਉਨ੍ਹਾਂ ਉੱਤੇ ਪੂਰਾ ਭਰੋਸਾ ਕਰ ਲੈਂਦੇ ਹਾਂ। ਉਨ੍ਹਾਂ ਦੀ ਮੌਜੂਦਗੀ ਸਾਡੀ ਦਿਲਾਸਾ ਬਣ ਜਾਂਦੀ ਹੈ। ਪਰ ਜਿਵੇਂ ਹੀ ਅਸੀਂ ਅੱਗੇ ਵਧਣ ਦੀ ਕੋਸ਼ਿਸ਼ ਕਰਦੇ ਹਾਂ ਜਾਂ ਕੁਝ ਚੰਗਾ ਕਰਨ ਦਾ ਮਨ ਬਣਾਉਂਦੇ ਹਾਂ, ਇਹ ਚੱਪਲ ਵਰਗੇ ਸਾਥੀ ਓਦੋਂ ਸਾਡੀ ਪਿੱਠ ਪਿੱਛੇ ਅਜਿਹੀਆਂ ਗੱਲਾਂ ਫੈਲਾਉਣਾ ਸ਼ੁਰੂ ਕਰ ਦਿੰਦੇ ਹਨ ਜੋ ਸਾਡੀ ਸ਼ਖਸੀਅਤ ਨੂੰ ਗਿਰਾਉਣ ਵਾਲੀਆਂ ਹੁੰਦੀਆਂ ਹਨ। ਉਹ ਹਮੇਸ਼ਾ ਸਾਡੀਆਂ ਜੜ੍ਹਾਂ ਵੱਢਣ ਦੀ ਕੋਸ਼ਿਸ਼ ਕਰਦੇ ਹਨ, ਤਾਂ ਜੋ ਅਸੀਂ ਅੱਗੇ ਨਾ ਵਧ ਸਕੀਏ। ਇਹ ਸਾਥੀ ਦੋ ਮੂੰਹੇਂ ਸੱਪ ਜਾਂ ਦੋਗਲੇ ਕਿਰਦਾਰ ਵਾਲੇ ਹੁੰਦੇ ਹਨ। ਸਾਹਮਣੇ ਅਸੀਂ ਉਨ੍ਹਾਂ ਲਈ ਸਭ ਕੁਝ ਹਾਂ, ਉਨ੍ਹਾਂ ਦੇ ਮਨ ਦੀ ਧੜਕਣ ਹਾਂ, ਸੱਚੇ ਦੋਸਤ ਹਾਂ। ਪਰ ਜਿਵੇਂ ਹੀ ਅਸੀਂ ਉਨ੍ਹਾਂ ਦੇ ਘੇਰੇ ਵਿਚੋਂ ਬਾਹਰ ਆਉਂਦੇ ਹਾਂ, ਉਹੀ ਸਾਥੀ ਸਾਡੀ ਸਫਲ ਉਡਾਣ ਤੋਂ ਲੈ ਕੇ ਸਾਡੀਆਂ ਨਿੱਜੀ ਗੱਲਾਂ ਨੂੰ ਮਜ਼ਾਕ ਦਾ ਵਿਸ਼ਾ ਬਣਾਉਂਦੇ ਅਤੇ ਸਾਡੇ ਪ੍ਰਤੀ ਸਾਡੇ ਜਾਣਕਾਰਾਂ ਦੇ ਮਨ ਵਿਚ ਜ਼ਹਿਰ ਘੋਲਦੇ ਹਨ। ਇਹ ਸਾਥੀ ਸਾਨੂੰ ਸਾਹਮਣੇ-ਸਾਹਮਣੇ ਤਾਂ ਤਕਲੀਫ਼ ਨਹੀਂ ਦਿੰਦੇ, ਪਰ ਪਿੱਠ ਪਿੱਛੇ ਸਾਡੇ ਪੈਰਾਂ ਹੇਠੋਂ ਜ਼ਮੀਨ ਖਿਸਕਣ ਦਾ ਕਾਰਨ ਬਣ ਜਾਂਦੇ ਹਨ। ਇਹੀ ਹੈ 'ਚੱਪਲ ਵਰਗਾ ਸਾਥੀ' - ਜੋ ਸਾਥ ਦਿੰਦਾ ਹੋਇਆ ਵੀ, ਸਾਥ ਵਿਚ ਲੁਕੇ ਹੋਏ ਧੋਖੇ ਅਤੇ ਵਿਸ਼ਵਾਸਘਾਤ ਨਾਲ ਭਰਿਆ ਹੁੰਦਾ ਹੈ।

ਇਹ ਚੱਪਲ ਵਰਗੇ ਸਾਥੀ ਸਿਰਫ਼ ਦੋਸਤੀ ਤੱਕ ਸੀਮਤ ਨਹੀਂ ਰਹਿੰਦੇ। ਇਹ ਤੁਹਾਨੂੰ ਰਿਸ਼ਤਿਆਂ ਵਿਚ ਵੀ ਮਿਲਦੇ ਹਨ। ਇਹ ਤੁਹਾਡੀ ਹਰ ਉਪਲੱਬਧੀ ਉੱਤੇ ਅੰਦਰੋਂ ਸੜਦੇ ਹਨ, ਪਰ ਬਾਹਰੋਂ ਵਧਾਈਆਂ ਦੇ ਕੇ ਸਾਮਜਿਕ ਰੂਪ ਵਿਚ ਖੁਸ਼ੀ ਦਾ ਇਜ਼ਹਾਰ ਕਰਦੇ ਹਨ। ਇਹੋ ਜਿਹੇ ਲੋਕ ਸਿਰਫ਼ ਆਪਣੇ ਹਿਤਾਂ ਦੀ ਪੂਰਤੀ ਲਈ ਤੁਹਾਡੇ ਨੇੜੇ



ਆਉਂਦੇ ਹਨ। ਜਿਵੇਂ ਹੀ ਉਨ੍ਹਾਂ ਦਾ ਕੰਮ ਖ਼ਤਮ, ਉਨ੍ਹਾਂ ਦਾ ਸਾਥ ਵੀ ਖ਼ਤਮ। ਤੁਸੀਂ ਅਜਿਹੇ ਚੱਪਲ ਵਰਗੇ ਸਾਥੀਆਂ ਨੂੰ ਸਮਾਜ ਦੇ ਹਰ ਇੱਕ ਖੇਤਰ ਵਿਚ ਵੇਖ ਸਕਦੇ ਹੋ। ਕੰਮ ਕਰਦੇ ਕਰਦੇ ਕੋਈ ਅਜਿਹਾ ਵਿਅਕਤੀ ਜੋ ਤੁਹਾਡਾ ਦੋਸਤ ਬਣ ਜਾਂਦਾ ਹੈ, ਦਫਤਰ ਵਿਚ ਤੁਹਾਡੀ ਮਦਦ ਕਰਦਾ ਹੋਇਆ ਦਿਸਦਾ ਹੈ, ਪਰ ਜਿਵੇਂ ਹੀ ਤੁਹਾਡੀ ਤਰੱਕੀ ਹੋਣ ਦੀ ਸੰਭਾਵਨਾ ਬਣਦੀ ਹੈ, ਉਹ ਚੁੱਪਚਾਪ ਮਾਲਕ ਜਾਂ ਉੱਚ ਅਧਿਕਾਰੀ ਕੋਲ ਤੁਹਾਡੇ ਖ਼ਿਲਾਫ਼ ਗੱਲਾਂ ਪਹੁੰਚਾਉਣ ਵਿਚ ਲੱਗ ਜਾਂਦਾ ਹੈ। ਤੁਹਾਡੀਆਂ ਗਲਤੀਆਂ ਲੱਭ ਕੇ ਪੇਸ਼ ਕਰਨਾ, ਤੁਹਾਡੀ ਕਮੀਜ਼ 'ਤੇ ਛਿੱਟੇ ਪਾਉਣਾ ਇਨ੍ਹਾਂ ਦੀ ਆਦਤ ਹੁੰਦੀ ਹੈ।

ਇਹ ਚੱਪਲ ਵਰਗੇ ਸਾਥੀ ਤੁਹਾਡੇ ਗੁਆਂਢ ਵਿਚ ਵੀ ਹੋ ਸਕਦੇ ਹਨ। ਜਿਵੇਂ ਹੀ ਤੁਹਾਡੇ ਘਰ ਵਿਚ ਖੁਸ਼ੀ ਆਉਂਦੀ ਹੈ, ਇਹ ਪਿੱਠ ਪਿੱਛੇ ਝੂਠੀਆਂ ਗੱਲਾਂ ਨੂੰ ਹੋਰ ਰੰਗ ਲਾ ਕੇ ਫੈਲਾਉਣ ਵਿਚ ਲੱਗ ਜਾਂਦੇ ਹਨ। ਇਹ ਸਾਥੀ ਮੂੰਹ ਉੱਤੇ ਤੁਹਾਡਾ ਸਾਥੀ ਬਣ ਕੇ, ਪਿੱਠ ਪਿੱਛੇ ਤੁਸੀਂ ਕਿੰਨਾ ਕਮਾਉਂਦੇ ਹੋ, ਕਿਵੇਂ ਰਹਿੰਦੇ ਹੋ, ਕਿਹੜੀਆਂ ਲੋੜਾਂ ਪੂਰੀਆਂ ਕਰਦੇ ਹੋ, ਇਨ੍ਹਾਂ ਗੱਲਾਂ ਨੂੰ ਵਧਾ ਚੜ੍ਹਾ ਕੇ ਪੇਸ਼ ਕਰਦੇ ਹਨ। ਜੀਵਨ ਦੀ ਰਾਹਦਾਰੀ ਵਿਚ ਅਸੀਂ ਹਰ ਕਿਸੇ ਨੂੰ ਨਕਾਰ ਨਹੀਂ ਸਕਦੇ। ਪਰ ਇਹ ਜ਼ਰੂਰੀ ਹੈ ਕਿ ਅਸੀਂ ਸਮਝਦਾਰੀ ਅਤੇ ਹੋਸ਼ਿਆਰੀ ਨਾਲ ਸਾਥੀ ਚੁਣੀਏ। ਜਿਸ ਤਰ੍ਹਾਂ ਬਰਸਾਤ ਵਿਚ ਚੱਪਲ ਪਾਉਣ ਤੋਂ ਪਹਿਲਾਂ ਅਸੀਂ ਸੋਚਦੇ ਹਾਂ ਕਿ ਕਿਉਂਕਿ ਇਹ ਗੰਦੇ ਪਾਣੀ ਦੇ ਛਿੱਟੇ ਪਾ ਸਕਦੀ ਹੈ, ਤਿਵੇਂ ਸਾਥੀਆਂ ਦੀ ਚੋਣ ਕਰਦੇ ਸਮੇਂ ਵੀ ਅਸੀਂ ਸੋਚੀਏ ਕਿ ਕਿਤੇ ਇਹ ਸਾਥੀ ਸਾਡੀ ਨਿੱਤ ਨਵੀਂ ਉਜਾਲੀ ਜ਼ਿੰਦਗੀ 'ਤੇ ਕਾਲੇ ਛਿੱਟੇ ਤਾਂ ਨਹੀਂ ਪਾ ਰਹੇ।

ਸੱਚੇ ਸਾਥੀ ਉਹ ਹਨ ਜੋ ਮੌਸਮ ਦੇ ਹਰੇਕ ਰੂਪ ਵਿਚ ਸਾਥ ਨਿਭਾਉਣ। ਜਦੋਂ ਅਸੀਂ ਡਿੱਗਦੇ ਹਾਂ, ਉਹ ਸਾਨੂੰ ਚੁੱਕਣ, ਨਾ ਕਿ ਹੋਰ ਡਰਾਮੇ ਕਰਕੇ ਹਾਸੇ ਬਣਾਉਣ। ਅਜਿਹੇ ਸਾਥੀ ਜ਼ਿੰਦਗੀ ਦੀ ਦੌਲਤ ਹੁੰਦੇ ਹਨ। ਪਰ ਚੱਪਲ ਵਰਗੇ ਸਾਥੀ ਸਿਰਫ਼ ਜ਼ਿੰਦਗੀ ਦੀ ਰੁਕਾਵਟ ਬਣਦੇ ਹਨ। ਇਸ ਕਰਕੇ ਜਦੋਂ ਵੀ ਕੋਈ ਤੁਹਾਡਾ ਦੋਸਤ, ਰਿਸ਼ਤੇਦਾਰ ਜਾਂ ਸਹਿਯੋਗੀ ਤੁਹਾਡਾ ਸਾਥੀ ਬਣੇ, ਤਾਂ ਉਸ ਦੀ ਨੀਅਤ ਨੂੰ ਸਮਝੋ। ਉਸ ਦੀ ਮੰਦਭਾਵਨਾ ਨੂੰ ਸਮਝੋ। ਇਹ ਜਾਣੋ ਕਿ ਉਹ ਤੁਹਾਡੀ ਤਰੱਕੀ 'ਚ ਖੁਸ਼ ਹੁੰਦਾ ਹੈ ਜਾਂ ਝੁਰਦਾ ਹੈ। ਕਿਉਂਕਿ ਅਜਿਹੇ ਚੱਪਲ ਵਰਗੇ ਸਾਥੀ ਨਾ ਸਿਰਫ਼ ਤੁਹਾਡਾ ਸਾਥ ਨਿਭਾਉਣ ਵਿਚ ਨਾਕਾਮ ਰਹਿੰਦੇ ਹਨ, ਸਗੋਂ ਤੁਹਾਡੀ ਇਮਾਨਦਾਰੀ, ਕਿਰਦਾਰ ਅਤੇ ਪਛਾਣ 'ਤੇ ਵੀ ਛਿੱਟੇ ਪਾਉਣ ਦੇ ਯਤਨ ਕਰਦੇ ਹਨ। ਜੀਵਨ ਵਿਚ ਤਰੱਕੀ ਕਰਨੀ ਹੈ, ਤਾਂ ਝੂਠੇ ਸਾਥੀਆਂ ਦੀ ਪਹਿਚਾਣ ਕਰਨੀ ਪਵੇਗੀ। ਅਸਲ ਦੋਸਤੀਆਂ ਤੇ ਸਾਥੀਆਂ ਦੀ ਕਦਰ ਕਰਨੀ ਪਵੇਗੀ। ਚੱਪਲ ਵਰਗੇ ਸਾਥੀਆਂ ਤੋਂ ਸਾਵਧਾਨ ਰਹਿਣਾ ਪਵੇਗਾ। ਤਾਂ ਹੀ ਅਸੀਂ ਆਪਣੀ ਜ਼ਿੰਦਗੀ ਨੂੰ ਸਹੀ ਦਿਸ਼ਾ ਵਿਚ ਲੈ ਕੇ ਜਾ ਸਕਦੇ ਹਾਂ ਅਤੇ ਇਕ ਸੁਚੱਜਾ, ਨੈਤਿਕ ਅਤੇ ਵਧੀਆ ਸਮਾਜ ਦਾ ਨਿਰਮਾਣ ਕਰ ਸਕਦੇ ਹਾਂ।

ਅੰਤ ਵਿਚ, ਚੱਪਲ ਵਰਗਾ ਸਾਥੀ ਕੋਈ ਵਿਅਕਤੀ ਵਿਸ਼ੇਸ਼ ਨਹੀਂ, ਇਹ ਇਕ ਵਰਤਾਰਾ, ਇਕ ਰਵੱਈਆ ਹੈ। ਇਹ ਹਰ ਥਾਂ, ਹਰ ਰੂਪ ਵਿਚ ਤੁਹਾਡੇ ਆਲੇ-ਦੁਆਲੇ ਮੌਜੂਦ ਹੋ ਸਕਦਾ ਹੈ। ਇਹ ਤੁਹਾਡੀ ਜ਼ਿੰਦਗੀ ਦਾ ਹਿੱਸਾ ਵੀ ਬਣ ਸਕਦਾ ਹੈ। ਪਰ ਤੁਸੀਂ ਕਿੰਨੇ ਹੁਸ਼ਿਆਰ ਹੋ, ਇਹ ਤੁਹਾਡੀ ਸਮਝ ਅਤੇ ਨਜ਼ਰਾਂ 'ਤੇ ਨਿਰਭਰ ਕਰਦਾ ਹੈ। ਜੇ ਤੁਸੀਂ ਸਮਝਦਾਰੀ ਨਾਲ ਅਜਿਹੇ ਚੱਪਲ ਵਰਗੇ ਸਾਥੀਆਂ ਨੂੰ ਵਕਤ 'ਤੇ ਪਛਾਣ ਲਿਆ, ਤਾਂ ਤੁਹਾਡਾ ਜੀਵਨ ਨਾ ਸਿਰਫ਼ ਸੁੰਦਰ ਬਣੇਗਾ, ਸਗੋਂ ਉੱਚੀਆਂ ਚੋਟੀਆਂ ਨੂੰ ਛੂਹਣ ਵਾਲਾ ਹੋਵੇਗਾ।



# ਫ਼ਿਲਮ ਲੋਕ



## ਪੂਰੀ ਨਾ ਹੋਈ ਤਮੰਨਾ ਭਾਟੀਆ ਦੀ ਤਮੰਨਾ

'ਆਜ ਕੀ ਰਾਤ' ਗੀਤ ਨਾਲ ਤਮੰਨਾ ਭਾਟੀਆ ਦਾ ਜਾਦੂ ਖ਼ੂਬ ਚੱਲਿਆ ਸੀ ਤੇ ਹੁਣ ਉਹ 'ਰੇਡ-2' ਦੇ ਨਾਚ ਗੀਤ ''ਨਸ਼ਾ' ਨਾਲ ਮਨੋਰੰਜਨ ਦਾ ਨਸ਼ਾ ਬਿਖੇਰਦੀ ਨਜ਼ਰ ਆਉਣ ਵਾਲੀ ਹੈ। ਇਸ ਫ਼ਿਲਮ 'ਚ ਉਸ ਦੇ ਨਾਲ ਅਜੇ ਦੇਵਗਨ ਹੈ। ਤਮੰਨਾ ਨੇ ਕਿਹਾ ਕਿ 'ਨਸ਼ਾ' ਗੀਤ ਦੀ ਪਹਿਲੀ ਬੀਟ ਹੀ ਦਰਸ਼ਕਾਂ ਤੇ ਸਰੋਤਿਆਂ ਨੂੰ ਆਪਣੇ ਵੱਲ ਖਿੱਚਣ ਵਾਲੀ ਹੈ। 'ਹਰ ਦਿਲ ਕੀ ਏਕ ਹੀ ਤਮੰਨਾ ਯੇ ਨਸ਼ਾ ਕਭੀ ਉਤਰੇ... ਇਹ ਸ਼ਬਦ ਲਿਖ ਕੇ ਤਮੰਨਾ ਨੇ ਇੰਸਟਾਗ੍ਰਾਮ ਤੇ ਟੀ ਸੀਰੀਜ਼ ਨੂੰ ਆਪਣੇ ਨਾਲ ਜੋੜ ਕੇ ਪੋਸਟ ਪਾਈ ਹੈ। ਰਾਜ ਕੁਮਾਰ ਗੁਪਤਾ ਨਿਰੇਦਸ਼ਤ 'ਰੇਡ-2' 'ਚ ਤਮੰਨਾ ਇਸ ਗਾਣੇ 'ਚ ਬਹੁਤ ਜ਼ਿਆਦਾ ਚਮਕ-ਦਮਕ ਦਾ ਦਿਖਾਵਾ ਕਰਦੀ ਨਜ਼ਰ ਆਏਗੀ। 'ਓਡੇਲਾ-2' ਇਸ ਸਮੇਂ ਉਸ ਦੀ ਫ਼ਿਲਮ ਦੱਖਣ ਭਾਰਤ 'ਚ ਚੰਗਾ ਹੁੰਗਾਰਾ ਲੈ ਰਹੀ ਹੈ। ਬੱਤਖਾਂ ਨਾਲ ਖੇਡ ਕੇ ਇਕ ਦਿਨ ਅਜੀਬ ਅਨੁਭਵ ਪ੍ਰਾਪਤ ਕਰਨ ਵਾਲੀ ਤਮੰਨਾ ਨੇ 'ਓਡੇਲਾ-2' 'ਚ ਇਕ 'ਨਾਂਗੇ ਸਾਧੂ' ਦਾ ਕਿਰਦਾਰ ਨਿਭਾਇਆ ਹੈ ਤੇ ਇਸ ਨੂੰ ਹਕੀਕੀ ਬਣਾਉਣ ਲਈ ਤਮੰਨਾ ਨੂੰ ਧੁੱਪ ਸੇਕ ਕੇ ਰੰਗ ਕਾਲਾ ਕਰਨਾ ਪਿਆ ਕਿਉਂਕਿ ਉਹ ਬੁਹਤ ਗੋਰੀ ਹੈ। 'ਇਸਤਰੀ-2' 'ਚ ਖਾਸ ਡਾਂਸ ਨੰਬਰ 'ਤੇ ਫਿਰ ਸਭ ਕੁਝ ਸਹੀ ਤੇ ਤਮੰਨਾ ਭਾਟੀਆ ਦਾ ਸਹੀ ਸਮਾਂ ਚੱਲ ਰਿਹਾ ਹੈ। ਮੁੰਬਈ ਦੇ ਪੁਲਿਸ ਕਮਿਸ਼ਨਰ ਰਹੇ ਰਕੇਸ਼ ਮਾਰੀਆ 'ਤੇ ਬਣ ਰਹੀ ਹਕੀਕੀ ਫ਼ਿਲਮ 'ਚ ਜਾਨ ਅਬਰਾਹਮ ਦੇ ਨਾਲ ਤਮੰਨਾ ਨੂੰ ਲਿਆ ਗਿਆ ਹੈ। ਇਸ ਦੌਰਾਨ ਉਸ ਨੂੰ 'ਡੇਂਜਰ' ਫ਼ਿਲਮ ਵੀ ਮਿਲੀ ਹੈ ਤੇ ਐਨਾ ਕੰਮ ਤਾਂ ਉਸ ਕੋਲ ਤਦ ਨਹੀਂ ਸੀ, ਜਦ ਉਹ ਭਰ ਜਵਾਨੀ 'ਚ ਸੀ ਤੇ 'ਇਸਤਰੀ-2' ਉਸ ਲਈ ਭਾਗਾਂਵਾਲੀ ਫ਼ਿਲਮ ਸਾਬਤ ਹੋਈ ਹੈ। 'ਨੋ ਐਂਟਰੀ' ਦੇ ਅਗਲੇ ਭਾਗ ਲਈ ਵੀ ਤਮੰਨਾ ਦਾ ਨਾਂਅ ਲਿਆ ਜਾ ਰਿਹਾ ਹੈ। 'ਸਿੰਘਮ ਗੈਂਗ' ਨਾਲ ਉਸ ਕੋਲ ਫ਼ਿਲਮਾਂ ਹਨ, ਲੋਕ ਆਖਦੇ ਪਏ ਹਨ ਕਿ ਪਹਿਲਾਂ ਚੇਲਾ ਤੇ ਹੁਣ 'ਗੁਰੂ ਦੀ ਵਾਰੀ' ਹੈ। ਉਪਰੋਂ ਹੱਸਦੇ ਚਿਹਰੇ ਅਕਸਰ ਅੰਦਰੋਂ ਰੋਂਦੇ ਹੁੰਦੇ ਨੇ, ਤਮੰਨਾ ਨਾਲ ਵੀ ਕੁਝ ਅਜਿਹਾ ਹੀ ਹੋ ਰਿਹਾ ਹੈ ਤੇ ਐਕਟਰ ਵਿਜੈ ਨਾਲ ਉਸ ਦੀ ਬੋਲਚਾਲ ਬੰਦ ਹੈ। ਦੋਵਾਂ ਦੀ ਵਿਆਹ ਤੱਕ ਪਹੁੰਚਦੀ ਕਹਾਣੀ 'ਤੇ ਕਿਸੇ ਦੀ ਨਜ਼ਰ ਲੱਗੀ ਹੈ। ਦਰਅਸਲ ਤਮੰਨਾ ਉਸ ਨਾਲ ਸ਼ਾਦੀ ਕਰਨ ਲਈ ਕਾਹਲੀ ਹੈ ਪਰ ਵਿਜੈ ਨਹੀਂ ਮੰਨੇ। ਹੁਣ ਜਜ਼ਬਾਤੀ ਪੋਸਟਾਂ ਉਹ ਪਾ ਕੇ ਵਿਜੈ ਵਾਲਾ ਦਰਦ ਹਲਕਾ ਕਰ ਰਹੀ. ਹੈ। ਵਿਜੈ ਵਰਮਾ ਨਾਲ ਗੁਪਤ ਵਿਆਹ ਦੀਆਂ ਸਭ ਖ਼ਬਰਾਂ ਬੇਕਾਰ ਗਈਆਂ ਹਨ ਤੇ ਇਕੱਲੀ ਤਮੰਨਾ ਵਿਆਹ ਦਾ ਸੁਪਨਾ ਟੁੱਟਣ ਤੇ ਅੰਦਰੋਂ ਦੁਖੀ ਹੈ ਪਰ ਕੰਮ 'ਤੇ ਕੰਮ । ਕਾਮਯਾਬੀ ਮਿਲਣ 'ਤੇ ਬਾਹਰੋਂ ਬਹੁਤ ਖੁਸ਼ ਹੈ। ਮਤਲਬ ਇਹੀ ਕਿ ਹਰ ਹਾਸੇ ਪਿੱਛੇ ਸੌ ਅੱਥਰੂ ਛੁਪੇ ਹੁੰਦੇ ਹਨ।



## ਪਰਤ ਆਈ ਸ਼ੋਭਿਤਾ ਧੂਲੀਪਾਲਾ



ਫ਼ਿਲਮ ਸਨਅਤ ਵਿਚ ਇਕ ਗਲੈਮਰ ਅਦਾਕਾਰਾ ਦੇ ਤੌਰ 'ਤੇ ਜਾਣੀ ਜਾਂਦੀ ਸ਼ੋਭਿਤਾ ਧੂਲੀਪਾਲਾ ਦੀ ਬੜੀ ਚਰਚਾ ਹੈ। ਪਰ ਇਕ ਸਮਾਂ ਸੀ ਜਦੋਂ ਉਸ ਨੂੰ ਹਜ਼ਾਰਾਂ ਵਾਰ ਨਾਂਹ ਦਾ ਸਾਹਮਣਾ ਕਰਨਾ ਪਿਆ ਸੀ। ਇਸ ਦੀ ਡਾਰਕ ਸਕਿਨ ਟੋਨ ਦੀ ਵਜ੍ਹਾ ਕਰਕੇ ਉਸ ਨੂੰ ਕਾਫ਼ੀ ਟੋਲ ਵੀ ਕੀਤਾ ਜਾਂਦਾ ਸੀ ।ਕਈ ਦੱਖਣ ਅਤੇ ਬਾਲੀਵੁੱਡ ਫ਼ਿਲਮਾਂ ਤੋਂ ਇਲਾਵਾ ਅਨੇਕਾਂ ਵੈੱਬ ਸੀਰੀਜ਼ ਵਿਚ ਨਜ਼ਰ ਆ ਚੁੱਕੀ ਸ਼ੋਭਿਤਾ ਧੂਲੀਪਾਲਾ ਅਕਸਰ ਆਪਣੀ ਸਟਾਈਲਿਸ਼ ਦਿਖ ਦੀ ਵਜ੍ਹਾ ਨਾਲ ਚਰਚਾ ਵਿਚ ਰਹਿੰਦੀ ਹੈ। ਸਭ ਚੁਣੌਤੀਆਂ ਦਾ ਡਟ ਕੇ ਮੁਕਾਬਲਾ ਕਰਦੇ ਹੋਏ ਸ਼ੋਭਿਤਾ ਨੇ ਅੱਜ ਫ਼ਿਲਮ ਸਨਅਤ ਵਿਚ ਆਪਣੀ ਪਛਾਣ ਬਣਾ ਹੀ ਲਈ ਹੈ। ਉਸ ਦੀ ਐਕਟਿੰਗ ਅਤੇ ਫਿਟਨੈੱਸ ਦੇ ਲੱਖਾਂ ਲੋਕ ਦੀਵਾਨੇ ਹਨ।


31 ਮਈ, 1992 ਨੂੰ ਆਂਧਰਾ ਪ੍ਰਦੇਸ਼ ਦੇ ਤੇਨਾਲੀ ਵਿਚ ਇਕ ਤੇਲਗੂ ਬ੍ਰਾਹਮਣ ਪਰਿਵਾਰ ਵਿਚ ਪੈਦਾ ਹੋਈ ਅਦਾਕਾਰਾ ਸ਼ੋਭਿਤਾ ਧੂਲੀਪਾਲਾ ਦੇ ਪਿਤਾ ਮਰਚੈਂਟ ਨੇਵੀ ਵਿਚ ਸਨ ਅਤੇ ਮਾਂ ਅਧਿਆਪਕਾ ਸੀ।ਸ਼ੋਭਿਤਾ ਨੇ ਗ੍ਰੈਜੂਏਸ਼ਨ ਪੂਰੀ ਕਰਨ ਤੋਂ ਬਾਅਦ ਮਾਸਟਰ ਡਿਗਰੀ ਵਿਚ ਦਾਖਲਾ ਲਿਆ ਸੀ, ਪਰ ਉਦੋਂ ਮਾਡਲਿੰਗ ਦੀਆਂ ਕੁਝ ਪੇਸ਼ਕਸ਼ਾਂ ਆਈਆਂ , ਅਤੇ ਇਸ ਤਰ੍ਹਾਂ ਉਹ ਮੁੰਬਈ ਆ ਗਈ। ਮੁੰਬਈ ਵਿਚ ਮਾਡਲਿੰਗ ਦੌਰਾਨ ਉਸ ਨੇ ਫਿਲਮਾਂ ਲਈ ਹੋਣ ਵਾਲੇ ਆਡੀਸ਼ਨ ਲਈ ਵੀ ਜਾਣਾ ਸ਼ੁਰੂ ਕਰ ਦਿੱਤਾ ਸੀ।

ਸ਼ੋਭਿਤਾ ਨੇ ਵਿਆਹ ਤੋਂ ਬਾਅਦ ਕੁਝ ਸਮੇਂ ਲਈ ਆਪਣੇ ਕੰਮ ਤੋਂ ਬ੍ਰੇਕ ਲਿਆ ਸੀ ਪਰ ਹੁਣ ਉਹ ਇਕ ਵਾਰ ਫਿਰ ਕੰਮ 'ਤੇ ਵਾਪਸ ਆਈ ਹੈ। ਉਸ ਨੇ ਆਪਣੇ ਅਗਲੇ ਪ੍ਰੋਜੈਕਟ ਦੀ ਸ਼ੂਟਿੰਗ ਹੈਦਰਾਬਾਦ ਵਿਚ ਸ਼ੁਰੂ ਕਰ ਦਿੱਤੀ ਹੈ। ਇਸ ਤੋਂ ਇਲਾਵਾ ਉਹ ਆਲੀਆ ਭੱਟ ਦੀ ਫ਼ਿਲਮ 'ਜਿਗਰਾ' ਵਿਚ ਵੀ ਨਜ਼ਰ ਆਵੇਗੀ।

ਸ਼ੋਭਿਤਾ ਨੂੰ ਬਾਲੀਵੁੱਡ ਵਿਚ ਪਹਿਲਾ ਮੌਕਾ ਅਨੁਰਾਗ ਕਸ਼ਿਅਪ ਦੀ ਫ਼ਿਲਮ 'ਰਮਨ ਰਾਘਵ 2.0' ਤੋਂ ਮਿਲਿਆ ਸੀ। ਇਸ ਫ਼ਿਲਮ ਵਿਚ ਸ਼ੋਭਿਤਾ ਦੇ ਕੰਮ ਨੂੰ ਬੜਾ ਪਸੰਦ ਕੀਤਾ ਗਿਆ ਸੀ । ਇਸ ਤੋਂ ਬਾਅਦ ਉਸ ਨੂੰ ਸੈਫ਼ ਅਲੀ ਖਾਨ ਦੇ ਨਾਲ 'ਸੈੱਫ' ਅਤੇ 'ਕਾਲਾਕਾਂਡੀ' ਵਰਗੀਆਂ ਫ਼ਿਲਮਾਂ ਮਿਲ ਗਈਆਂ। ਤੇਲਗੂ ਫ਼ਿਲਮ 'ਗੁਡਾਚਾਰੀ' ਤੋਂ ਸ਼ੋਭਿਤਾ ਧੂਲੀਪਾਲਾ ਨੇ ਦੱਖਣ ਭਾਰਤੀ ਫ਼ਿਲਮ ਸਨਅਤ ਵਿਚ ਕਦਮ ਰੱਖਿਆ। ਇਸ ਤੋਂ ਬਾਅਦ ਉਸ ਨੇ ਮਲਿਆਲਮ ਫ਼ਿਲਮ 'ਮੂਥੋਨ', 'ਕੁਰੂਪ' ਤੋਂ ਇਲਾਵਾ ਹਿੰਦੀ ਅਤੇ ਤੇਲਗੂ ਵਿਚ ਇਕੱਠੀ ਬਣੀ ਫ਼ਿਲਮ 'ਮੇਜਰ' ਵਿਚ ਕੰਮ ਕੀਤਾ। ਵੈੱਬ ਸੀਰੀਜ਼ 'ਮੇਡ ਇਨ ਹੈਵਨ' ਅਤੇ 'ਮੇਡ ਇਨ ਹੈਵਨ-2' ਵਿਚ ਸ਼ੋਭਿਤਾ ਧੂਲੀਪਾਲਾ ਆਧੁ ਨਿਕ, ਡੇਅਰਿੰਗ ਅਤੇ ਬੋਲਡ ਅੰਦਾਜ਼ ਵਿਚ ਸੀ।

## ਸਰਬਪੱਖੀ ਕਲਾਕਾਰ ਕਾਰਤਿਕ ਆਰੀਅਨ

ਨਵੀਂ ਪੀੜ੍ਹੀ ਦੇ ਆਈਕਨ ਦੇ ਰੂਪ ਵਿਚ ਆਪਣੀ ਥਾਂ ਪੱਕੀ ਕਰ ਚੁੱਕੇ ਅਦਾਕਾਰ ਕਾਰਤਿਕ ਆਰੀਅਨ ਦੀ ਤੇਜ਼ੀ ਨਾਲ ਵਧਦੀ ਹਰਮਨਪਿਆਰਤਾ ਗ਼ਜ਼ਬ ਦੀ ਹੈ। ਲਗਦਾ ਹੈ ਕਿ ਜਿਵੇਂ ਇਨ੍ਹੀਂ ਦਿਨੀਂ ਉਹ ਆਪਣੇ ਕਰੀਅਰ ਵਿਚ ਸਫ਼ਲਤਾ ਦਾ ਆਸਮਾਨ ਛੂਹਣ ਲਈ ਨਿਕਲ ਪਿਆ ਹੈ। ਪਿਛਲੇ ਸਾਲ ਆਪਣੀਆਂ ਫ਼ਿਲਮਾਂ ਜ਼ਰੀਏ



ਉਸ ਨੇ ਸਾਬਤ ਕੀਤਾ ਸੀ ਕਿ ਉਹ ਸਿਰਫ਼ ਇਕ ਅਦਾਕਾਰ ਨਹੀਂ ਹੈ ਸਗੋਂ ਇਕ ਮਜ਼ਬੂਤ ਅੱਗੇ ਵਧਣ ਵਾਲਾ ਐਕਟਰ ਵੀ ਹੈ। ਉਸ ਦੀ ਕਲਾ ਫ਼ਿਲਮ 'ਚੰਦੂ ਚੈਂਪੀਅਨ' ਵਿਚ ਖ਼ੂਬ ਨਿਖਰ ਕੇ ਸਾਹਮਣੇ ਆਈ ਸੀ। ਬੇਸ਼ੱਕ ਉਸ ਦੀ ਇਹ ਫ਼ਿਲਮ ਟਿਕਟ ਖਿੜਕੀ 'ਤੇ ਖ਼ਾਸ ਚੱਲੀ ਨਹੀਂ ਪਰ ਫ਼ਿਲਮ ਵਿਚ ਸਰੀਰਕ ਤੌਰ 'ਤੇ ਚੁਣੌਤੀਪੂਰਨ ਕਿਰਦਾਰ ਵਿਚ ਉਸ ਨੇ ਆਲੋਚਕਾਂ ਤੋਂ ਬੇਹੱਦ ਤਾਰੀਫ਼ ਹਾਸਿਲ ਕੀਤੀ।

ਟਿਕਟ ਖਿੜਕੀ 'ਤੇ ਕ੍ਰਿਸ਼ਮਾ ਤਾਂ ਉਸ ਦੀ ਫ਼ਿਲਮ 'ਭੂਲ ਭੁਲੱਈਆ-3' ਨੇ ਕੀਤਾ ਸੀ ਜਿਸ ਨੇ ਦੁਨੀਆ ਭਰ ਵਿਚ 400 ਕਰੋੜ ਰੁਪਏ ਤੋਂ ਜ਼ਿਆਦਾ ਦੀ ਕਮਾਈ ਕੀਤੀ ਸੀ । ਇਸ ਦੇ ਨਾਲ ਹੀ ਉਹ 200 ਕਰੋੜ ਕਲੱਬ ਵਿਚ ਸ਼ਾਮਿਲ ਹੋਣ ਵਾਲਾ ਸਭ ਤੋਂ ਘੱਟ ਉਮਰ ਦੇ ਮੈਂਬਰ ਬਣ ਗਿਆ ਹੈ। ਲਗਾਤਾਰ ਟਿਕਟ ਖਿੜਕੀ 'ਤੇ ਕਾਮਯਾਬੀ ਨਾਲ ਜਿਸ ਤਰ੍ਹਾਂ ਕਾਰਤਿਕ ਆਰੀਅਨ ਆਲੋਚਕਾਂ ਤੋਂ ਤਾਰੀਫ਼ਾਂ ਹਾਸਿਲ ਕਰ ਰਿਹਾ ਹੈ, ਉਸ ਦੀ ਇਹ ਖ਼ਾਸੀਅਤ ਉਸ ਨੂੰ ਇਕ ਅਸਲੀ ਆਲ-ਰਾਊਂਡਰ ਐਕਟਰ ਬਣਾਉਂਦੀ ਹੈ। ਕਾਰਤਿਕ ਆਰੀਅਨ ਦੀਆਂ ਇਸ ਸਾਲ ਚਾਰ ਫ਼ਿਲਮਾਂ ਸਿਨੇਮਾ ਘਰਾਂ ਵਿਚ ਰਿਲੀਜ਼ ਹੋਣ ਵਾਲੀਆਂ ਹਨ। ਇਨ੍ਹਾਂ ਵਿਚ ਸੰਦੀਪ ਮੋਦੀ ਦੀ ਅਨਟਾਈਟਲ ਫ਼ਿਲਮ 'ਸ੍ਰੀਲੀਲਾ' ਦੇ ਨਾਲ ਵਾਲੀ ਅਨਟਾਈਟਲ ਫਿਲਮ ਅਤੇ ਫਿਲਮ 'ਪਤੀ ਪਤਨੀ ਔਰ ਵੋ 2 ਦੇ ਨਾਂਅ ਸ਼ਾਮਿਲ ਹਨ। ਕਾਰਤਿਕ ਆਰੀਅਨ ਅਤੇ ਫਿਲਮ 'ਪੁਸ਼ਪਾ-2 : ਦ ਰੂਲ ਦੇ ਮਹਿਜ਼ ਇਕ ਡਾਂਸ ਆਈਟਮ ਨੰਬਰ ਵਿਚ ਧੂਮ ਮਚਾ ਦੇਣ ਵਾਲੀ ਦੱਖਣ ਭਾਰਤ ਦੀ ਅਦਾਕਾਰਾ ਸ੍ਰੀਲੀਲਾ ਇਸ ਸਾਲ ਦੀਵਾਲੀ ਮੌਕੇ 'ਤੇ ਸਿਨੇਮਾ ਘਰਾਂ ਵਿਚ ਆਉਣ ਵਾਲੀ ਫ਼ਿਲਮ ਵਿਚ ਨਜ਼ਰ ਆਉਣ ਵਾਲੇ ਹਨ। ਫ਼ਿਲਮ ਦਾ ਟਾਈਟਲ ਹੁਣ ਤੱਕ ਰਿਲੀਜ਼ ਨਹੀਂ ਕੀਤਾ ਗਿਆ ਹੈ। ਇਕ ਲੰਮੇ ਸਮੇਂ ਤੋਂ ਐਕਟਰ ਕਾਰਤਿਕ ਆਰੀਅਨ ਵਲੋਂ ਉਮਰ ਵਿਚ ਉਨ੍ਹਾਂ ਤੋਂ 11 ਸਾਲ ਛੋਟੀ ਅਦਾਕਾਰਾ ਸ੍ਰੀਲੀਲਾ ਨੂੰ ਡੇਟ ਕਰਨ ਦੀਆਂ ਖ਼ਬਰਾਂ ਆ ਰਹੀਆਂ ਹਨ।

ਪਿਛਲੇ ਦਿਨੀਂ ਕਰਨ ਜੌਹਰ ਨੇ ਕਾਰਤਿਕ ਆਰੀਅਨ ਦੀ ਇਕ ਰੋਮਾਂਟਿਕ ਕਾਮੇਡੀ ਫ਼ਿਲਮ 'ਤੂ ਮੇਰੀ ਮੈਂ ਤੇਰਾ' ਦਾ ਐਲਾਨ ਕੀਤਾ ਹੈ। 150 ਕਰੋੜ ਦੇ ਬਜਟ ਨਾਲ ਬਣਨ ਵਾਲੀ ਇਸ ਫ਼ਿਲਮ ਨੂੰ ਕਰਨ ਜੌਹਰ ਦੀ ਕੰਪਨੀ ਧਰਮਾ ਪ੍ਰੋਡਕਸ਼ਨ ਨਮਾਹ ਪਿਕਚਰਜ਼ ਦੇ ਨਾਲ ਮਿਲ ਕੇ ਬਣਾ ਰਹੀ ਹੈ ਜਦ ਕਿ ਇਸ ਨੂੰ ਸਮੀਰ ਵਿਧਵਾਂਸ ਨਿਰਦੇਸ਼ਨ ਕਰ ਰਹੇ ਹਨ। ਕਾਰਤਿਕ ਦੀ ਇਹ ਫ਼ਿਲਮ ਸਾਲ 2026 ਵਿਚ ਰਿਲੀਜ਼ ਹੋਵੇਗੀ। ਮੰਨਿਆ ਜਾ ਰਿਹਾ ਹੈ ਕਿ 'ਭੂਲ ਭੁਲੱਈਆ-3' ਦੀ ਸਫ਼ਲਤਾ ਤੋਂ ਬਾਅਦ ਕਾਰਤਿਕ ਦੀ ਹਰਮਨਪਿਆਰਤਾ ਏਨੀ ਜ਼ਿਆਦਾ ਵਧ ਗਈ ਹੈ ਕਿ ਕਰਨ ਜੌਹਰ ਕਾਰਤਿਕ ਨਾਲ ਫ਼ਿਲਮ ਕਰਨ ਦੇ ਮੂਡ ਵਿਚ ਆ ਗਿਆ ਹੈ। ਕਿਹਾ ਜਾ ਰਿਹਾ ਹੈ ਕਿ ਇਸ ਫ਼ਿਲਮ ਲਈ ਕਾਰਿਤਕ ਆਰੀਅਨ ਨੂੰ 50 ਕਰੋੜ ਰੁਪਏ ਫੀਸ ਦਿੱਤੇ ਜਾਣ ਦਾ ਇਕਰਾਰ ਹੋਇਆ ਹੈ।

ਰੋਮਾਂਟਿਕ-ਕਾਮੇਡੀ ਫ਼ਿਲਮ 'ਤੂੰ ਮੇਰੀ ਮੈਂ ਤੇਰਾ' ਕਾਰਤਿਕ ਦੇ ਆਪਣੇ ਪਸੰਦੀਦਾ ਐਕਟਰ ਦੀ ਫ਼ਿਲਮ ਹੈ। ਇਸ ਲਈ ਉਹ ਇਸ ਫ਼ਿਲਮ ਨੂੰ ਲੈ ਕੇ ਬਹੁਤ ਜ਼ਿਆਦਾ ਉਤਸ਼ਾਹੀ ਹੈ। ਕਰਨ ਜੋਹਰ ਦਾ ਦਾਅਵਾ ਹੈ ਕਿ ਉਸ ਦੀ ਇਹ ਫ਼ਿਲਮ 2026 ਦੀ ਸਭ ਤੋਂ ਵੱਡੀ ਪ੍ਰੇਮ ਕਹਾਣੀ ਹਵੇਗੀ ਅਤੇ ਪ੍ਰੇਮ ਕਹਾਣੀਆਂ ਵਾਲੀਆਂ ਫ਼ਿਲਮਾਂ ਦੇ ਰੁਝਾਨ ਵਿੱਚ ਬਦਲਾਅ ਲੈ ਕੇ ਆਵੇਗੀ।

## ਅਦਾ ਸ਼ਰਮਾ ਦਾ ਨਵਾਂ ਕਿਰਦਾਰ

ਫ਼ਿਲਮ 'ਦ ਕੇਰਲਾ ਸਟੋਰੀ' ਅਤੇ 'ਬਸਤਰ : ਦ ਨਕਸਲ ਸਟੋਰੀ' ਤੋਂ ਬਾਅਦ ਪਿੱਛੇ ਜਿਹੇ ਅਦਾ ਸ਼ਰਮਾ ਦੀ ਫ਼ਿਲਮ 'ਤੁਮਕੋ ਮੇਰੀ ਕਸਮ' ਰਿਲੀਜ਼ ਹੋਈ ਹੈ। ਇਹ ਔਰਤ ਸਸ਼ਕਤੀਕਰਨ 'ਤੇ ਆਧਾਰਿਤ ਇਕ ਕਾਲ ਖੰਡ ਵਾਲੀ ਫ਼ਿਲਮ ਹੈ। ਇਸ ਫ਼ਿਲਮ ਵਿਚ ਅਨੁਪਮ ਖੇਰ, ਇਸ਼ਵਾਕ ਸਿੰਘ ਅਤੇ ਈਸ਼ਾ ਦਿਓਲ ਵੀ ਮੁੱਖ ਭੂਮਿਕਾਵਾਂ ਵਿਚ ਹਨ। ਇਸ ਫ਼ਿਲਮ ਨੂੰ ਵਿਕਰਮ ਭੱਟ ਨੇ ਨਿਰਦੇਸ਼ਨ ਕੀਤਾ ਹੈ, ਜਿਨ੍ਹਾਂ ਨੇ ਅਦਾ ਦੀ ਡੈਬਿਊ ਫ਼ਿਲਮ '1920' ਨੂੰ ਨਿਰਦੇਸ਼ਿਤ ਕੀਤਾ ਸੀ। ਪਹਿਲਾਂ ਉਸ ਨੇ ਸਾਊਥ ਭਾਰਤ ਜਾ ਕੇ 'ਹਰਟ ਅਟੈਕ', 'ਸਤਿਆਮੂਰਤੀ', 'ਸੁਬਰਮਨੀਅਮ ਫਾਰ ਸੇਲ', 'ਰਾਣਾ ਵਿਕਰਮਾ' ਅਤੇ 'ਚਾਰਲੀ ਚੈ ਫ਼ਿਨ' ਵਰਗੀਆਂ ਤਾਮਿਲ, ਤੇਲਗੂ ਅਤੇ ਕੰਨੜ ਫ਼ਿਲਮਾਂ ਕੀਤੀਆਂ ਸਨ। ਦੱਖਣ ਦੀਆਂ ਫ਼ਿਲਮਾਂ ਵਿਚ ਅਦਾ ਸ਼ਰਮਾ ਨੂੰ ਚੰਗੀ ਹਰਮਨਪਿਆਰਤਾ ਮਿਲੀ ਸੀ। ਉਥੇ ਦਰਸ਼ਕਾਂ ਵਲੋਂ ਉਸ ਨੂੰ ਚੋਟੀ ਦੀਆਂ 5 ਅਦਾਕਾਰਾਵਾਂ ਵਿਚ ਸ਼ੁਮਾਰ ਕੀਤਾ ਜਾਣ ਲੱਗਿਆ ਹੈ। ਦੂਜੇ ਪਾਸੇ ਅਦਾ ਸ਼ਰਮਾ ਨੇ 'ਫਿਰ', 'ਹਮ ਹੈਂ ਰਾਹੀ ਕਾਰ ਕੇ', 'ਹੰਸੀ ਤੋ ਫੰਸੀ', 'ਜੱਗਾ ਜਾਸੂਸ', 'ਕਮਾਂਡੋ' ਵਰਗੀਆਂ ਹਿੰਦੀ ਫ਼ਿਲਮਾਂ ਵੀ ਕੀਤੀਆਂ ਸਨ, ਪਰ ਇਥੇ ਉਹ ਸੈਕਿੰਡ ਭੂਮਿਕਾ ਵਿਚ ਅੱਗੇ ਨਹੀਂ ਵਧ ਪਾ ਰਹੀ ਸੀ।



ਫਿਰ ਅਚਾਨਕ ਸਾਲ 2023 ਵਿਚ ਅਦਾ ਸ਼ਰਮਾ ਦੀ ਫ਼ਿਲਮ 'ਦ ਕੇਰਲਾ ਸਟੋਰੀ' ਆਈ ਅਤੇ ਕਰੀਅਰ ਦੀ ਦਿਸ਼ਾ ਅਤੇ ਦਸ਼ਾ ਸਭ ਕੁਝ ਬਦਲ ਕੇ ਰੱਖ ਦਿੱਤਾ। ਇਹ ਫ਼ਿਲਮ ਉਸ ਦੇ ਕਰੀਅਰ ਦਾ ਟਰਨਿੰਗ ਪੁਆਇੰਟ ਸਾਬਤ ਹੋਈ। ਇਸ ਫ਼ਿਲਮ ਤੋਂ ਅਦਾ ਸ਼ਰਮਾ ਨੂੰ ਨਾ ਸਿਰਫ਼ ਸਨਅਤ ਵਿਚ ਪਛਾਣ ਮਿਲੀ ਸਗੋਂ ਉਹ ਰਾਤੋ-ਰਾਤ ਸਟਾਰ ਵੀ ਬਣ ਗਈ। 'ਦ ਕੇਰਲਾ ਸਟੋਰੀ' ਤੋਂ ਬਾਅਦ ਅਦਾ ਸ਼ਰਮਾ ਪਿਛਲੇ ਸਾਲ ਪ੍ਰਦਰਸ਼ਿਤ 'ਬਸਤਰ : ਦ ਨਕਸਲਾਈਟ ਸਟੋਰੀ' ਵਿਚ ਨਜ਼ਰ ਆਈ ਸੀ ਪਰ ਉਸ ਦੀ ਇਹ ਫ਼ਿਲਮ 'ਦ ਕੇਰਲਾ ਸਟੋਰੀ' ਦੀ ਤਰ੍ਹਾਂ ਕਾਮਯਾਬ ਨਹੀਂ ਹੋ ਸਕੀ।


CHANN ENTERTAINMENT
PROUDLY PRESENTS
Radio Chann Pardesi
BLUWAY Truck Sales Ltd
HYPE ENTERTAINMENT @ PUNJABI
THE GRAND TAJ
DESI RUM WITH THE TASTE OF INDIA
DEEPAK Dhillon
PREET Thind
DEBI Makhsoospuri
R Nait
AMAR Sehmbi
RAV Inder
FREE ENTRY
PUNJABI Mela 2025
JOT RANJIT KAUR (HOST)
SATURDAY 10th MAY 2025 @12PM TO 10PM
MARION COUNTY FAIRGROUNDS
7300 E TROY AVE, INDIANAPOLIS, IN
FREE JALEBI - FREE WATER - FREE SUGARCANE JUICE
IMPD SECURITY - NO ALCOHOL ALLOWED - FAMILY EVENT - ZERO TOLERANCE POLICY
MORE INFORMATION & SPONSORSHIP
KAMAL BAINS 317-407-8266
GURBAKSH RANDHAWA 317-800-2976
DARSHAN BASRAON 815-557-4991
BALJINDER SINGH (BEN) 317-702-1300
JASPREET SINGH GOLEWALA 317-410-9173
HARMANDEEP SINGH MALHI 832-833-2292
LUCKY SWAITCH 609-676-6961
PRITPAL SINGH MALHI 707-701-1501
KULWINDER SINGH BENIPAL 215-435-4899
RICK SINGH 765-513-5021
KUMAR 260-704-0576
BALRAJ SINGH 916-472-9833